ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 20 | 17 to 23 May 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਖ਼ਾਲਸਾ ਪੰਥ ਲਈ ਨਮੋਸ਼ੀ ਤੇ ਹਾਰ ਦੇ ਪਲ

## ਭਾਈ ਪੰਥਪ੍ਰੀਤ ਦੇ ਵਿਰੋਧ ਦੌਰਾਨ ਲੱਥੀਆਂ ਪੱਗਾਂ • ਫਰੈਂਕਫਰਟ ਦੇ ਗੁਰੂ ਘਰ 'ਚ ਬੂਟਾਂ ਤੇ ਹਥਿਆਰਾਂ ਨਾਲ ਦਾਖ਼ਲ ਹੋਈ ਪੁਲੀਸ

- ਇਟਲੀ ਦੀ ਅਦਾਲਤ ਨੇ ਕਿਰਪਾਨ ਪਹਿਨਣ 'ਤੇ ਲਾਈ ਪਾਬੰਦੀ
- ਗਿਆਨੀ ਗੁਰਬਚਨ ਸਿੰਘ ਬੋਲੇ-ਆਪਣੇ ਹੀ ਕਰ ਰਹੇ ਕਾਨੂੰਨੀ ਲੜਾਈ ਕਮਜ਼ੋਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਖ਼ਾਲਸਾ ਪੰਥ ਲਈ ਪਿਛਲੇ ਦੋ ਦਿਨ ਨਮੋਸ਼ੀ ਤੇ ਹਾਰ ਭਰੇ ਸਿੱਧ ਹੋਏ ਹਨ। ਇਕ ਪਾਸੇ ਫਰੈਂਕਫਰਟ ਵਿਚ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਦਾ ਵਿਰੋਧ ਕਰਦਿਆਂ ਦੋ ਧੜੇ ਆਪੋ-ਵਿਚੀਂ ਭਿੜ ਗਏ, ਜਿਸ ਕਾਰਨ ਨਾ ਸਿਰਫ਼ ਉਨ੍ਹਾਂ ਦੀਆਂ ਦਸਤਾਰਾਂ ਜ਼ਮੀਨ 'ਤੇ ਰੁਲੀਆਂ, ਸਗੋਂ ਗੁਰੂ ਘਰ ਵਿਚ ਪੁਲੀਸ ਬੂਟਾਂ ਤੇ ਹਥਿਆਰਾਂ ਨਾਲ ਦਾਖ਼ਲ ਹੋ ਗਈ। ਦੂਜੇ ਪਾਸੇ ਵਿਦੇਸ਼ਾਂ ਵਿਚ ਆਪਣੇ ਕਕਾਰਾਂ ਤੇ ਦਸਤਾਰ ਦੀ ਲੜਾਈ ਲੜ ਰਹੇ ਸਿੱਖਾਂ ਨੂੰ ਉਸ ਵੇਲੇ ਹਾਰ ਦਾ ਸਾਹਮਣਾ ਕਰਨਾ ਪਿਆ ਜਦੋਂ ਇਟਲੀ ਦੀ ਸੁਪਰੀਮ ਕੋਰਟ ਨੇ ਸਿੱਖਾਂ ਦੇ ਜਨਤਕ ਥਾਂ 'ਤੇ ਕਿਰਪਾਨ ਪਹਿਣਨ 'ਤੇ ਪਾਬੰਦੀ ਲਾ ਦਿੱਤੀ। ਇਨ੍ਹਾਂ ਦੋਹਾਂ ਘਟਨਾਵਾਂ ਨੇ ਸਿੱਖ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਹੈ। ਜਦੋਂ ਵਿਦੇਸ਼ਾਂ ਵਿਚ ਗੁਰੂ ਘਰਾਂ 'ਚ ਆਪਣਿਆਂ ਖ਼ਿਲਾਫ਼ ਹੀ ਕਿਰਪਾਨਾਂ ਲਹਿਰਾਈਆਂ ਜਾਣਗੀਆਂ ਤਾਂ ਉਥੋਂ ਦੀਆਂ ਸਰਕਾਰਾਂ ਕਿਰਪਾਨ ਦੀ ਅਹਿਮੀਅਤ ਨੂੰ ਕਿਵੇਂ ਸਮਝ ਸਕਦੀਆਂ ਹਨ। ਅੱਜ ਜਦੋਂ ਪੂਰੀ ਦੁਨੀਆ ਵਿਚ ਸਿੱਖਾਂ ਦੀ ਵੱਖਰੀ ਪਛਾਣ ਲਈ ਜਾਗਰੂਕਤਾ ਦੀਆਂ ਵੱਡੀਆਂ ਮੁਹਿੰਮਾਂ ਵਿੱਢੀਆਂ ਜਾ ਰਹੀਆਂ ਹਨ,

ਬਾਕੀ ਸਫ਼ਾ 31 'ਤੇ



ਫਰੈਂਕਫਰਟ ਦੇ ਗੁਰਦੁਆਰਾ ਸਿੱਖ ਸੈਂਟਰ ਵਿਚ ਬੂਟਾਂ ਤੇ ਹਥਿਆਰਾਂ ਸਮੇਤ ਦਾਖ਼ਲ ਹੁੰਦੇ ਪੁਲਿਸ ਮੁਲਾਜ਼ਮ

## ਇਟਲੀ : ਸਿੱਖਾਂ ਦੇ ਜਨਤਕ ਥਾਵਾਂ 'ਤੇ ਸ੍ਰੀ ਸਾਹਿਬ ਪਹਿਨਣ 'ਤੇ ਪਾਬੰਦੀ

### *ਇਥੇ ਰਹਿਣਾ ਹੈ ਤਾਂ ਸਾਡਾ ਕਾਨੂੰਨ ਮੰਨਣਾ ਪਏਗਾ : ਸੁਪਰੀਮ ਕੋਰਟ*

**ਰੋਮ, ਮਿਲਾਨ (ਇਟਲੀ)/ਬਿਊਰੋ ਨਿਊਜ਼ :** ਇਟਲੀ ਵਿਚ ਸਿੱਖਾਂ ਦੇ ਜਨਤਕ ਥਾਵਾਂ 'ਤੇ ਕਿਰਪਾਨ ਧਾਰਨ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਟਲੀ ਦੀ ਸੁਪਰੀਮ ਕੋਰਟ ਨੇ ਇਕ ਭਾਰਤੀ ਸਿੱਖ ਦੇ ਸ੍ਰੀ ਸਾਹਿਬ ਪਹਿਨਣ ਦੇ ਕੇਸ ਦੀ ਸੁਣਵਾਈ ਕਰਦਿਆਂ ਸ੍ਰੀ ਸਾਹਿਬ ਪਹਿਨਣ 'ਤੇ ਪੂਰਨ ਪਾਬੰਦੀ ਲਾ ਦਿੱਤੀ ਹੈ। ਸੁਪਰੀਮ ਕੋਰਟ ਨੇ ਇਹ ਫੈਸਲਾ ਇਕ ਭਾਰਤੀ ਸਿੱਖ ਦੇ 6 ਅਪ੍ਰੈਲ 2013 ਨੂੰ ਮਾਨਤੋਵਾ ਜ਼ਿਲ੍ਹੇ ਦੀ ਲੋਕਲ ਪੁਲੀਸ ਵਲੋਂ ਕੀਤੇ ਗਏ ਇਕ ਕੇਸ ਦੀ ਸੁਣਵਾਈ ਕਰਦਿਆਂ ਕੀਤਾ ਹੈ, ਜਿਸ ਵਿਚ ਪੁਲੀਸ ਨੇ ਇਕ ਸਿੱਖ ਨੂੰ 20 ਸੈਂਟੀਮੀਟਰ ਸ੍ਰੀ ਸਾਹਿਬ ਪਾਉਣਾ 'ਤੇ 2000 ਯੂਰੋ ਜੁਰਮਾਨਾ ਕਰ ਦਿੱਤਾ ਸੀ। ਭਾਰਤੀ ਸਿੱਖ ਨੇ ਸ੍ਰੀ ਸਾਹਿਬ ਨੂੰ ਪਹਿਨਣਾ ਆਪਣਾ ਜਮਹੂਰੀ ਹੱਕ ਦੱਸਿਆ। ਇਸ ਨੂੰ ਆਪਣੇ ਲਈ ਅਤਿ ਜ਼ਰੂਰੀ ਦੱਸਿਆ ਸੀ ਪਰ ਸੁਪਰੀਮ ਕੋਰਟ ਨੇ ਉਸ ਭਾਰਤੀ ਸਿੱਖ ਦੇ ਇਸ



ਬੇਬੁਨਿਆਦ ਦਾਅਵੇ ਨੂੰ ਮੁੱਢੋਂ ਹੀ ਖਾਰਜ ਕਰ ਦਿੱਤਾ ਹੈ ਅਤੇ ਬਾਹਰੋਂ ਆ ਕੇ ਇਟਲੀ ਵਿਚ ਵਸੇ ਵਿਦੇਸ਼ੀ ਭਾਈਚਾਰਿਆਂ ਲਈ ਵੀ ਸਖ਼ਤ ਟਿੱਪਣੀਆਂ ਕੀਤੀਆਂ ਹਨ, ਜਿਸ ਕਰਕੇ ਇਟਲੀ ਸਮੇਤ ਸਮੁੱਚੇ ਯੂਰਪ ਵਿਚ ਸਿੱਖ ਭਾਈਚਾਰੇ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਇਟਲੀ ਦੀ ਸੁਪਰੀਮ ਕੋਰਟ ਨੇ ਕਿਹਾ ਕਿ ਵਿਦੇਸ਼ੀਆਂ ਲਈ ਸਾਡੇ ਦੇਸ਼ ਦੇ ਕਾਨੂੰਨ ਦੀ ਪਾਲਣਾ ਕਰਨੀ ਜ਼ਰੂਰੀ ਹੈ, ਜਿਨ੍ਹਾਂ ਨੇ ਸਾਡੀ ਧਰਤੀ 'ਤੇ ਰਹਿਣਾ ਹੈ, ਨਹੀਂ ਤਾਂ ਆਪਣੇ ਮੂਲ ਦੇਸ਼ਾਂ ਨੂੰ ਬੜੀ ਖੁਸ਼ੀ ਨਾਲ ਵਾਪਸ ਜਾ ਸਕਦੇ ਹਨ। ਉਪਰੋਕਤ ਖ਼ਬਰ ਇਟਲੀ ਦੇ ਇਲੈਕਟ੍ਰਾਨਿਕ ਮੀਡੀਆ ਅਤੇ ਪ੍ਰਿੰਟ ਮੀਡੀਆ ਵਿਚ ਚਰਚਾ ਦਾ ਵਿਸ਼ਾ ਬਣੀ ਰਹੀ। ਇਟਲੀ ਦੀ ਸਰਬ ਉੱਚ ਅਦਾਲਤ ਨੇ ਆਪਣੀ ਟਿੱਪਣੀ ਵਿਚ ਹੋਰ ਅੱਗੇ ਕਿਹਾ ਹੈ ਕਿ ਇਟਲੀ ਵਿਚ ਦੁਨੀਆ ਦੇ ਵੱਖ-ਵੱਖ ਦੇਸ਼ਾਂ ਤੋਂ ਆਏ ਹੋਏ ਇੰਮੀਗ੍ਰਾਂਟ ਰਹਿੰਦੇ ਹਨ। ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ ਪਰ ਉਨ੍ਹਾਂ ਨੂੰ ਵੀ ਆਪਣੇ ਮੂਲ ਦੇਸ਼ਾਂ ਦੇ ਧਾਰਮਿਕ ਕਾਨੂੰਨਾਂ ਨੂੰ ਸਾਡੇ 'ਤੇ ਸਾਡੀ ਹੀ ਧਰਤੀ 'ਤੇ ਆ ਕੇ ਥੋਪਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸੁਪਰੀਮ ਕੋਰਟ ਦੇ ਜੱਜਾਂ ਦੇ ਪੈਨਲ ਨੇ ਹੋਰ ਅੱਗੇ ਕਿਹਾ ਕਿ ਸਾਡੇ ਸੰਵਿਧਾਨ ਦੇ ਆਰਟੀਕਲ ਨੰਬਰ 2 ਦੇ ਕਾਨੂੰਨ ਤਹਿਤ ਭਾਵੇਂ ਵੱਖ-ਵੱਖ ਦੇਸ਼ਾਂ ਦੇ ਬਹੁ-ਸਭਿਆਚਾਰਾਂ ਨੂੰ ਪ੍ਰਫੁੱਲਤ ਕਰਨ ਦੀ ਤਜਵੀਜ਼ ਹੈ, ਪਰ ਉਸ ਨੂੰ ਵੀ ਬਰਦਾਸ਼ਤ ਕਰਨ ਦੀ ਹੱਦ ਤੱਕ ਹੀ ਸਵੀਕਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਸਿੱਧੇ ਤੌਰ 'ਤੇ ਅਪੀਲ ਕਰਤਾ ਭਾਰਤੀ ਸਿੱਖ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਜਿੱਥੇ ਤੇਰੇ ਸਿੱਖ ਧਰਮ ਵਿਚ ਕਿਰਪਾਨ (ਸ੍ਰੀ ਸਾਹਿਬ) ਪਾਉਣ ਦਾ ਅਧਿਕਾਰ ਹੈ। ਪਰ ਉੱਥੇ ਸਾਡੇ ਸੰਵਿਧਾਨ ਦੇ ਪ੍ਰੀਮੀਅਰ ਅਧਿਕਾਰਾਂ ਤਹਿਤ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਵੀ ਆਪਣੇ ਦੇਸ਼ ਦੇ ਲੋਕਾਂ ਦੀ ਹਿਫ਼ਾਜ਼ਤ ਵਾਸਤੇ ਉਨ੍ਹਾਂ ਦੇ ਰੱਖਿਆ ਕਾਨੂੰਨਾਂ ਦੀ ਰੱਖਿਆ ਕਰੀਏ।

## ਅਣਕਿਆਸੀ ਹਾਰ ਮਗਰੋਂ ਪੈਰਾਂ-ਸਿਰ ਹੋ ਰਹੀ 'ਆਪ'

### *ਸਮੁੱਚੀ ਲੀਡਰਸ਼ਿਪ ਵਲੋਂ ਗਲਤੀਆਂ ਦਾ ਆਤਮ ਮੰਥਨ*

**ਚੰਡੀਗੜ੍ਹ/ਬਿਊਰੋ ਨਿਊਜ਼ :** ਚੋਣਾਂ ਤੋਂ ਪਹਿਲਾਂ 'ਅਗਾਉਂ ਜਿੱਤ' ਦੀਆਂ ਕਿਆਸਅਰਾਈਆਂ ਵਿਚ ਝੂਮ ਰਹੀ ਆਮ ਆਦਮੀ ਪਾਰਟੀ, ਪੰਜਾਬ ਹੁਣ ਹਾਰ ਮਗਰੋਂ ਜ਼ਮੀਨੀ ਹਕੀਕਤਾਂ ਦੇ ਰੂਬਰੂ ਹੋ ਰਹੀ ਹੈ। ਹਾਰ ਨਾ ਪਚਾ ਸਕਣ ਕਾਰਨ ਪਾਰਟੀ ਅੰਦਰ ਛਿੜੇ ਕਲੇਸ਼ ਨੂੰ ਭਗਵੰਤ ਮਾਨ ਦੇ ਸੂਬਾ ਪ੍ਰਧਾਨ ਬਣਨ ਮਗਰੋਂ ਜ਼ਰਾ ਠੱਲ੍ਹ ਪੈ ਗਈ ਹੈ। ਭਾਵੇਂ ਇਸ ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਭਗਵੰਤ ਮਾਨ ਦੀ ਤਾਜਪੋਸ਼ੀ ਤੋਂ ਨਾਰਾਜ਼ ਹੋ ਕੇ ਅਸਤੀਫ਼ਾ ਦੇ ਗਏ ਹਨ ਤੇ ਕੁਝ ਨੂੰ ਪਾਰਟੀ ਨੇ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ ਪਰ ਪਾਰਟੀ ਹਾਈ ਕਮਾਂਡ ਦੇ ਫ਼ੈਸਲਿਆਂ 'ਤੇ ਫੁੱਲ ਚੜ੍ਹਾਉਂਦਿਆਂ ਤੇ ਸਥਿਤੀਆਂ ਨੂੰ ਸਮਝਦਿਆਂ ਪੰਜਾਬ ਲੀਡਰਸ਼ਿਪ ਨੇ ਇਕਜੁੱਟ ਹੋਣ ਦਾ ਪਹਿਲੀ ਵਾਰ ਪ੍ਰਗਟਾਵਾ ਕੀਤਾ ਹੈ।

(ਇਸ ਸਬੰਧੀ ਹੋਰ ਖ਼ਬਰਾਂ ਅੰਦਰ ਸਫ਼ਾ 11 ਉੱਤੇ)

ਭਗਵੰਤ ਮਾਨ ਵਲੋਂ ਜਥੇਬੰਦਕ ਢਾਂਚ ਭੰਗ ਕਰਨ ਲਈ ਸੱਦੀ ਮੀਟਿੰਗ ਵਿਚ ਸਾਰੇ ਵਿਧਾਇਕਾਂ ਨੇ ਹਾਜ਼ਰੀ ਭਰੀ। ਪੰਜਾਬ ਵਿਚ ਦਨਦਨਾਉਂਦੀ ਫਿਰ ਰਹੀ 'ਦਿੱਲੀ ਦੀ ਫ਼ੌਜ' ਨੇ ਵੀ ਪੰਜਾਬ ਲੀਡਰਸ਼ਿਪ ਨੂੰ ਆਖ਼ਰ ਖ਼ੁਦਮੁਖਤਿਆਰੀ ਦੇ ਦਿੱਤੀ ਹੈ ਜਾਂ ਇਹ ਕਹਿ ਲਓ ਕਿ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਹੋਣਾ ਪਿਆ ਹੈ। ਪੰਜਾਬ ਦੀ ਨਵੀਂ ਇਕਾਈ ਇਕ ਮਹੀਨੇ ਦੇ ਅੰਦਰ-ਅੰਦਰ ਹੋਂਦ ਵਿਚ ਆ ਜਾਵੇਗੀ। ਸਮੁੱਚੀ ਲੀਡਰਸ਼ਿਪ ਨੇ ਹਾਰ ਦਾ ਆਤਮ ਮੰਥਨ ਕਰਦਿਆਂ ਹੁਣ ਵਿਰੋਧੀ ਧਿਰ ਦੀ

ਬਾਕੀ ਸਫ਼ਾ 31 'ਤੇ



ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਸਮੁੱਚੀ ਲੀਡਰਸ਼ਿਪ ਨਾਲ ਚੰਡੀਗੜ੍ਹ ਵਿੱਚ ਮੀਟਿੰਗ ਕਰਦੇ ਹੋਏ।

ਵਿਸ਼ੇਸ਼ ਸੂਚਨਾ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਜੈ ਸਿੰਘ
ਫੋਨ ਨੰਬਰ
510-677-2777

SAVE $2500
ON DIESEL PER TRUCK WITH
ONE CALL!

11¢
DISCOUNT
PER GALLON
✓ No more Pre-Paid Cards
✓ Get Rid of Bank Wires ✓ Low Transaction Fee
TRANS-ALLIANCE
(855) 641-6955 • (888) 795-7035
sales@trans-alliance.com • www.trans-alliance.com

JASPREET SINGH
Attorney-At-law


Loan Modification
Bankruptcy, Immigration,
Political Asylum, Deportation Defense,
Citizenship, L-I, H-I, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

Punjabi
408-272-5200

KHALSA
INSURANCE AGENCY, INC.
Khalsa Insurance Agency is among TOP 50 agencies
COVERED CALIFORNIA
OBAMACARE
Call Now for the
Lowest Health Insurance
Premiums available
Some Households
qualify for
FREE HEALTHCARE
408-272-2500


Global Visa Service

• Indian visa
• Indian passport renewals
• Oci cards
• Renunciation
• Notary services
• China visa
• Russia visa
• Brazil visa
• Providing consistent, fast and reliable Visa service to US travelers
JAY SUMMAN
415.850.9278
39271 Mission Blvd, #210, Fremont, CA 94539


THE BLACK PRINCE
THE TRUE STORY OF MAHARAJA DULEEP SINGH
A FILM BY KAVI RAZ "THE BLACK PRINCE" STARRING SATINDER SARTAAJ JASON FLEMYNG AMANDA ROOT SOPHIE STEVENS AND SHABANA AZMI MUSIC BY GEORGE KALLIS
SONGS MUSIC BY PREM & HARDEEP EDITED BY HEIDI SCHARFE JULY 21ST DIRECTOR OF PHOTOGRAPHY AARON C. SMITH WRITTEN AND DIRECTED BY KAVI RAZ
FAITH. BETRAYAL. HOPE
UNISYS


FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA
DISCOVER
AMERICAN EXPRESS


Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM



INDIAN CARE ASSOCIATION
proudly presents
GRAND SPONSORS
SHERU BHATIA
C.C. YIN
PLANTINUM SPONSORS
APCA
Bay Realtor Group
Ray Sharma, Broker
Kashmir S. Dhoot
Westley
Balbir S. Samra
Loomis
Dalwinder S.Dhoot
Lathrop
Jaspreet Singh
Attorney
ROSHAN PRINCE
MISS POOJA
HARMAN DEEP
ASHA SHARMA
BAY AREA
ਪੰਜਾਬ ਮੇਲ
Punjabi Dhaba
Vaisakhi Mela 2017
FREE ENTRY
SATURDAY • MAY 27 • 1-7PM
SOLANO COUNTY FAIRGROUNDS
900 FAIRGROUNDS DR • VALLEJO, CA 94589
GRAND SPONSORS: SHERU BHATIA • CC YIN • RADIO PUNJAB • FLAMINGO BANQUET
PLANTINUM SPONSORS: • APCA • Ray Sharma • Sikh Sport Association of U.S.A. • Jaspreet Singh Attorney • Dalwinder Singh Dhoot • Balbir S. Samra • Kashmir Singh Dhoot
GOLD SPONSORS: Amarjit Saggu • Amrish Aulakh • Amritpal Dhillon AAP • Anil Saini • Ashok & Vijay Vij (Globe Truck Center) • Bagga Palace • Baldev Basra • Balwinder Pahal • BB Insurance Agency • Bhakhari Law Firm • Bhinder Sandhu • Chamkaur Giri • Chicago Pizza • Crown Materials • David Hayer • DD Sharma • Desi Swag Inc. • Dr. Harmesh Kumar • Flamingo Palace • Gowri Kowtha • Gulinder Gill • Guri Kang • Gurjatinder S Randhawa (Realtor) • Harjit Bhangoo • Harry Sidhu • Jack Ram & Paul Ram • Jagjit Rattu (Audio House) • Jasmail Chitti • Jaspreet Singh (Attorney) • Jassi Banga • Jassie Dhillon • Jaswant Pannu • Jaswinder Boparai • Jivtesh Gill • Joe Basra • Joe Johal • Kewal Krishan • Kinny Chitkara • Kulwinder Bains • Kulwinder Dosanjh • Kulwinder Saprai • Malkit Boparai • Mangal Singh • Manraj Natt • Mike Ali • Naginder Benipal • Nannar Borthers • Navjeet Chahal • PACA • Pankaj Goswami (Jai) • Pannu Legal Services • Raj Singh • Rajinder Singh Sabi • Ram & Amarjit Matharu • Ram Saroay • Rana Uppal • Ranbir Sarkaria • Rander Bains • Randhir Bajwa • Robert Hayer/Darren Dhillon • Rocky Malhi • Sandy Mann • Sikandar Grewal • Spices For Less • Sunita Verma • Surat Pandher • Surjit Kooner • Taj Randhawa • Tirath Sahota • Walia Brothers
SILVER SONSORS: Amrik Chand • Amrik Dhami • Avi Sondhi • Bahadur Singh • Bhupinder & Balbir Sull • Charanjit Bhullar • Daljit Uppal • Dr. H.S. Ladhar • Faquria Mehmi • Hardeep Bhangu • Hardial & Kulwant Banga • Henry Walia (Express Refrigeration/Electro Freeze) • Indian Saver • Jasbir Bhullar • Kuldip Grewal • Kuldip Sidhu • Ramesh & Gyan Suman • Rana Kahlon • Shyam Sundar Vohra • Star Mechanical Inc. • Sunny Sidhu • Surinder Pal Sidhu • Swaran Sidhu • Tony Gill
ਪਰਿਵਾਰਕ ਸੱਭਿਆਚਾਰਿਕ ਮੇਲਾ ਜਿਸ ਵਿਚ ਖਾਣ ਪੀਣ ਤੋਂ ਇਲਾਵਾ ਖਰੀਦੋ ਫ਼ਰੋਖ਼ਤ ਦੇ ਸਟਾਲ ਵੀ ਹੋਣਗੇ।
ਬੱਚਿਆਂ ਦੇ ਮਨੋਰੰਜਨ ਦਾ ਖ਼ਾਸ ਪ੍ਰਬੰਧ ਹੋਵੇਗਾ।
FOR MORE INFO: 707.372.5657 • 510.715.7513
Email: indiancareassociation@gmail.com • Web: www.indiancareassociation.com

# ਕੈਲੀਫੋਰਨੀਆ ਸਿੱਖ ਸੰਗਤ ਵਲੋਂ ਸਿਕਲੀਗਰ ਸਿੱਖਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਸਰਕਾਰ ਨੂੰ ਅਪੀਲ

## ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਹਰ ਸੰਭਵ ਮਦਦ ਦੀ ਕੀਤੀ ਮੰਗ

**ਕੈਲੀਫੋਰਨੀਆ/ਬਿਊਰੋ ਨਿਊਜ਼ :** ਕੈਲੀਫੋਰਨੀਆ ਦੀ ਸਿੱਖ ਸੰਗਤ ਨੇ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿਚਲੇ ਸਿੱਖ ਸਿਕਲੀਗਰਾਂ ਦੀ ਮੰਦੀ ਹਾਲਤ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਕਈ ਮੌਕਿਆਂ 'ਤੇ ਸਿੱਖ ਸੰਸਥਾਵਾਂ ਨੇ ਉਥੋਂ ਦੀ ਅਥਾਰਟੀ ਵਲੋਂ ਸਿਕਲੀਗਰ ਸਿੱਖਾਂ 'ਤੇ ਤਸ਼ਦਦ ਦੇ ਸਵਾਲ ਉਠਾਏ ਹਨ। ਕੋਲੀਜ਼ਨ ਆਫ਼ ਗੁਰਦੁਆਰਾਜ਼ ਆਫ਼ ਕੈਲੀਫੋਰਨੀਆ ਦੇ ਬੁਲਾਰੇ ਰਮਿੰਦਰਜੀਤ ਸਿੰਘ ਸੇਖੋਂ ਅਤੇ ਡਾ. ਜਸਬੀਰ ਸਿੰਘ ਮਾਨ, ਸਿੱਖ ਫਾਰ ਪ੍ਰੀਸਰਵੇਸ਼ਨ ਆਫ਼ ਸਿੱਖਿਜ਼ਮ ਐਂਡ ਸਿੱਖ ਹੈਰੀਟੇਜ ਦੇ ਬੁਲਾਰੇ ਬਲਜੀਤ ਸਿੰਘ ਸਾਹੀ ਨੇ ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਨ੍ਹਾਂ ਸਿਕਲੀਗਰ ਸਿੱਖਾਂ ਦੀਆਂ ਸਮੱਸਿਆਵਾਂ ਦੂਰ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੱਖਾਂ ਨੂੰ ਇਨ੍ਹਾਂ ਦੇ ਹਥਿਆਰ ਬਣਾਉਣ ਦੇ ਕਿੱਤੇ ਕਾਰਨ ਪੁਲੀਸ ਵਲੋਂ ਬੇਵਜ੍ਹਾ ਨਿਸ਼ਾਨਾ ਬਣਾਇਆ ਜਾਂਦਾ ਹੈ। ਇਥੋਂ ਤੱਕ ਕਿ ਇਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਵੀ ਪ੍ਰੇਸ਼ਾਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਜਬਰੀ ਹਿੰਦੂ ਧਰਮ ਵਿਚ ਤਬਦੀਲ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਜੋ ਕਿ



ਸਿਕਲੀਗਰਾਂ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਾਮ ਸਿੰਘ, ਕਰਨੈਲ ਸਿੰਘ, ਮਹਿੰਦਰ ਸਿੰਘ ਅਤੇ ਹਰਦੀਪ ਸਿੰਘ ਭਾਟੀਆ।

ਗਣਤੰਤਰ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਵੱਡੀ ਉਲੰਘਣਾ ਹੈ। ਉਨ੍ਹਾਂ ਦੇ ਸਿੱਖੀ ਵਿਚ ਭਰੋਸੇ 'ਤੇ ਕਿਸੇ ਵੀ ਤਰ੍ਹਾਂ ਦਾ ਕਿੰਤੂ-ਪ੍ਰੰਤੂ ਨਹੀਂ ਹੋਣਾ ਚਾਹੀਦਾ। ਮੱਧ ਪ੍ਰਦੇਸ਼ ਦੀ ਪੁਲੀਸ ਸਿਕਲੀਗਰ ਪਰਿਵਾਰਾਂ ਨੂੰ ਦੂਰ-ਦੁਰਾਡੇ ਦੇ ਜੰਗਲਾਂ ਵਿਚ ਸੁੱਟ ਕੇ ਉਨ੍ਹਾਂ ਨੂੰ ਪਿੰਜਰੇ ਵਿਚ ਤਾੜਨਾ ਚਾਹੁੰਦੀ ਹੈ। ਉਨ੍ਹਾਂ ਕਿਹਾ, 'ਸਾਡੇ ਅੰਦਾਜ਼ੇ ਅਨੁਸਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਤਾਬਕ ਸਿਕਲੀਗਰ ਸਿੱਖਾਂ ਦੀ ਆਬਾਦੀ 7 ਕਰੋੜ ਤੋਂ ਵੱਧ ਹੈ, ਜਿਨ੍ਹਾਂ ਵਿਚੋਂ ਜ਼ਿਆਦਾ ਮੱਧ ਉਮਰ ਵਰਗ ਦੇ ਹਨ ਅਤੇ ਆਮਦਨ ਦੇ ਕੋਈ ਢੁਕਵੇਂ ਸਰੋਤ ਨਾ ਹੋਣ ਕਾਰਨ ਉਨ੍ਹਾਂ ਦੀਆਂ ਸਿਹਤ, ਸਿੱਖਿਆ, ਮਕਾਨ ਵਰਗੀਆਂ ਬੁਨਿਆਦੀ ਲੋੜਾਂ ਵੀ ਪੂਰੀਆਂ ਨਹੀਂ ਹੋ ਰਹੀਆਂ। ਇਸ ਲਈ ਅਸੀਂ ਪੰਜਾਬ ਸਰਕਾਰ ਨੂੰ ਸੰਯੁਕਤ ਰਾਸ਼ਟਰ ਵਲੋਂ ਤੈਅ ਮਨੁੱਖੀ ਅਧਿਕਾਰਾਂ ਤਹਿਤ ਇਨ੍ਹਾਂ ਸਿੱਖਾਂ ਦੇ ਬੁਨਿਆਦੀ ਹੱਕਾਂ ਦੀ ਰਾਖੀ ਕਰਨ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਦੀ ਅਪੀਲ ਕਰਦੇ ਹਾਂ।'

## ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਵੀ ਸਿਕਲੀਗਰਾਂ ਦੇ ਮਸਲਿਆਂ ਦੇ ਹੱਲ ਲਈ ਚਾਰ ਮੈਂਬਰੀ ਕਮੇਟੀ ਗਠਿਤ

**ਫ਼ਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੱਧ ਪ੍ਰਦੇਸ਼ ਵਿੱਚ ਸਿਕਲੀਗਰ ਸਿੱਖਾਂ ਉੱਪਰ ਹੋਏ ਹਮਲਿਆਂ ਦੀ ਜਾਂਚ ਸਬੰਧੀ ਇੱਕ ਚਾਰ ਮੈਂਬਰੀ ਕਮੇਟੀ ਬਣਾਈ ਹੈ। ਇਸ ਕਮੇਟੀ ਵਿੱਚ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਹਰਭਜਨ ਸਿੰਘ ਕਸ਼ਮੀਰੀ, ਪ੍ਰਗਟ ਸਿੰਘ, ਬਲਵੀਰ ਸਿੰਘ ਬੱਛੋਆਣਾ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਘਟਨਾ ਵਾਲੇ ਸਥਾਨ (ਮੱਧ ਪ੍ਰਦੇਸ਼) ਦਾ ਦੌਰਾ ਕਰਨ ਲਈ 17 ਮਈ ਨੂੰ ਰਵਾਨਾ ਹੋਵੇਗੀ। ਪਾਰਟੀ ਦੇ ਮੁੱਖ ਬੁਲਾਰੇ ਇਕਬਾਲ ਸਿੰਘ ਟਿਵਾਣਾ ਨੇ ਦੱਸਿਆ ਕਿ ਕਮੇਟੀ ਮੈਂਬਰ ਮੱਧ ਪ੍ਰਦੇਸ਼ ਦੇ ਸਿਕਲੀਗਰ ਸਿੱਖਾਂ ਨਾਲ ਮੁਲਾਕਾਤ ਕਰਨ ਦੇ ਨਾਲ-ਨਾਲ ਸੂਬੇ ਦੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਅਤੇ ਜ਼ਿਲ੍ਹੇ ਦੀ ਅਫ਼ਸਰਸ਼ਾਹੀ ਨਾਲ ਮੁਲਾਕਾਤ ਕਰਕੇ ਆਪਣੀ ਰਿਪੋਰਟ ਤਿਆਰ ਕਰੇਗੀ। ਇਸ ਰਿਪੋਰਟ ਬਾਅਦ ਵਿੱਚ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਸੌਂਪੀ ਜਾਵੇਗੀ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਜੋ ਜਾਂਚ ਕਮੇਟੀ ਇੰਦੌਰ ਦੇ ਗੁਰੂਘਰ ਨੂੰ ਨੁਕਸਾਨ ਪਹੁੰਚਾਉਣ ਦੀ ਤਫ਼ਤੀਸ਼ ਲਈ ਭੇਜੀ ਗਈ ਸੀ, ਉਸ ਨੇ ਆਪਣੀ ਰਿਪੋਰਟ ਤਿਆਰ ਕਰ ਲਈ ਹੈ। ਕਮੇਟੀ ਇਹ ਰਿਪੋਰਟ 15 ਮਈ ਨੂੰ ਪਾਰਟੀ ਪ੍ਰਧਾਨ ਨੂੰ ਸੌਂਪੇਗੀ।

# ਸ਼੍ਰੋਮਣੀ ਕਮੇਟੀ ਵਫ਼ਦ ਨੇ ਸਿਕਲੀਗਰ ਸਿੱਖਾਂ ਦੀਆਂ ਮੁਸ਼ਕਲਾਂ ਸੁਣੀਆਂ, ਸਮੱਸਿਆਵਾਂ ਹੱਲ ਕਰਨ ਦਾ ਦਿੱਤਾ ਭਰੋਸਾ

**ਇੰਦੌਰ/ਬਿਊਰੋ ਨਿਊਜ਼ :** ਮੱਧ ਪ੍ਰਦੇਸ਼ ਵਿੱਚ ਸਿਕਲੀਗਰ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਸੱਦੀ ਗਈ ਮਹਾਂਪੰਚਾਇਤ ਵਿਚ ਸ਼੍ਰੋਮਣੀ ਕਮੇਟੀ ਦੀ 4 ਮੈਂਬਰੀ ਟੀਮ ਸਮੇਤ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਤੇ ਹੋਰ ਸਿੱਖ ਆਗੂਆਂ ਨੇ ਸ਼ਮੂਲੀਅਤ ਕੀਤੀ ਅਤੇ ਉਨ੍ਹਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਇੰਦੌਰ ਤੋਂ ਲਗਪਗ 30 ਕਿਲੋਮੀਟਰ ਦੂਰ ਗੁਰਦੁਆਰਾ ਬੇਟਮਾ ਸਾਹਿਬ ਵਿਚ ਹੋਈ ਮੀਟਿੰਗ ਵਿੱਚ ਸਿਕਲੀਗਰ ਭਾਈਚਾਰੇ ਨੇ ਆਪਣੀਆਂ ਸਮੱਸਿਆਵਾਂ ਦੱਸੀਆਂ। ਸ਼੍ਰੋਮਣੀ ਕਮੇਟੀ ਦੀ ਚਾਰ ਮੈਂਬਰੀ ਟੀਮ ਦੀ ਅਗਵਾਈ ਕਰ ਰਹੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮ ਸਿੰਘ ਨੇ ਦੱਸਿਆ ਕਿ ਇਹ ਇੱਥੇ ਮੱਧ ਪ੍ਰਦੇਸ਼ ਦੇ ਦੂਰ ਦੁਰਾਡੇ ਅਤੇ ਜੰਗਲ ਵਾਲੇ ਇਲਾਕੇ ਵਿੱਚ ਵੱਸੇ ਹੋਏ ਹਨ। ਇਹ ਵਧੇਰੇ ਸ਼ਹਿਰੀ ਆਬਾਦੀ ਤੋਂ ਦੂਰ ਅਤੇ ਲੋੜੀਂਦੀਆਂ ਸਹੂਲਤਾਂ ਤੋਂ ਸੱਖਣੇ ਹਨ। ਗਰੀਬੀ ਅਤੇ ਅਨਪੜ੍ਹਤਾ ਵੀ ਵਧੇਰੇ ਹੈ।

ਆਮਦਨ ਦੇ ਸਰੋਤ ਘੱਟ ਹਨ। ਮੱਧ ਪ੍ਰਦੇਸ਼ ਪੁਲੀਸ ਵੱਲੋਂ ਕੇਸ ਦਰਜ ਕਰਕੇ ਇਨ੍ਹਾਂ ਦੇ ਲਗਭਗ ਢਾਈ ਦਰਜਨ ਤੋਂ ਵਧ ਬੰਦੇ ਗ੍ਰਿਫ਼ਤਾਰ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਦੇ ਕੇਸ ਦਰਜ ਕੀਤੇ ਗਏ ਹਨ, ਇਸ ਬਾਰੇ ਪਤਾ ਲਾਇਆ ਜਾ ਰਿਹਾ ਹੈ। ਧਰਮ ਤਬਦੀਲ ਕੀਤੇ ਜਾਣ ਦੀ ਚਰਚਾ ਬਾਰੇ ਉਨ੍ਹਾਂ ਆਖਿਆ ਕਿ ਮੀਟਿੰਗ ਦੌਰਾਨ ਖੁਲਾਸਾ ਹੋਇਆ ਹੈ ਕਿ ਕਿਸੇ ਵੀ ਸਿੱਖ ਵਿਅਕਤੀ ਨੇ ਧਰਮ ਤਬਦੀਲ ਨਹੀਂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁਕੰਮਲ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸੌਂਪੀ ਜਾਵੇਗੀ। ਟੀਮ ਵੱਲੋਂ ਇਹ ਸਿਫਾਰਸ਼ ਵੀ ਕੀਤੀ ਜਾਵੇਗੀ ਕਿ ਸਿੱਖਾਂ ਦੀ ਮਦਦ ਲਈ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਗੱਲਬਾਤ ਕਰਨ। ਉਨ੍ਹਾਂ ਮੱਧ ਪ੍ਰਦੇਸ਼ ਪੁਲੀਸ ਨੂੰ ਅਪੀਲ ਕੀਤੀ ਕਿ ਸਿਕਲੀਗਰ ਸਿੱਖਾਂ ਖ਼ਿਲਾਫ਼ ਦਰਜ ਕੇਸ ਵਾਪਸ ਲਏ ਜਾਣ ਤੇ ਇਨ੍ਹਾਂ ਦੇ ਮੁੜ ਵਸੇਬੇ ਲਈ ਉਪਰਾਲੇ ਕੀਤੇ ਜਾਣ।

ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਆਖਿਆ ਕਿ ਸਿਕਲੀਗਰ, ਵਣਜਾਰਾ, ਬਾਜ਼ੀਗਰ, ਸਿੰਧੀ, ਲੁਬਾਣਾ, ਰੰਘਰੇਟਾ ਸਮਾਜ ਸਾਰੇ ਸਿੱਖ ਧਰਮ ਦਾ ਹਿੱਸਾ ਹਨ। ਮਾਮਲੇ ਦੇ ਹੱਲ ਲਈ ਉਨ੍ਹਾਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਲਈ ਵੀ ਆਖਿਆ ਹੈ। ਜ਼ਿਕਰਯੋਗ ਹੈ ਕਿ ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਖਰਗੋਨ ਜ਼ਿਲ੍ਹਿਆਂ ਵਿਚ ਸਿਕਲੀਗਰਾਂ 'ਤੇ ਤਸ਼ੱਦਦ ਦੀਆਂ ਘਟਨਾਵਾਂ ਵਾਪਰੀਆਂ, ਜਿਸ ਨਾਲ ਸਾਰਾ ਪੰਥ ਸਕਤੇ ਵਿਚ ਆ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰਾਂ ਦੀ ਵਾਸਤਵਿਕਤਾ ਜਾਣਨ ਲਈ ਚਾਰ ਮੈਂਬਰੀ ਕਮੇਟੀ ਦਾ ਵਫ਼ਦ ਇਨ੍ਹਾਂ ਜ਼ਿਲ੍ਹਿਆਂ ਵਿਚ ਭੇਜਿਆ ਗਿਆ। ਇਸ ਵਫਦ ਨੇ ਲਾਲਬਾਗ ਸਿਸੋਦੀਆ, ਬਾਕਾਂਨੇਰ, ਕੂਸ਼ੀ, ਸਿੰਘਾਣਾ, ਗੁਰਦੁਆਰਾ ਬਾਰੀਆ, ਗੱਧਵਾਨੀਆ, ਸਿੰਘ ਨੂਰ, ਧਾਰ, ਖਰਗੋਨ ਜ਼ਿਲ੍ਹਿਆਂ ਦਾ ਦੌਰਾ ਕੀਤਾ ਤੇ ਸਿਕਲੀਗਰਾਂ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕੀਤੀ। ਸਿਕਲੀਗਰਾਂ ਦੇ ਪ੍ਰਤੀਨਿਧੀਆਂ ਅਨੁਸਾਰ ਉਹ ਮਿਹਨਤ ਕਰਕੇ ਆਦਰਸ਼

ਬਾਕੀ ਸਫ਼ਾ 32 'ਤੇ


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com



ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri 9am-6pm
Saturday 9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਨੌਰਵਾਕ ਸਿਟੀ ਦੇ ਮੇਅਰ ਨੇ ਵਿਸਾਖੀ ਨੂੰ 'ਨੈਸ਼ਨਲ ਸਿੱਖ ਡੇਅ' ਐਲਾਨਿਆ





**ਨੌਰਵਾਕ/ਬਿਊਰੋ ਨਿਊਜ਼ :**
ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਵੱਲੋਂ ਵਿਸਾਖੀ ਨੂੰ ਅਮਰੀਕਾ ਦਾ 'ਨੈਸ਼ਨਲ ਸਿੱਖ ਡੇਅ' ਨਿਰਧਾਰਿਤ ਕਰਾਉਣ ਦੇ ਕੀਤੇ ਤਰੱਦਦ ਨੂੰ ਪੂਰੇ ਅਮਰੀਕਾ ਵਿਚ ਬੂਰ ਪੈਣਾ ਸ਼ੁਰੂ ਹੋ ਗਿਆ ਹੈ। ਕਨੈਕਟੀਕਟ ਸੂਬੇ ਦੀ ਨੌਰਵਾਕ ਸਿਟੀ ਦੇ ਮੇਅਰ ਨੇ ਸਿਟੀ ਕੌਂਸਲ ਦੇ ਹਾਊਸ ਵਿਚ ਨਾਨਕਸ਼ਾਹੀ ਕਲੰਡਰ ਅਨੁਸਾਰ ਵਿਸਾਖੀ ਨੂੰ 'ਨੈਸ਼ਨਲ ਸਿੱਖ ਡੇਅ' ਨਿਰਧਾਰਿਤ ਕਰ ਦਿੱਤਾ। 'ਨੈਸ਼ਨਲ ਸਿੱਖ ਡੇਅ' ਨਿਰਧਾਰਿਤ ਕਰਨ ਵੇਲੇ ਮੇਅਰ ਹੈਰੀ ਡਬਲਿਊ ਰਾਈਲਿੰਗ ਨੇ ਬਾਕਾਇਦਾ 'ਐਲਾਨ ਪੱਤਰ' ਜਾਰੀ ਕੀਤਾ। ਨੌਰਵਾਕ ਸਿਟੀ ਦੇ ਮੇਅਰ ਵੱਲੋਂ ਇਹ ਐਲਾਨ ਕਰਾਉਣ ਵਿਚ ਵਿਸ਼ੇਸ਼ ਕਰ ਕੇ ਨੌਰਵਾਕ ਸਿੱਖ ਟੈਂਪਲ ਦੇ ਪ੍ਰਧਾਨ ਪ੍ਰਸ਼ੋਤਮ ਸਿੰਘ ਗੁਲਾਟੀ, ਕਮਿਸ਼ਨ ਆਫ਼ ਸਿਟੀ ਪਲਾਨ ਨੌਰਵਿੱਚ ਦੇ ਮੈਂਬਰ ਸਵਰਨਜੀਤ ਸਿੰਘ ਖ਼ਾਲਸਾ, ਨੌਰਵਾਕ ਗੁਰਦੁਆਰਾ ਸਾਹਿਬ ਦੇ ਸਕੱਤਰ ਵੀਰ ਸਿੰਘ, ਨੌਰਵਾਕ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਸਤਿੰਦਰਪਾਲ ਸਿੰਘ ਰਿੰਕੂ, ਕਿਰਤ ਕੌਰ ਨੌਰਵਾਕ, ਨੌਰਵਾਕ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜੈ ਕਿਸ਼ਨ ਸਿੰਘ ਨੇ ਵਿਸ਼ੇਸ਼ ਕਾਰਜ ਕੀਤਾ। ਇਸ ਵੇਲੇ ਹਮਦੇਨ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮਨਮੋਹਨ ਸਿੰਘ ਭਰਾਰਾ, ਮੰਗਾ ਸਿੰਘ ਨੌਰਵਿੱਚ ਸਿਟੀ ਵੀ ਹਾਜ਼ਰ ਸਨ। ਇਸ ਵੇਲੇ 140 ਤੋਂ ਵੱਧ ਗੁਰਦੁਆਰਾ ਸਾਹਿਬ ਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਗਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਵੇਲੇ ਨੌਰਵਾਕ ਸਿਟੀ ਕੌਂਸਲ ਦੇ ਮੈਂਬਰ ਵੀ ਹਾਜ਼ਰ ਸਨ। ਮੇਅਰ ਵੱਲੋਂ ਜਾਰੀ ਐਲਾਨਨਾਮੇ ਵਿਚ ਵਿਸ਼ੇਸ਼ ਤੌਰ 'ਤੇ ਸਿੱਖ ਧਰਮ ਬਾਰੇ ਵੀ ਜਾਣਕਾਰੀ ਦਿੱਤੀ ਹੈ ਜਿਸ ਵਿਚ ਲਿਖਿਆ ਹੈ ਕਿ ਸਿੱਖ ਕੌਮ ਵੱਖਰੀ ਕੌਮ ਹੈ। ਜਿਸ ਦੇ ਗੁਰਦੁਆਰਾ ਸਾਹਿਬਾਨ ਵਿਚ ਸੇਵਾ ਭਾਵਨਾ ਸਹਿਤ ਹਰ ਵੇਲੇ ਮੁਫ਼ਤ ਲੰਗਰ ਦੀ ਸੇਵਾ ਚਲਦੀ ਰਹਿੰਦੀ ਹੈ। ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਨੇ 1699 ਨੂੰ ਖ਼ਾਲਸਾ ਕੌਮ ਦੀ ਸਾਜਨਾ ਕੀਤੀ ਸੀ, ਖ਼ਾਲਸਾ ਕੌਮ ਦੇ ਸਿੱਖ ਦੁਨੀਆ ਦੇ ਹਰ ਕੋਨੇ ਵਿਚ ਵੱਸਦੇ ਹਨ ਤੇ ਇਨ੍ਹਾਂ ਦੀ ਵੱਖਰੀ ਪਹਿਚਾਣ ਹੈ। ਮੇਅਰ ਹੈਰੀ ਡਬਲਿਊ ਨੇ ਕਿਹਾ ਕਿ ਇਹ ਐਲਾਨ ਕਰਦੇ ਹੋਏ ਉਨ੍ਹਾਂ ਨੂੰ ਬੇਹੱਦ ਖ਼ੁਸ਼ੀ ਹੋ ਰਹੀ ਹੈ। ਸ. ਹਿੰਮਤ ਸਿੰਘ ਨੇ ਕਿਹਾ ਕਿ ਸਾਡੇ ਵੱਲੋਂ ਸ਼ੁਰੂ ਕੀਤੇ ਸਫ਼ਰ ਨੂੰ ਸਫਲਤਾ ਹਾਸਲ ਹੋ ਰਹੀ ਹੈ, ਹੁਣ ਉਨ੍ਹਾਂ ਦਾ ਅਗਲਾ ਕਦਮ ਵਿਸਾਖੀ ਨੂੰ ਵਰਲਡ ਸਿੱਖ ਡੇਅ ਨਿਰਧਾਰਿਤ ਕਰਾਉਣ ਲਈ ਦੁਨੀਆ ਭਰ ਦੇ ਸਿੱਖਾਂ ਨੂੰ ਇਕੱਠਾ ਕਰਨਗੇ। ਇਸ ਵੇਲੇ ਕਮਿਸ਼ਨ ਆਫ਼ ਸਿਟੀ ਪਲਾਨ ਨੌਰਵਿੱਚ ਦੇ ਮੈਂਬਰ ਸਵਰਨਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਵਿਸਾਖੀ ਸਿੱਖਾਂ ਦਾ ਜਨਮ ਦਿਨ ਹੈ, ਇਸ ਕਰ ਕੇ ਇਹ ਸਿੱਖਾਂ ਦਾ ਦਿਵਸ ਹੈ ਇਸ ਨੂੰ ਦੁਨੀਆ ਭਰ ਵਿਚ ਮਾਨਤਾ ਦਿਵਾਉਣ ਲਈ ਹਰ ਤਰ੍ਹਾਂ ਦਾ ਕਾਰਜ ਕੀਤਾ ਜਾਵੇਗਾ।

## ਖ਼ਾਲਸਾ ਦਿਵਸ ਸਮਾਰੋਹ 'ਚ ਟਰੂਡੋ ਦੀ ਹਾਜ਼ਰੀ ਤੋਂ ਭਾਰਤ ਔਖਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਨੇ ਸੰਕੇਤ ਦਿੱਤਾ ਕਿ ਉਸ ਨੇ ਟੋਰਾਂਟੋ ਵਿੱਚ ਖ਼ਾਲਸਾ ਦਿਵਸ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਮੌਜੂਦਗੀ ਦਾ ਮੁੱਦਾ ਕੈਨੇਡਾ ਕੋਲ ਚੁੱਕਿਆ ਸੀ। ਇਸ ਪ੍ਰੋਗਰਾਮ ਵਿੱਚ ਉਨ੍ਹਾਂ ਦੋ ਕਾਨੂੰਨਸਾਜ਼ਾਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ 'ਕਤਲੇਆਮ' ਗਰਦਾਨਣ ਲਈ ਓਂਟਾਰੀਓ ਅਸੈਂਬਲੀ ਵਿੱਚ ਮਤਾ ਪਾਸ ਕਰਵਾਇਆ।

## ਸਿੱਖ ਕਤਲੇਆਮ : ਕੈਦੀ ਬਲਵਾਨ ਖੋਖਰ ਦੀ ਜ਼ਮਾਨਤ ਮਨਜ਼ੂਰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ 1984 ਸਿੱਖ ਕਤਲੇਆਮ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਬਲਵਾਨ ਖੋਖਰ ਨੂੰ ਹਫ਼ਤੇ ਲਈ ਜ਼ਮਾਨਤ ਦੇ ਦਿੱਤੀ ਹੈ। ਕਾਰਜਕਾਰੀ ਚੀਫ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ ਦੀ ਬੈਂਚ ਨੇ ਸਾਬਕਾ ਕਾਂਗਰਸੀ ਕੌਂਸਲਰ ਬਲਵਾਨ ਖੋਖਰ ਨੂੰ ਪਤਨੀ ਦੀ ਦੇਖਭਾਲ ਲਈ ਹਫ਼ਤੇ ਦੀ ਜ਼ਮਾਨਤ ਦਿੱਤੀ ਹੈ, ਜਿਸ ਦਾ 15 ਮਈ ਨੂੰ ਏਮਜ਼ ਵਿੱਚ ਅਪਰੇਸ਼ਨ ਹੋਣਾ ਹੈ। ਖੋਖਰ ਨੇ ਆਪਣੀ ਪਤਨੀ ਦੀ ਦੇਖਭਾਲ ਲਈ ਦੋ ਮਹੀਨੇ ਦੀ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ, ਜਦੋਂਕਿ ਹਾਈ ਕੋਰਟ ਨੇ ਉਸ ਨੂੰ ਹਫ਼ਤੇ ਦੀ ਜ਼ਮਾਨਤ ਹੀ ਦਿੱਤੀ ਹੈ। ਗ਼ੌਰਤਲਬ ਹੈ ਕਿ ਖੋਖਰ ਸਿੱਖ ਕਤਲੇਆਮ ਕੇਸ ਵਿੱਚ ਉਮਰ ਕੈਦ ਭੁਗਤ ਰਿਹਾ ਹੈ। ਉਸ ਨੇ ਸਾਥੀਆਂ ਸਮੇਤ ਮਈ 2013 ਵਿੱਚ ਹੇਠਲੀ ਅਦਾਲਤ ਵਿੱਚ ਸਜ਼ਾ ਬਾਰੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਹੇਠਲੀ ਅਦਾਲਤ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ, ਜਦੋਂਕਿ ਖੋਖਰ ਤੇ ਕੁਝ ਹੋਰਾਂ ਨੂੰ ਰਾਹਤ ਨਹੀਂ ਮਿਲੀ ਸੀ।

# ਅੰਮ੍ਰਿਤਧਾਰੀ ਜਗਮੀਤ ਸਿੰਘ ਹੋਣਗੇ ਓਨਟਾਰੀਓ ਪਾਰਟੀ ਆਗੂ ਦੀ ਦੌੜ 'ਚ ਸ਼ਾਮਲ



**ਟੋਰਾਂਟੋ/ਬਿਊਰੋ ਨਿਊਜ਼ :**
ਬਰੈਂਪਟਨ ਦੇ ਧੜੱਲੇਦਾਰ ਐਮਐਲਏ ਅਤੇ ਓਨਟਾਰੀਓ ਸੂਬਾਈ ਡੈਮੋਕਰੇਟਿਕ ਪਾਰਟੀ ਦੇ ਡਿਪਟੀ ਲੀਡਰ ਜਗਮੀਤ ਸਿੰਘ ਹੁਣ ਪਾਰਟੀ ਦੇ ਕੌਮੀ ਪੱਧਰ ਦੇ ਨੇਤਾ ਬਣਨ ਦੀ ਦੌੜ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਉਸ ਤੋਂ ਇਲਾਵਾ ਚਾਰ ਹੋਰ ਉਮੀਦਵਾਰ ਇਸ ਲੀਡਰਸ਼ਿਪ ਦੀ ਦੌੜ ਵਿਚ ਸ਼ਾਮਲ ਹਨ। ਸੂਤਰਾਂ ਮੁਤਾਬਕ ਉਹ ਆਪਣੇ ਇਸ ਫ਼ੈਸਲੇ ਦਾ ਜਨਤਕ ਤੌਰ 'ਤੇ ਐਲਾਨ ਅਗਲੇ ਹਫ਼ਤੇ ਵਿਸ਼ੇਸ਼ ਇਕੱਠ ਦੌਰਾਨ ਕਰਨਗੇ।

ਪੇਸ਼ੇਵਰ ਵਕੀਲ 38 ਸਾਲਾ ਅੰਮ੍ਰਿਤਧਾਰੀ ਜਗਮੀਤ ਸਿੰਘ 2011 ਵਿਚ ਸੂਬਾਈ ਸਿਆਸਤ ਵਿਚ ਆਏ ਅਤੇ ਪਹਿਲੀ ਵਾਰ 2015 ਵਿਚ ਸੂਬਾਈ ਐਨਡੀਪੀ ਦੇ ਡਿਪਟੀ ਲੀਡਰ ਬਣੇ।

ਜ਼ਿਕਰਯੋਗ ਹੈ ਕਿ ਜਗਮੀਤ ਸਿੰਘ ਨੇ ਸੂਬਾਈ ਚੋਣ ਮੁਹਿੰਮ ਦੌਰਾਨ ਜਾਤ-ਪਾਤ ਦੀ ਬਰਾਬਰਤਾ ਜਤਾਉਣ ਲਈ ਆਪਣਾ 'ਗੋਤ' ਧਾਲੀਵਾਲ ਆਪਣੇ ਨਾਮ ਨਾਲੋਂ ਹਟਾ ਦਿੱਤਾ ਸੀ। ਸੂਬਾਈ ਪਾਰਟੀ ਪ੍ਰਧਾਨ ਐਂਡਰੀਆ ਹੌਰਵਥ ਨੇ ਆਖਿਆ ਕਿ ਜਗਮੀਤ ਸਿੰਘ ਆਪਣੇ ਕੰਮਾਂ ਵਿਚ ਸੁਹਿਰਦਤਾ ਕਾਰਨ ਪਾਰਟੀ ਦੀ 'ਤਾਕਤ' ਬਣਿਆ ਹੈ। ਸਿਆਸਤ ਤੋਂ ਇਲਾਵਾ ਉਸ ਦਾ ਨਾਮ 'ਲਾਈਫ ਮੈਗਜ਼ੀਨ' ਵਿਚ ਟੋਰਾਂਟੋ ਦਾ 'ਵਧੀਆ ਪਹਿਰਾਵੇ ਵਾਲਾ' ਅਤੇ 'ਸਿਖ਼ਰਲੇ 50 ਲੋਕਾਂ' ਦੀ ਸੂਚੀ ਵਿੱਚ ਆਇਆ ਹੈ।

# ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਖ਼ਿਲਾਫ਼ ਬੇਭਰੋਸਗੀ ਮਤਾ ਰੱਦ



**ਟੋਰਾਂਟੋ/ਬਿਊਰੋ ਨਿਊਜ਼ :** ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਉਸ ਵਕਤ ਭਾਰੀ ਰਾਹਤ ਮਿਲੀ ਜਦ ਵਿਰੋਧੀ ਧਿਰ ਵਲੋਂ ਪਾਰਲੀਮੈਂਟ ਦੇ ਹਾਊਸ ਆਫ ਕਾਮਨਜ਼ (ਲੋਕ ਸਭਾ) ਵਿੱਚ ਲਿਆਂਦਾ ਗਿਆ ਬੇਭਰੋਸਗੀ ਮਤਾ ਬਹੁ-ਗਿਣਤੀ ਸੰਸਦ ਮੈਂਬਰਾਂ ਨੇ ਵੋਟਾਂ ਪਾ ਕੇ ਰੱਦ ਕਰ ਦਿੱਤਾ। ਬਹੁਮਤ ਪ੍ਰਾਪਤ ਸੱਤਾਧਾਰੀ ਲਿਬਰਲ ਪਾਰਟੀ ਦੇ (ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ) 171 ਸੰਸਦ ਮੈਂਬਰਾਂ ਨੇ ਡੱਟ ਕੇ ਸ. ਸੱਜਣ ਦਾ ਸਾਥ ਦਿੱਤਾ ਜਦਕਿ ਕੰਜ਼ਰਵੇਟਿਵ ਪਾਰਟੀ ਦੇ ਜੇਮਜ਼ ਬੇਜ਼ਨ ਨੇ ਮਤਾ ਲਿਆਂਦਾ ਸੀ, ਜਿਸ ਦੀ ਨਿਊ ਡੈਮੋਕਰੇਟਿਕ ਪਾਰਟੀ ਨੇ ਹਮਾਇਤ ਕੀਤੀ ਸੀ। ਮਤੇ ਦੇ ਹੱਕ ਵਿੱਚ ਕੁਲ 122 ਵੋਟਾਂ ਪਈਆਂ ਜਦਕਿ ਸ. ਸੱਜਣ ਅਤੇ ਲਿਬਰਲ ਪਾਰਟੀ ਦੇ ਹੱਕ ਵਿੱਚ ਗਰੀਨ ਪਾਰਟੀ ਅਤੇ ਆਜ਼ਾਦ ਸੰਸਦ ਮੈਂਬਰ ਭੁਗਤੇ। ਬੀਤੀ 18 ਅਪ੍ਰੈਲ ਨੂੰ ਨਵੀਂ ਦਿੱਲੀ ਵਿਖੇ ਭਾਸ਼ਣ ਦਿੰਦੇ ਸਮੇਂ ਸ. ਸੱਜਣ 2006 ਵਿਚ ਅਫਗਾਨਿਸਤਾਨ ਵਿੱਚ ਤਾਲਿਬਾਨਾਂ ਖਿਲਾਫ ਕੀਤੇ ਗਏ ਫੌਜੀ ਅਪ੍ਰੇਸ਼ਨ ਦੌਰਾਨ ਨਿਭਾਈ ਆਪਣੀ ਭੂਮਿਕਾ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਗਏ ਸਨ ਜਿਸ ਮਗਰੋਂ ਉਨ੍ਹਾਂ ਨੂੰ ਕੈਨੇਡਾ ਦੀ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਤਿੱਖੇ ਤੇਵਰਾਂ ਦਾ ਸਾਹਮਣਾ ਬਣਿਆ ਹੋਇਆ ਹੈ।

# ਸਾਕਾ ਨੀਲਾ ਤਾਰਾ 'ਚ ਬਰਤਾਨਵੀ ਸਰਕਾਰ ਦੀ ਭੂਮਿਕਾ ਨੂੰ ਲੇਬਰ ਪਾਰਟੀ ਨੇ ਮੁੱਦਾ ਬਣਾਇਆ

## ਬਰਤਾਨਵੀ ਸਿੱਖਾਂ 'ਤੇ ਲੱਗੀਆਂ ਪਾਬੰਦੀਆਂ ਬਾਰੇ ਵੀ ਜਾਂਚ ਦਾ ਭਰੋਸਾ

**ਲੰਡਨ/ਬਿਊਰੋ ਨਿਊਜ਼ :** ਯੂ.ਕੇ. ਦੀਆਂ 8 ਜੂਨ ਨੂੰ ਆ ਰਹੀਆਂ ਆਮ ਚੋਣਾਂ ਲਈ ਲੇਬਰ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਸਾਕਾ ਨੀਲਾ ਤਾਰਾ ਵਿਚ ਬਰਤਾਨਵੀ ਸਰਕਾਰ ਦੀ ਭੂਮਿਕਾ ਬਾਰੇ ਨਿਰਪੱਖ ਜਾਂਚ ਕਰਵਾਉਣ ਦੇ ਮੁੱਦੇ ਨੂੰ ਵੀ ਸ਼ਾਮਲ ਕੀਤਾ ਹੈ। ਲੇਬਰ ਪਾਰਟੀ ਨੇ ਚੋਣ ਮੈਨੀਫੈਸਟੋ ਵਿਚ ਸਿੱਖਾਂ ਨਾਲ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵੱਲੋਂ ਕੀਤੇ ਹਮਲੇ ਅਤੇ ਨਵੰਬਰ 1984 ਵਿਚ ਭਾਰਤ ਵਿਚ ਸਿੱਖਾਂ ਦੇ ਕੀਤੇ ਕਤਲੇਆਮ ਦੀ ਨਿਰਪੱਖ ਜਾਂਚ ਕਰਵਾਉਣ ਦਾ ਵਾਅਦਾ ਕੀਤਾ ਹੈ। ਇਸ ਦੇ ਨਾਲ ਉਸ ਸਮੇਂ ਬਰਤਾਨਵੀ ਸਿੱਖਾਂ 'ਤੇ ਲੱਗੀਆਂ ਪਾਬੰਦੀਆਂ ਬਾਰੇ ਵੀ ਜਾਂਚ ਹੋਵੇਗੀ। ਲੇਬਰ ਪਾਰਟੀ ਦੇ ਡਿਪਟੀ ਲੀਡਰ ਟੌਮ ਵਾਟਸਨ ਨੇ ਕਿਹਾ ਹੈ ਕਿ ਯੂ.ਕੇ. ਵਿਚ ਵੱਸਦੇ ਵੱਡੀ ਗਿਣਤੀ ਵਿਚ ਸਿੱਖ ਜਿਨ੍ਹਾਂ ਵਿਚ ਉਨ੍ਹਾਂ ਦੇ ਹਲਕੇ ਦਾ ਸਿੱਖ ਭਾਈਚਾਰਾ ਵੀ ਸ਼ਾਮਲ ਹੈ, ਸਾਕਾ ਨੀਲਾ ਤਾਰਾ ਵਿਚ ਯੂ.ਕੇ. ਦੀ ਭੂਮਿਕਾ ਬਾਰੇ ਜਾਣ ਕੇ ਹੈਰਾਨ ਹੋ ਗਏ ਸਨ। ਇਸ ਬਾਰੇ ਉਦੋਂ ਪਤਾ ਲੱਗਾ ਜਦੋਂ ਸਰਕਾਰ ਦੇ ਕੁਝ ਦਸਤਾਵੇਜ਼ ਜਾਰੀ ਹੋਏ ਪਰ ਦੂਜੇ ਦਸਤਾਵੇਜ਼ ਅਜੇ ਵੀ ਲੁਕੇ ਹੋਏ ਹਨ। ਸ਼ੈਡੋ ਖਜ਼ਾਨਾ ਮੰਤਰੀ ਜੌਹਨ ਮੈਕਡੌਨਲ ਨੇ ਕਿਹਾ ਹੈ ਕਿ ਬਰਤਾਨਵੀ ਸਿੱਖਾਂ ਦੀ ਯੂ.ਕੇ. ਦੇ ਸਭਿਆਚਾਰ ਅਤੇ ਆਰਥਿਕ ਜ਼ਿੰਦਗੀ ਵਿਚ ਬਹੁਤ ਵੱਡੀ ਦੇਣ ਹੈ। ਮੈਨੂੰ ਮਾਣ ਹੈ ਕਿ ਸਾਡੇ ਲੇਬਰ ਚੋਣ ਮਨੋਰਥ ਪੱਤਰ ਵਿਚ 1984 ਸਿੱਖ ਕਤਲੇਆਮ ਦੀ ਜਾਂਚ ਦੇ ਵਾਅਦੇ ਨੂੰ ਰੱਖਿਆ ਗਿਆ ਹੈ। ਸਿੱਖ ਫਾਰ ਲੇਬਰ ਦੇ ਗੁਰਿੰਦਰ ਸਿੰਘ ਜੋਸਨ ਨੇ ਕਿਹਾ ਹੈ ਕਿ ਲੇਬਰ ਪਾਰਟੀ ਵੱਲੋਂ ਚੋਣ ਮਨੋਰਥ ਪੱਤਰ ਵਿੱਚ ਸਿੱਖਾਂ ਦੇ ਇਸ ਅਹਿਮ ਮਸਲੇ ਨੂੰ ਲਿਆਉਣ ਦਾ ਸਵਾਗਤ ਹੈ। ਜ਼ਿਕਰਯੋਗ ਹੈ ਕਿ ਸਿੱਖ ਫਾਰ ਲੇਬਰ ਗਰੁੱਪ ਦੇ ਉੱਦਮ ਨਾਲ ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ, ਸਿੱਖ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਲੇਬਰ ਪਾਰਟੀ ਦੇ ਆਗੂਆਂ ਨਾਲ ਹੋਈ ਮੀਟਿੰਗ ਦਾ ਹੀ ਇਹ ਨਤੀਜਾ ਹੈ। ਇੰਗਲੈਂਡ ਦੀਆਂ ਸਿੱਖ ਜਥੇਬੰਦੀਆਂ ਸਮੇਂ-ਸਮੇਂ ਇਸ ਗੱਲ ਦੀ ਮੰਗ ਕਰਦੀਆਂ ਆ ਰਹੀਆਂ ਹਨ ਕਿ ਇਸ ਮਾਮਲੇ ਦੀ ਤਹਿ ਤੱਕ ਜਾਇਆ ਜਾਵੇ ਕਿ ਆਖਰ ਪੂਰਾ ਮਾਮਲਾ ਕੀ ਹੈ।



ਟੌਮ ਵਾਟਸਨ ਅਤੇ ਜੌਹਨ ਮੈਕਡਾਨਲ

When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਜਗਜੀਤ ਸਿੰਘ ਦੀ ਹੱਤਿਆ ਨੂੰ ਨਸਲੀ ਅਪਰਾਧ ਵਜੋਂ ਘੋਖ ਰਹੀ ਹੈ ਪੁਲੀਸ

**ਨਿਊਯਾਰਕ/ ਬਿਊਰੋ ਨਿਊਜ਼**, ਕੈਲੀਫੋਰਨੀਆ ਪੁਲੀਸ ਜਗਜੀਤ ਸਿੰਘ (32) ਦੀ ਹੱਤਿਆ ਦਾ ਮਾਮਲਾ ਨਸਲੀ ਅਪਰਾਧ ਦੇ ਨਜ਼ਰੀਏ ਨਾਲ ਕਰ ਰਹੀ ਹੈ। ਪੰਜਾਬ ਤੋਂ ਕਰੀਬ ਡੇਢ ਕੁ ਸਾਲ ਪਹਿਲਾਂ ਅਮਰੀਕਾ ਗਏ ਜਗਜੀਤ ਸਿੰਘ ਦੀ ਉਸ ਸਮੇਂ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਦੋਂ ਉਸ ਨੇ ਸਟੋਰ 'ਤੇ ਇੱਕ ਵਿਅਕਤੀ ਨੂੰ ਜਾਇਜ਼



ਪਛਾਣ ਪੱਤਰ ਨਾ ਹੋਣ 'ਤੇ ਸਿਗਰਟਾਂ ਵੇਚਣ ਤੋਂ ਮਨ੍ਹਾ ਕਰ ਦਿੱਤਾ ਸੀ। ਜਗਜੀਤ ਸਿੰਘ ਕੈਲੀਫੋਰਨੀਆ ਦੇ ਮੋਡੈਸਟੋ ਸ਼ਹਿਰ ਵਿਚ ਹੈਚ ਫੂਡ ਐਂਡ ਗੈਸ ਸਟੋਰ 'ਤੇ ਕੰਮ ਕਰਦਾ ਸੀ। ਪੁਲੀਸ ਵਿਭਾਗ ਦੀ ਤਰਜਮਾਨ ਹੀਥਰ ਗਰੇਵਜ਼ ਨੇ ਐਨਬੀਸੀ ਨਿਊਜ਼ ਨੂੰ ਦੱਸਿਆ ਕਿ ਜਗਜੀਤ ਸਿੰਘ ਅਤੇ ਸ਼ੱਕੀ ਦਰਮਿਆਨ ਸਟੋਰ ਅੰਦਰ ਸੰਘਰਸ਼ ਹੋਇਆ ਸੀ। ਉਸ ਨੇ ਕਿਹਾ ਕਿ ਕੁੱਝ ਗਵਾਹਾਂ ਤੋਂ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ ਪਰ ਪੁਲੀਸ ਨੂੰ ਜਾਪਦਾ ਹੈ ਕਿ ਦੋਹਾਂ ਵਿਚਕਾਰ ਬਹਿਸ ਹੀ ਹੋਈ ਸੀ। ਨਫ਼ਰਤੀ ਅਪਰਾਧ ਦਾ ਮਾਮਲਾ ਹੋਣ ਸਬੰਧੀ ਪੁੱਛੇ ਜਾਣ 'ਤੇ ਉਸ ਨੇ ਕਿਹਾ ਕਿ ਪੁਲੀਸ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕਰ ਰਹੀ ਅਤੇ ਇਸ ਦੀ ਵੀ ਜਾਂਚ ਹੋ ਰਹੀ ਹੈ। ਪੁਲੀਸ ਨੇ ਜਗਜੀਤ ਸਿੰਘ ਨਾਲ ਬਹਿਸ ਕਰਨ ਵਾਲੇ ਵਿਅਕਤੀ ਦੀਆਂ ਤਸਵੀਰਾਂ ਨਸ਼ਰ ਕਰ ਦਿੱਤੀਆਂ ਹਨ। ਇਹ ਵਿਅਕਤੀ ਕਾਲੇ ਰੰਗ ਦਾ ਵਾਹਨ ਲੈ ਕੇ ਚਲਾ ਗਿਆ ਸੀ ਅਤੇ ਦੂਜੇ ਸ਼ੱਕੀ ਨਾਲ ਪਰਤਿਆ ਜਿਸ ਨੂੰ ਜਗਜੀਤ ਸਿੰਘ ਨੇ ਚਾਕੂ ਮਾਰਿਆ। ਪਿਛਲੇ ਇੱਕ ਹਫ਼ਤੇ ਦੌਰਾਨ ਅਮਰੀਕਾ ਵਿਚ ਭਾਰਤੀ ਮੂਲ ਦੇ ਚਾਰ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਿਆ ਹੈ।

# ਬ੍ਰਿਟਿਸ਼ ਕੋਲੰਬੀਆ ਦੀਆਂ ਵਿਧਾਨ ਸਭਾ ਚੋਣਾਂ ਵਿਚ ਸੱਤ ਪੰਜਾਬੀ ਜੇਤੂ

**• 87 ਮੈਂਬਰੀ ਤਿੰਨ ਧਿਰੀ ਮੁਕਾਬਲੇ 'ਚ ਕਿਸੇ ਨੂੰ ਬਹੁਮਤ ਨਹੀਂ ਮਿਲਿਆ • ਗਰੀਨ ਪਾਰਟੀ ਕਰੇਗੀ ਕਿੰਗਮੇਕਰ ਦਾ ਕੰਮ**

**ਵੈਨਕੂਵਰ/ਬਿਊਰੋ ਨਿਊਜ਼** : ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਲਈ ਬੀਤੇ ਦਿਨ ਹੋਈਆਂ ਚੋਣਾਂ ਵਿੱਚ ਪੰਜਾਬੀਆਂ ਨੇ ਮੁੜ ਝੰਡੇ ਗੱਡੇ ਹਨ। ਇਨ੍ਹਾਂ ਚੋਣਾਂ ਵਿੱਚ ਕੁੱਲ 18 ਪੰਜਾਬੀ ਉਮੀਦਵਾਰ ਖੜ੍ਹੇ ਸਨ, ਜਿਨ੍ਹਾਂ ਵਿਚੋਂ ਸੱਤ ਨੂੰ ਫ਼ਤਹਿ ਨਸੀਬ ਹੋਈ। 87 ਮੈਂਬਰੀ ਵਿਧਾਨ ਸਭਾ ਵਿੱਚ ਤਿੰਨ ਧਿਰੀ ਮੁਕਾਬਲੇ ਵਿੱਚ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਿਆ, ਪਰ ਸੱਤਾ ਦਾ ਤਵਾਜ਼ਨ ਤਿੰਨ ਸੀਟਾਂ ਜਿੱਤਣ ਵਾਲੀ ਗਰੀਨ ਪਾਰਟੀ ਦੇ ਹੱਥ ਆ ਗਿਆ ਹੈ ਤੇ ਉਹ ਕਿੰਗਮੇਕਰ ਦੀ ਭੂਮਿਕਾ ਨਿਭਾਏਗੀ। ਉਂਜ ਤਿੰਨਾਂ ਪਾਰਟੀਆਂ ਦੇ ਪ੍ਰਧਾਨਾਂ ਲਈ ਮੁੜ ਤੋਂ ਵਿਧਾਨ ਸਭਾ ਦੇ ਦਰਵਾਜ਼ੇ ਖੁੱਲ੍ਹ ਗਏ ਹਨ। ਦੋਵਾਂ ਮੁੱਖ ਪਾਰਟੀਆਂ ਵੱਲੋ ਪੰਜਾਬੀ ਨੂੰ ਪੰਜਾਬੀ ਨਾਲ ਭਿੜਾਉਣ ਦਾ ਫਾਰਮੂਲਾ ਰਾਸ ਆਇਆ ਹੈ। ਵੱਡੀ ਗਿਣਤੀ ਪੰਜਾਬੀਆਂ ਨੇ ਸਰੀ ਤੋਂ ਨਿਊ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰਾਂ ਵਜੋਂ ਜਿੱਤ ਦਰਜ ਕੀਤੀ ਹੈ। ਬਹੁਮਤ ਤੋਂ ਇਕ ਕਦਮ ਦੂਰ ਰਹੀ ਲਿਬਰਲ ਪਾਰਟੀ ਦੇ ਉਮੀਦਵਾਰ ਕ੍ਰਿਸਟੀ ਕਲਾਰਕ ਦੇ ਮੁੜ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਬਣਨ ਦੇ ਆਸਾਰ ਹਨ। 1953 ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਿੱਚ ਕਿਸੇ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਿਆ। ਸੱਤਾਧਾਰੀ ਲਿਬਰਲ ਪਾਰਟੀ 43 ਸੀਟਾਂ ਜਿੱਤ ਕੇ ਬਹੁਮੱਤ ਤੋਂ ਹੇਠਾਂ ਰਹਿ ਗਈ। ਮੁੱਖ ਵਿਰੋਧੀ ਐਨਡੀਪੀ ਨੂੰ 41 ਜਦਕਿ ਗਰੀਨ ਪਾਰਟੀ ਨੂੰ 3 ਸੀਟਾਂ 'ਤੇ ਜਿੱਤ ਹਾਸਲ ਹੋਈ। ਲਿਬਰਲ ਪਾਰਟੀ ਨੂੰ 41 ਫ਼ੀਸਦ, ਐਨਡੀਪੀ ਨੂੰ 40 ਫ਼ੀਸਦ, ਗਰੀਨ ਪਾਰਟੀ ਨੂੰ 15 ਫੀਸਦ ਜਦਕਿ ਚਾਰ ਫੀਸਦ ਵੋਟਾਂ ਆਜ਼ਾਦ ਉਮੀਦਵਾਰਾਂ ਨੂੰ ਪਈਆਂ। ਪੰਜਾਬੀਆਂ ਦੇ ਹਲਕਾਵਾਰ ਨਤੀਜਿਆਂ ਵਿੱਚ ਸਰੀ ਪੈਨੋਰਮਾ ਵਿਚੋਂ ਜਿੰਨੀ ਸਿਮਜ਼ (ਜੁਗਿੰਦਰ ਕੌਰ ਹੋਠੀ) ਨੇ ਵਕੀਲ ਪੁਨੀਤ ਨੂੰ ਹਰਾਇਆ। ਨਿਊਟਨ ਤੋਂ ਹੈਰੀ




ਬੈਂਸ, ਲਿਬਰਲ ਦੇ ਗੁਰਵਿੰਦਰ ਸਿੰਘ ਪਰਹਾਰ ਨੂੰ ਹਰਾ ਕੇ ਚੌਥੀ ਵਾਰ ਜਿੱਤ ਦਰਜ ਕੀਤੀ। ਗਰੀਨ ਟਿੰਬਰ ਸਰੀ ਤੋਂ ਰਚਨਾ ਸਿੰਘ ਨੇ ਗੋਰੀ ਬਰੈਂਡਾ ਲੌਕ ਨੂੰ ਹਰਾਇਆ। ਜਗਰੂਪ ਬਰਾੜ ਨੇ ਸਰੀ ਤੋਂ ਸੱਤਾਧਾਰੀ ਪਾਰਟੀ ਦੇ ਵੱਡੇ ਆਗੂ ਪੀਟਰ ਫਾਸਬੈਂਡਰ ਨੂੰ ਵੱਡੇ ਫਰਕ ਨਾਲ ਮਾਤ ਦਿੱਤੀ। ਗੋਰੇ ਗੈਰੀ ਬੈਗ ਨੇ ਮੰਤਰੀ ਅਮਰੀਕ ਵਿਰਕ ਨੂੰ ਹਰਾਇਆ। ਫੀਲਡ ਹਾਕੀ ਓਲੰਪੀਅਨ ਰਵੀ ਕਾਹਲੋਂ ਨੇ ਨਾਰਥ ਡੈਲਟਾ ਤੋ ਜਿੱਤ ਕੇ ਇਹ ਸੀਟ ਲੰਮੇ ਸਮੇਂ ਬਾਅਦ ਐਨਡੀਪੀ ਦੀ ਝੋਲੀ ਪਾਈ। ਰਾਜ ਚੌਹਾਨ ਨੇ ਬਰਨਬੀ ਹਲਕੇ ਵਿਚੋਂ ਆਪਣੀ ਹਰਮਨ ਪਿਆਰਤਾ ਬਰਕਰਾਰ ਰੱਖੀ। ਰਿਚਮੰਡ ਕੁਈਨਜ਼ਬਰੋ ਤੋਂ ਜੈਸ ਜੌਹਲ ਨੇ ਅਮਨ ਸਿੰਘ ਨੂੰ ਹਰਾਇਆ।

ਗਰੀਨ ਪਾਰਟੀ ਨੇ ਐਤਕੀਂ ਵੋਟ ਪ੍ਰਤੀਸ਼ਤ ਤੇ ਸੀਟਾਂ ਦੀ ਗਿਣਤੀ ਵਿੱਚ ਪਿਛਲੀ ਵਾਰ ਤੋਂ ਤਿੰਨ ਗੁਣਾ ਵਾਧਾ ਕੀਤਾ। ਮੌਜੂਦਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਕਲੋਨਾ ਤੋਂ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ। ਗਰੀਨ ਪਾਰਟੀ ਪ੍ਰਧਾਨ ਐਂਡਰਿਊ ਵੀਵਰ ਨੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ। ਪੰਜਾਬੀ ਵਸੋਂ ਵਾਲੇ ਸ਼ਹਿਰ ਸਰੀ ਦੀਆਂ ਨੌਂ ਸੀਟਾਂ ਵਿਚੋਂ ਸੱਤਾਧਾਰੀ ਸਿਰਫ ਤਿੰਨ ਸੀਟਾਂ ਹੀ ਜਿੱਤ ਸਕੀ। ਛੇ ਸੀਟਾਂ ਐਨਡੀਪੀ ਜਿੱਤੀ। ਇਥੋਂ ਦੇ ਕਾਨੂੰਨ ਅਨੁਸਾਰ ਹਲਕੇ ਤੋਂ ਗ਼ੈਰਹਾਜ਼ਰ ਵੋਟਰਾਂ ਦੀਆਂ ਡਾਕ ਰਾਹੀਂ ਆਉਣ ਵਾਲੀਆਂ ਵੋਟਾਂ ਦੀ ਗਿਣਤੀ 24 ਮਈ ਨੂੰ ਹੋਵੇਗੀ, ਜੋ 9 ਵੋਟਾਂ ਨਾਲ ਐਨਡੀਪੀ ਦੇ ਖਾਤੇ ਪੈਣ ਵਾਲੀ ਸੀਟ ਦਾ ਦ੍ਰਿਸ਼ ਬਦਲ ਕੇ ਸੱਤਾਧਾਰੀ ਪਾਰਟੀ ਨੂੰ ਬਹੁਮਤ ਵਿੱਚ ਲਿਆ ਸਕਦਾ ਹੈ।

ਸਰੀ ਗਰੀਨ ਟਿੰਬਰ ਤੋਂ ਜੇਤੂ ਰਹੀ ਐਨਡੀਪੀ ਦੀ ਉਮੀਦਵਾਰ ਰਚਨਾ ਸਿੰਘ ਯੋਜਨਾਬੰਦ ਢੰਗ ਨਾਲ ਚਲਾਈ ਚੋਣ ਮੁਹਿੰਮ ਕਾਰਨ ਸਫ਼ਲ ਰਹੀ। ਪੰਜਾਬ ਵਿੱਚ ਛਪਦੇ ਮੈਗਜ਼ੀਨ 'ਸਿਰਜਣਾ' ਦੇ ਬਾਨੀ ਰਘਬੀਰ ਸਿੰਘ ਦੀ ਧੀ ਤੇ ਪੱਤਰਕਾਰ ਗੁਰਪਰੀਤ ਸਿੰਘ ਦੀ ਪਤਨੀ, ਰਚਨਾ ਸੋਲਾਂ ਕੁ ਸਾਲ ਪਹਿਲਾਂ ਕੈਨੇਡਾ ਆਈ ਤੇ ਹੁਣ ਉਸ ਨੇ ਵਿਧਾਨ ਸਭਾ ਵੱਲ ਵਹੀਰਾਂ ਘੱਤ ਲਈਆਂ ਹਨ। ਸਰੀ ਪੈਨੋਰਮਾ ਤੋਂ ਐਨਡੀਪੀ ਵਜੋ ਆਪਣੇ ਵਿਰੋਧੀ ਤੇ ਵਕੀਲ ਪੁਨੀਤ ਸੰਧਰ ਨੂੰ ਹਰਾਉਣ ਵਾਲੀ ਜੁਗਿੰਦਰ ਕੌਰ ਹੋਠੀ, ਇਕ ਗੋਰੇ ਨੂੰ ਜੀਵਨ ਸਾਥੀ ਬਣਾ ਕੇ ਜਿੰਨੀ ਸਿਮਜ਼ ਬਣ ਗਈ। ਉਹ 2011 ਤੋਂ 2015 ਤਕ ਪਾਰਲੀਮੈਂਟ ਮੈਂਬਰ ਵੀ ਰਹੀ, ਪਰ ਅਕਤੂਬਰ 2015 ਵਿੱਚ ਸੁਖ ਧਾਲੀਵਾਲ ਤੋਂ ਹਾਰ ਗਈ ਸੀ। ਰਵੀ ਕਾਹਲੋਂ ਫੀਲਡ ਹਾਕੀ ਵਿੱਚ ਓਲੰਪੀਅਨ ਹੈ ਤੇ ਡੈਲਟਾ ਖੇਤਰ ਵਿੱਚ ਉਸ ਦੇ ਚੰਗੇ ਰਸੂਖ ਕਾਰਨ ਹੀ ਪਾਰਟੀ ਨੇ ਉਸ ਨੂੰ ਲਿਬਰਲ ਦੇ ਸਕਾਟ ਹਮਿਲਟਨ ਮੁਕਾਬਲੇ ਖੜ੍ਹਾਇਆ ਸੀ। ਚੌਥੀ ਵਾਰ ਜਿੱਤੇ ਹੈਰੀ ਬੈਂਸ ਦਾ ਮੁਕਾਬਲਾ ਚਾਰਟਰਡ ਅਕਾਊਂਟੈਂਟ ਗੁਰਵਿੰਦਰ ਸਿੰਘ ਪਰਹਾਰ ਨਾਲ ਸੀ। ਮੁਕਾਬਲਾ ਸਖ਼ਤ ਸਮਝਿਆ ਜਾਂਦਾ ਸੀ, ਪਰ ਉਹ ਵੱਡੇ ਫਰਕ ਨਾਲ ਜੇਤੂ ਰਿਹਾ। ਆਜ਼ਾਦ ਉਮੀਦਵਾਰ ਬਲਪਰੀਤ ਤਿੰਨ ਕੁ ਸੌ ਵੋਟਾਂ 'ਤੇ ਹੀ ਸਿਮਟ ਕੇ ਰਹਿ ਗਿਆ। ਜਗਰੂਪ ਬਰਾੜ, ਜੋ ਪਿਛਲੀ ਵਾਰ ਕ੍ਰਿਸਟੀ ਕਲਾਰਕ ਦੇ ਭਰੋਸੇਯੋਗ ਤੇ ਕਦਾਵਰ ਸਿਆਸੀ ਆਗੂ ਪੀਟਰ ਫਾਸਬੈਂਡਰ ਤੋਂ ਕੁਝ ਸੌ ਵੋਟਾਂ ਦੇ ਫ਼ਰਕ ਨਾਲ ਹਾਰ ਗਿਆ ਸੀ, ਨੇ ਐਤਕੀਂ ਗੋਰੇ ਨਾਲ ਸਿੰਗ ਫਸਾ ਕੇ ਉਸ ਨੂੰ ਵੱਡੇ ਫਰਕ ਨਾਲ ਚਿੱਤ ਕੀਤਾ। ਰਿਚਮੰਡ ਦੀਆਂ ਚਾਰੇ ਸੀਟਾਂ ਹਾਲਾਂਕਿ ਲਿਬਰਲਾਂ ਦੀ ਝੋਲੀ ਪਈਆਂ ਹਨ, ਪਰ ਕੁਈਨਜ਼ਬਰੋ ਹਲਕੇ ਵਿੱਚ ਰੇਡੀਓ ਬਰੌਡਕਾਸਟਰ ਤੇ ਟੀਵੀ ਹੋਸਟ ਜੈਸ ਜੌਹਲ ਨੇ ਹਾਂਗਕਾਂਗ ਦੇ ਜੰਮਪਲ ਨੌਜਵਾਨ ਅਮਨ ਸਿੰਘ ਨਾਲ ਫਸਵੇਂ ਮੁਕਾਬਲੇ ਵਿੱਚ ਤਿੰਨ ਕੁ ਸੌ ਵੋਟਾਂ ਦੇ ਫਰਕ ਨਾਲ ਸੀਟ ਕੱਢੀ। ਮੌਜੂਦਾ ਸਰਕਾਰ ਵਿੱਚ ਮੰਤਰੀ ਅਮਰੀਕ ਵਿਰਕ ਦਾ ਵਿਵਾਦਾਂ ਵਿੱਚ ਘਿਰੇ ਰਹਿਣਾ ਉਸ ਦੀ ਹਾਰ ਦਾ ਕਾਰਨ ਬਣਿਆ। ਉਸ ਨੂੰ ਸਾਬਕਾ ਪੁਲੀਸ ਅਧਿਕਾਰੀ ਗੈਰੀ ਬੈਗ ਤੋਂ ਹਾਰ ਮਿਲੀ। ਕੁਝ ਹੋਰਨਾਂ ਹਲਕਿਆਂ ਵਿੱਚ ਵੀ ਪੰਜਾਬੀ ਉਮੀਦਵਾਰ ਸਨ, ਜੋ ਟੱਕਰ ਦੇਣ ਵਿੱਚ ਨਾਕਾਮ ਰਹੇ। ਇਨ੍ਹਾਂ ਵਿੱਚ ਵਿੱਤ ਮੰਤਰੀ ਮਾਈਕ ਡੀ ਜੌਂਗ ਤੋਂ ਹਾਰਨ ਵਾਲੇ ਪਰੀਤ ਰਾਏ ਵੀ ਹਨ।

LAW OFFICE OF

PARDEEP S. GREWAL

ਪ੍ਰਦੀਪ ਸਿੰਘ ਗਰੇਵਾਲ

Bankruptcy

Immigration • Divorce

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
**ਤਲਾਕ**



Pardeep S. Grewal
Attorney At Law

**Bankruptcy**
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear

**Immigration Law**
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC

**Family Law • Divorce**

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

510.889.1999

email : info@pardeeplaw.com

20980 REDWOOD ROAD, SUITE 240 • CASTRO VALLEY CA 94546

CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

# ‘ਹੱਸਦਾ ਪੰਜਾਬ’ ਦੇ ਵਿਸਾਖੀ ਮੇਲੇ ਉਤੇ ਪੰਜਾਬੀਆਂ ਨੇ ਪਾਈਆਂ ਧਮਾਲਾਂ

## ਪਰਿਵਾਰਕ ਮਾਹੌਲ ਵਾਲੇ ਪ੍ਰੋਗਰਾਮ ’ਚ ਪੰਜਾਬੀ ਸੰਗੀਤ ਦੀ ਗੂੰਜ ਨੇ ਆਡੀਟੋਰੀਅਮ ਨੂੰ ਪੰਜਾਬ ਦੀ ਖੁਸ਼ਬੋਈ ਨਾਲ ਮਹਿਕਣ ਲਾਇਆ

**ਡੈਲਸ (ਟੈਕਸਸ):ਹਰਜੀਤ ਢੇਸੀ:** ਸਥਾਨਕ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਵੱਲੋਂ ਕਰਵਾਏ ਗਏ ਸਭਿਆਚਾਰਕ ਮੇਲੇ ਦਾ ਡੈਲਸ ਤੇ ਦੂਰੋਂ ਨੇੜਿਓ ਆਏ ਪੰਜਾਬੀਆਂ ਨੇ ਭਰਪੂਰ ਆਨੰਦ ਮਾਣਿਆ। ਵਿਸਾਖੀ ਨੂੰ ਸਮਰਪਿਤ ਇਸ ਸਭਿਆਚਾਰਕ ਪ੍ਰੋਗਰਾਮ ਦੇ ਪਰਿਵਾਰਕ ਮਾਹੌਲ ਵਾਲੇ ਮੇਲੇ ਵਿਚ ਜਿੱਥੇ ਪੰਜਾਬੀਆਂ ਨੇ ਨੱਚ ਨੱਚ ਕੇ ਧਰਤ ਹਲਾ ਦਿੱਤੀ ਉੱਥੇ ਪੰਜਾਬੀ ਸੰਗੀਤ ਦੀ ਗੂੰਜ ਨੇ ਆਡੋਟੀਰਅਮ ਨੂੰ ਪੰਜਾਬ ਦੀ ਖੁਸ਼ਬੋਈ ਨਾਲ ਮਹਿਕਣ ਲਗਾ ਦਿੱਤਾ। ਇਸ ਮੌਕੇ ਦਿਲਕਸ਼ ਨਜ਼ਾਰਾ ਪੇਸ਼ ਸੀ ਅਤੇ ਹਰ ਪਾਸੇ ਪੰਜਾਬੀਆਂ ਦਾ ਠਾਠਾਂ ਮਾਰਦਾ ਸਮੁੰਦਰ ਦਿਸ ਰਿਹਾ ਸੀ। ਡੈਲਸ ਸ਼ਹਿਰ ਦੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਵਿਸਾਖੀ ਮੇਲੇ ਵਿਚ ਸ਼ਿਰਕਤ ਕਰਕੇ ਇਸ ਨੂੰ ਕਾਮਯਾਬ ਕੀਤਾ।



ਪੰਜਾਬੀਆਂ ਦੀ ਸ਼ਮੂਲੀਅਤ ਇੰਨੀਂ ਭਰਵੀਂ ਸੀ ਕਿ ਮੇਲੇ ਵਾਲੀ ਥਾਂ ਪਲੈਨੋ ਸੈਂਟਰ ਦੇ ਆਡੋਟੋਰੀਅਮ ਵਿਚ ਤਿਲ ਸੁੱਟਣ ਲਈ ਜਗ੍ਹਾ ਨਹੀਂ ਰਹੀ। ਹੱਸਦਾ ਪੰਜਾਬ ਦੀ ਪ੍ਰਬੰਧਕੀ ਟੀਮ ਦੀ ਆਸ ਤੋਂ ਕਿਤੇ ਵੱਧ ਪੰਜਾਬੀਆ ਨੇ ਸਭਿਆਚਾਰਕ ਸ਼ਾਮ ਦਾ ਆਨੰਦ ਮਾਣਿਆ। ਇੰਜ ਲੱਗ ਰਿਹਾ ਸੀ ਕਿ ਜਿਵੇਂ ਪੰਜਾਬੀ ਸੱਤ ਸਮੁੰਦਰੋਂ ਪਾਰ ਆਪਣੇ ਪਿਆਰੇ ਵਤਨ ਪੰਜਾਬ ਦੀ ਮਹਿਕ ਦੇ ਸੁਪਨਿਆਂ ਵਿਚ ਗਵਾਚ ਕੇ ਆਪਣੇ ਅਤੀਤ ਨੂੰ ਫੜਨ ਦੀ ਕੋਸ਼ਿਸ਼ ਵਿਚ ਹੋਣ। ਮੇਲਾ ਕਰੀਬ ਸ਼ਾਮੀ 3.00 ਵਜੇ ਸ਼ੁਰੂ ਹੋਇਆ। ਸਟੇਜਾਂ ਦੀ ਰਾਣੀ ਕਰਕੇ ਜਾਣੀ ਜਾਂਦੀ ਮੰਚ ਸੰਚਾਲਕਾ ਬੀਬੀ ਸ਼ੈਰੀ ਦੱਤਾ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਨੂੰ ਆਖ ਕੇ ਵਿਸਾਖੀ ਦੀਆਂ ਮੁਬਾਰਕਾਂ ਦਿੱਤੀਆਂ। ਬੀਬੀ ਦੱਤਾ ਅਤੇ ਮਨਧੀਰ ਬੱਲ ਨੇ ਸ਼ਬਦਾਂ ਨੂੰ ਮੋਤੀਆਂ ਵਾਂਗ ਪਰੋ ਕੇ ਬੜੀ ਰਵਾਨਗੀ ਨਾਲ ਪੇਸ਼ ਕਰਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਮੇਲੇ ਦਾ ਆਗਾਜ਼ ਅਕਾਲ ਪੁਰਖ ਅੱਗੇ ਅਰਦਾਸ ਨਾਲ ਹੋਇਆ। ਪਹੁੰਚੇ ਹੋਏ ਕਲਾਕਾਰਾਂ ਦੇ ਆਪਣੇ ਪੁਰਾਣੇ ਤੇ ਨਵੇਂ ਗੀਤਾਂ ਨਾਲ ਮਹਿਫਲ ਗਰਮਾ ਦਿੱਤੀ ਅਤੇ ਆਪਣੀ ਸਾਫ਼ ਸੁਥਰੀ ਗਾਇਕੀ ਨਾਲ ਸਭ ਦਾ ਮਨ ਮੋਹ ਲਿਆ। ਬੀਬੀ ਅਖ਼ਤਰ ਨੇ ਆਪਣੀ ਦਮਦਾਰ ਆਵਾਜ਼ ਨਾਲ ਮੇਲੇ ਨੂੰ ਸਿਖਰਾਂ ਤੇ ਪਹੁੰਚਾ ਕੇ ਮੇਲੀਆਂ ਨੂੰ ਝੂਮਣ ਲਾ ਦਿੱਤਾ. ਉਨ੍ਹਾਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਫ਼ ਸੁਥਰਾ ਸੰਗੀਤ ਹੀ ਸੁਣਨਾ ਚਾਹੀਦਾ ਹੈ ਤਾਂ ਜੋ ਸਾਫ ਸੁਥਰੀ ਗਾਇਕੀ ਪੇਸ਼ ਕਰਨ ਵਾਲੇ ਪੰਜਾਬੀ ਗਾਇਕਾਂ ਨੂੰ ਉਤਸ਼ਾਹ ਮਿਲ ਸਕੇ। ਹੱਸਦਾ ਪੰਜਾਬ ਦੀ ਟੀਮ ਵੱਲੋਂ ਸਪਾਂਸਰਾਂ ਅਤੇ ਪੰਜਾਬੀ ਭਾਈਚਾਰੇ ਦੀਆਂ ਸਨਮਾਨ ਯੋਗ ਸ਼ਖਸੀਅਤਾ ਦਾ ਸਨਮਾਨ ਕੀਤਾ ਗਿਆ। ਜਿਨ੍ਹਾਂ ਵਿਚ ਹਰਜੀਤ ਸਿੰਘ ਢੇਸੀ ਅਤੇ ਪਰਮਿੰਦਰ ਸੰਘੇੜਾ ਨੂੰ ਉਨ੍ਹਾਂ ਵੱਲੋਂ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਬਦਲੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਸਬੰਧਤ ਰੰਗਦਾਰ ਤਸਵੀਰਾਂ ਸ਼ਫ਼ਾ 19 ’ਤੇ ਵੇਖੋ

ਇਸ ਮੇਲੇ ਦੇ ਗਰੈਂਡ ਸਪਾਂਸਰ ਰਜਿੰਦਰ ਸੰਧੂ ਅਤੇ ਰਾਜਦੀਪ ਭੰਗੂ, ਮੁੱਖ ਮਹਿਮਾਨ ਕਰਨੈਲ ਸਿੰਘ ਤੇ ਕੰਵਲਜੀਤ ਸਿੰਘ, ਪਲਾਟੀਨਮ ਸਪਾਂਸਰ ਸੁਰਜੀਤ ਸਿੰਘ ਅਤੇ ਗੋਲਡੀ, ਗੋਲਡ ਸਪਾਂਸਰ ਕੁਲਜੀਤ ਸਿੰਘ ਚੀਮਾ, ਸੋਨੂੰ ਢਿੱਲੋਂ, ਅੰਗਰੇਜ਼ ਸਿੰਘ, ਪਰਾਊਡ ਸਪਾਂਸਰ ਜੀਤਾ ਰੰਧਾਵਾ, ਮਨਧੀਰ ਬੱਲ ਅਤੇ ਹਰਜੀਤ ਰੰਧਾਵਾ ਸਨ। ਇਨ੍ਹਾਂ ਸਭ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪੈਨੀ ਸਿੱਧੂ ਇਸ ਮੇਲੇ ਦੇ ਡਾਇਮੰਡ ਸਪਾਂਸਰ ਸਨ।

ਜੋਗਾ ਸਿੰਘ ਸੰਧੂ ਅਤੇ ਗੁਰਦੇਵ ਸਿੰਘ ਹੇਅਰ ਨੇ ਇਸ ਮੇਲੇ ਨੂੰ ਕਾਮਯਾਬ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਇਸੇ ਦੌਰਾਨ ਸੰਸਥਾ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਦਾ ਤੀਆਂ ਦਾ ਮੇਲਾ ਆਉਂਦੀ 15 ਜੁਲਾਈ ਨੂੰ ਸ਼ਾਮੀਂ 5:00 ਵਜੇ ਤੋਂ ਰਾਤੀਂ 10:00 ਵਜੇ ਤੱਕ ਹੋਵੇਗਾ। ਅੰਤ ਵਿਚ ਗੁਰਸ਼ਰਨ ਸਿੰਘ ਬਗਲੀ ਅਤੇ ਸ਼ੇਰੇ ਪੰਜਾਬ ਸਿੰਘ ਰੰਧਾਵਾ ਵੱਲੋਂ ਸਭ ਪ੍ਰਤੀਯੋਗੀਆਂ, ਸਹਿਯੋਗੀਆਂ ਦਾ ਮੇਲੇ ਨੂੰ ਕਾਮਯਾਬ ਬਣਾਉਣ ਲਈ ਧੰਨਵਾਦ ਕੀਤਾ ਗਿਆ।

# ਭਾਈ ਪੰਥਪ੍ਰੀਤ ਸਿੰਘ ’ਤੇ ਹਮਲੇ ਦੀ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਤੇ ਪੀਸੀਏ ਵੱਲੋਂ ਨਿੰਦਾ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਤੱਤ ਗੁਰਮਤਿ ਨਾਲ ਸਬੰਧਤ ਸਿੱਖ ਪ੍ਰਚਾਰਕਾਂ ’ਤੇ ਲਗਾਤਾਰ ਹੋ ਰਹੇ ਹਮਲਿਆਂ ਨੂੰ ਲੈ ਕੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਤੇ ਪੀਸੀਏ ਨੇ ਡਾਢੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਪਿਛਲੇ ਦਿਨੀਂ ਫਰੈਂਕਫੋਰਡ ਜਰਮਨੀ ਵਿੱਚ ਭਾਈ ਪੰਥਪ੍ਰੀਤ ’ਤੇ ਹੋਏ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਪੀਸੀਏ ਅਤੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਨੇ ਸਾਂਝੇ ਤੌਰ ’ਤੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਸਾਡੇ ਮਾਰਗ ਦਰਸ਼ਨ ਹਨ, ਜਿਹੜਾ ਵੀ ਪ੍ਰਚਾਰਕ ਗੁਰੂ ਗ੍ਰੰਥ ਸਹਿਬ ਜੀ ਦੀ ਬਾਣੀ ਨੂੰ ਆਧਾਰ ਬਣਾ ਕੇ ਕਥਾ ਕਰਦਾ ਹੈ ਅਤੇ ਜਿਹਦੇ ਵਿਚਾਰ ਗੁਰੂ ਗ੍ਰੰਥ ਸਹਿਬ ਦੀ ਕਸਵੱਟੀ ’ਤੇ ਪੂਰੇ ਉਤਰਦੇ ਹਨ, ਉਸ ਪ੍ਰਚਾਰਕ ਦਾ ਵਿਰੋਧ ਕਰਨ ਵਾਲੇ ਅਖੌਤੀ ਸਿੱਖ ਅਸਲ ਵਿੱਚ ਗੁਰੂ ਗ੍ਰੰਥ ਸਹਿਬ ਤੋਂ ਮੂੰਹ ਫੇਰ ਕੇ ਏਜੰਸੀਆਂ ਦੇ ਮਨਸੂਬਿਆਂ ਨੂੰ ਆਪ ਕਾਮਯਾਬ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਵੇਂ ਜਿਵੇਂ ਆਧੁਨਿਕ ਯੁਗ ਵਿੱਚ ਸਿੱਖ ਜਾਗਰੁਕ ਹੋ ਰਿਹਾ ਹੈ, ਤਿਵੇਂ ਤਿਵੇਂ ਝੂਠੀਆਂ ਕਹਾਣੀਆਂ ਸੁਣਾ ਕੇ ਲੁੱਟਣ ਵਾਲੇ ਬੂਬਨਿਆਂ ਦਾ ਤੋਰੀ ਫੁਲਕਾ ਬੰਦ ਹੋ ਰਿਹਾ ਹੈ। ਅੱਜ ਜਿਹੜਾ ਵੀ ਪ੍ਰਚਾਰਕ ਨਿਰੋਲ ਗੁਰੂ ਸਿਧਾਂਤ ਦੀ ਗੱਲ ਕਰਦਾ, ਉਹ ਪਾਖੰਡੀ ਡੇਰੇਦਾਰਾਂ ਤੋਂ ਬਰਦਾਸ਼ਤ ਨਹੀਂ ਹੁੰਦਾ ਤੇ ਕੁਝ ਕੁ ਏਜੰਸੀਆਂ ਦੇ ਬੰਦੇ ਆਪਣੇ ਕੂੜ ਪ੍ਰਚਾਰ ਕਾਰਨ ਸੰਗਤਾਂ ਨੂੰ ਗੁੰਮਰਾਹ ਕਰਕੇ ਸ਼ਬਦ ਗੁਰੂ ਦੀ ਵਿਆਖਿਆ ਕਰਨ ਵਾਲੇ ਪ੍ਰਚਾਰਕਾਂ ਖ਼ਿਲਾਫ਼ ਸੰਗਤਾਂ ਨੂੰ ਭੜਕਾ-ਕੇ ਜੋ ਮਾਹੌਲ ਬਣਾ ਰਹੇ ਹਨ, ਇਹ ਸੰਗਤ ਨੂੰ ਵੰਡਣ ਲਈ ਬਹੁਤ ਘਾਤਕ ਸਿੱਧ ਹੋਵੇਗਾ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਸਿੰਘ ਸਭਾ ਦੀ ਸੰਗਤ ਅਤੇ ਪੀਸੀਏ ਪਹਿਲਾਂ ਵੀ ਤੱਤ ਗੁਰਮਿਤ ਪ੍ਰਚਾਰਕਾਂ ਨਾਲ ਖੜ੍ਹਦੇ ਆਏ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਡੱਟ ਕੇ ਖੜ੍ਹਨਗੇ।

# ਅਮਨ ਸਿੱਖਿਆ ਉੱਤੇ ਅਮਲ ਅਤੇ ਸੰਘਰਸ਼ ਜਾਗਰੂਕਤਾ ਸਬੰਧੀ ਯੂ ਐਨ ਓ ’ਚ ਅੰਤਰਰਾਸ਼ਟਰੀ ਕਾਨਫਰੰਸ

## ਪੰਜਾਬੀ ਪੱਤਰਕਾਰ ਗੁਰਮੀਤ ਸਿੰਘ ਨੇ ਵਿਸ਼ੇਸ਼ ਪ੍ਰਤੀਨਿਧੀ ਵੱਜੋਂ ਹਿੱਸਾ ਲਿਆ

**ਵਾਸ਼ਿੰਗਟਨ/ ਹੁਸਨ ਲੜੋਆ ਬੰਗਾ** , ਯੂ ਐਨ ਓ ਵਿਖੇ ਅਮਨ ਸਿੱਖਿਆ ਉੱਤੇ ਅਮਲ ਅਤੇ ਸੰਘਰਸ਼ ਜਾਗਰੂਕਤਾ ਸਬੰਧੀ ਅੰਤਰਰਾਸ਼ਟਰੀ ਕਾਨਫਰੰਸ ਬੀਤੀ ਦਿਨੀਂ ਕਰਵਾਈ ਗਈ। ਸੰਯੁਕਤ ਰਾਸ਼ਟਰ ਲਈ ਰਿਪਬਲਿਕ ਆਫ਼ ਮਾਲਾਵੀ ਦੇ ਪਰਮਾਨੈਂਟ ਮਿਸ਼ਨ ਅਤੇ ਹਿਵਨਲੀ ਕਲਚਰ, ਵਰਲਡ ਪੀਸ, ਰੀਸਟੋਰੇਸ਼ਨ ਆਫ਼ ਲਾਈਟ (ਐਚ ਡਬਲਿਊ ਪੀ ਐਲ) ਅਤੇ ਇੰਟਰਨੈਸ਼ਨਲ ਪੀਸ ਯੂਥ ਗਰੁੱਪ ਵੱਲੋਂ ਸਾਂਝੇ ਤੌਰ ਤੇ ਕਰਵਾਈ ਗਈ, ਇਸ ਕਾਨਫਰੰਸ ਦੇ ਮੁੱਖ ਵਿਸ਼ੇ ਅਮਨ ਸਿੱਖਿਆ ਰਾਹੀਂ ਮਿਆਰੀ ਸਿੱਖਿਆ ਦਾ ਵਿਕਾਸ ਅਤੇ ਅਮਨ ਸਭਿਆਚਾਰ ਨੂੰ ਫੈਲਾਉਣ ਅਤੇ ਸੰਘਰਸ਼ ਜਾਗਰੂਕਤਾ। ਕਾਨਫਰੰਸ ਵਿਚ 400 ਤੋਂ ਵੱਧ ਵੱਖ ਵੱਖ ਦੇਸ਼ਾਂ ਦੇ ਨੁਮਾਂਇੰਦਿਆਂ ਨੇ ਹਿੱਸਾ ਲਿਆ। ਨਿਊਯਾਰਕ ਤੋਂ ਸੀਨੀਅਰ ਪੰਜਾਬੀ ਪੱਤਰਕਾਰ ਤੇ ਆਪਣਾ ਪੰਜਾਬ ਮੀਡੀਆ ਦੇ ਮੁੱਖ ਸੰਪਾਦਕ ਗੁਰਮੀਤ ਸਿੰਘ ਨੇ ਵੀ ਕਾਨਫਰੰਸ ’ਚ ਸ਼ਮੂਲੀਅਤ ਕੀਤੀ। ਉਨ੍ਹਾਂ ਸ਼ਾਂਤੀ ਲਈ ਸਿੱਖਿਆ ਅਤੇ ਨੌਜਵਾਨਾਂ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਨਵੀਂ ਪੀੜੀ ਨੂੰ ਅੱਗੇ ਲਿਆਉਣ ਦਾ ਮਸਲਾ ਉਠਾਇਆ। ਇਸ ਸਵਾਲ ਦੀ ਅਹਿਮੀਅਤ ਨੂੰ ਵੇਖਦਿਆਂ ਐਚ ਡਬਲਿਊ ਪੀ ਐਲ ਦੇ ਚੇਅਰਮੈਨ ਐਮ ਹੀ ਲੀ ਨੇ ਵਿਸਥਾਰ ਸਹਿਤ ਆਪਣੇ ਵਿਚਾਰ ਰੱਖੇ ਅਤੇ ਕਿਹਾ ਕਿ ਵਾਕਿਆ ਹੀ ਨੌਜਵਾਨ ਅਮਨ ਸ਼ਾਂਤੀ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ। ਵੱਖ ਵੱਖ ਦੇਸ਼ਾਂ ਤੋਂ ਆਏ ਨੁਮਾਇੰਦਿਆਂ ਨੇ ਵਿਸ਼ਵ ਵਿਚ ਪੈਦਾ ਹੋ ਰਹੇ ਜੰਗ ਦੇ ਹਾਲਾਤ ਅਤੇ ਵੱਖ ਵੱਖ ਖੇਤਰਾਂ ਵਿਚ ਵੱਧ ਰਹੇ ਤਣਾਅ ਬਾਰੇ ਆਪਣੇ ਅਹਿਮ ਵਿਚਾਰ ਰੱਖੇ ਅਤੇ ਸਾਰੇ ਵਿਵਾਦਾਂ ਨੂੰ ਜਾਗਰੂਕਤਾ ਰਾਹੀਂ ਹਲ ਕਰਨ ਤੇ ਜੋਦਿੱਤਾ। ਇਸ ਲਈ ਡੈਕਲਰੇਸ਼ਨ ਆਨ ਏ ਕਲਚਰ ਆਫ਼ ਪੀਸ ਸਬੰਧੀ ਕੌਮਾਂਤਰੀ ਮਤੇ ਦਾ ਵੀ ਜ਼ਿਕਰ ਕੀਤਾ ਗਿਆ। ਕਾਨਫਰੰਸ ਵਿਚ ਜ਼ੋਰ ਦਿੱਤਾ ਗਿਆ ਕਿ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਨੌਜਵਾਨਾਂ ਨੂੰ ਅੱਗੇ ਲਿਆਂਦਾ ਜਾਵੇ। ਅਜਿਹੀ ਸਿੱਖਿਆ ਪ੍ਰਣਾਲੀ ਬਣਾਈ ਜਾਵੇ, ਜਿਸ ਵਿਚ ਨੌਜਵਾਨਾਂ ਨੂੰ ਅਹਿਮਿਅਤ ਦਾ ਵੀ ਪਾਠ ਪੜ੍ਹਾਇਆ ਜਾਵੇ। ਆਪਣੇ ਅਹਿਮ ਵਿਚਾਰਾਂ ਵਿਚ ਐਚ ਡਬਲਿਊ ਪੀ ਐਲ ਦੇ ਚੇਅਰਮੈਨ ਐਮ ਹੀ ਲੀ ਨੇ ਕਿਹਾ ਕਿ ਸ਼ਾਂਤੀ ਕਿਸੇ ਇਕ ਵਿਅਕਤੀ ਜਾਂ ਸੰਗਠਨ ਜਾਂ ਰਾਸ਼ਟਰ ਲਈ ਕੰਮ ਨਹੀਂ ਹੈ। ਇਹ ਸਮੁੱਚੀ ਮਨੁੱਖਤਾ ਵਾਸਤੇ ਹੈ। ਅਮਨ ਸ਼ਾਂਤੀ ਦੀ ਅਹਿਮੀਅਤ ਉਨ੍ਹਾਂ ਲੋਕਾਂ ਨੂੰ ਪਤਾ ਹੈ, ਜਿਹੜੇ ਜੰਗਾਂ ਵਿਚ ਜ਼ਿੰਦਗਿਆਂ ਦਾ ਨੁਕਸਾਨ ਝੱਲ ਚੁੱਕੇ ਹਨ। ਇਸ ਦੌਰਾਨ ਡਿਪਟੀ ਪਰਮਾਨੈਂਟ ਰੀ ਪ੍ਰਜੈਕੋਸਟਾ ਰੀਕਾ ਨੇ ਕਿਹਾ ਕਿ ਬੱਚਿਆਂ ਨੂੰ ਸਕੂਲਾਂ ਵਿਚ ਸ਼ਾਂਤੀ ਦਾ ਪਾਠ ਪੜ੍ਹਾ ਕੇ ਜੰਗਾਂ, ਮਿਸਾਈਲਾਂ ਅਤੇ ਪਰਮਾਣੂ ਹਥਿਆਰ ਬਾਰੇ ਜਾਗਰੂਕ ਕਰਦਿਆਂ ਉਨ੍ਹਾਂ ਨੂੰ ਇਸ ਤੋਂ ਦੂਰ ਰੱਖਿਆ ਜਾ ਸਕਦਾ ਹੈ ਅਤੇ ਸ਼ਾਂਤੀ ਲਈ ਅੱਗੇ ਕਦਮ ਵਧਾਉਣੇ ਚਾਹੀਦੇ ਹਨ। ਅਗਲੀ ਕਾਨਫਰੰਸ ਦੱਖਣੀ ਕੋਰੀਆ ’ਚ ਦਸੰਬਰ 20 17 ਚ ਹੋ ਰਹੀ ਹੈ।











ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦਰਸ਼ਕ ਗੈਲਰੀ 'ਚੋਂ : ਫ਼ਿਲਮ 'ਦਿ ਬਲੈਕ ਪ੍ਰਿੰਸ' ਨੇ ਮਾਣ-ਮੱਤਾ ਮਹਿਸੂਸ ਕਰਵਾਇਆ

## ਟੋਰਾਂਟੋ ਦੇ ਕੌਮਾਂਤਰੀ ਫਿਲਮ ਮੇਲੇ ਵਿੱਚ ਲਾਮਿਸਾਲ ਹੁੰਗਾਰਾ

**ਫਰੀਮੌਂਟ/ਬਿਊਰੋ ਨਿਊਜ਼ :**
ਸਿੱਖ ਰਿਆਸਤ ਦੇ ਆਖ਼ਰੀ ਵਾਰਿਸ ਮਹਾਰਾਜ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਆਧਾਰਤ ਫ਼ਿਮਲ 'ਦਿ ਬਲੈਕ ਪ੍ਰਿੰਸ' ਨੇ ਕੌਮਾਂਤਰੀ ਪੱਧਰ 'ਤੇ ਹੋਏ ਫ਼ਿਲਮ ਉਤਸਵਾਂ ਦੌਰਾਨ ਕਈ ਇਨਾਮ-ਸਨਮਾਨ ਹਾਸਲ ਕੀਤੇ ਹਨ।

ਹਾਲ ਵਿੱਚ ਹੀ ਹੋਏ ਟੋਰਾਂਟੋ ਦੇ ਕੌਮਾਂਤਰੀ ਫਿਲਮ ਮੇਲੇ ਇੰਟਰਨੈਸ਼ਨਲ ਫਿਲਮ ਫੈਸਟੀਵਲ ਆਫ਼ ਸਾਊਥ ਏਸ਼ੀਆ ਵਿੱਚ 'ਦਿ ਬਲੈਕ ਪ੍ਰਿਸ' ਦਾ ਮੇਲੇ ਦੀ 'ਓਪਨਿੰਗ ਫਿਲਮ' ਵਜੋਂ ਪ੍ਰੀਮੀਅਰ ਸ਼ੋਅ ਕਰਵਾਇਆ ਗਿਆ ਜਿਸ ਨੂੰ ਦਰਸ਼ਕਾਂ ਦਾ ਲਾਮਿਸਾਲ ਹੁੰਗਾਰਾ ਮਿਲਿਆ।

ਟੋਰਾਟੋ ਦੇ ਵੱਡੇ ਅਖ਼ਬਾਰਾਂ ਨੇ ਫਿਲਮ ਦੀਆਂ ਸਿਫ਼ਤਾਂ ਕਰਦਿਆਂ ਇਸ ਸਬੰਧੀ ਵਿਸਥਾਰ ਵਿੱਚ ਖ਼ਬਰਾਂ ਛਾਪੀਆਂ।

ਦਰਸ਼ਕਾਂ ਵਿੱਚ ਇਹ ਫਿਲਮ ਵੇਖਣ ਲਈ ਜਿਵੇਂ ਹੋੜ ਲੱਗੀ ਹੋਈ ਸੀ ਕਿ ਟਿਕਟਾਂ ਦੀ ਵਿਕਰੀ ਸ਼ੁਰੂ ਹੋਣ ਦੇ 20 ਮਿੰਟਾਂ ਅੰਦਰ ਹੀ ਸਾਰੀਆਂ ਸੀਟਾਂ ਫੁੱਲ ਹੋ ਗਈਆਂ। ਫਿਲਮ ਦੇ ਹੀਰੋ ਸਤਿੰਦਰ ਸਰਤਾਜ, ਰੂਪ ਮੱਗੋਂ ਅਤੇ ਨਿਰਦੇਸ਼ਕ ਕਵੀ ਰਾਜ਼ ਵੀ ਇਸ ਮੌਕੇ ਦਰਸ਼ਕਾਂ ਨਾਲ ਸਿਨੇਮਾ ਹਾਲ ਵਿੱਚ ਹਾਜ਼ਰ ਸਨ।

ਵਰਨਣਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ ਦੇ ਬਿਖਰੇ ਪੈਂਡੇ ਦੀ ਫ਼ਿਲਮੀ ਪਰਦੇ 'ਤੇ ਬਾਕਮਾਲ ਪੇਸ਼ਕਾਰੀ ਨੇ ਪੰਜਾਬ ਦੇ ਇਤਿਹਾਸ ਬਾਰੇ ਮਾਣ-ਮੱਤਾ ਮਹਿਸੂਸ ਕਰਵਾਇਆ ਹੈ। ਇਹ ਫ਼ਿਲਮ 21 ਜੁਲਾਈ ਨੂੰ ਦੁਨੀਆ ਭਰ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ ਜਾ ਰਹੀ ਹੈ। ਕੌਮਾਂਤਰੀ ਮੇਲਿਆਂ 'ਤੇ ਜਿਨਾਂ ਦਰਸ਼ਕਾਂ ਨੇ ਇਹ ਫ਼ਿਲਮ ਦੇਖੀ ਹੈ, ਉਨਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜਿਨਾਂ ਜਿਨਾਂ ਸ਼ਖ਼ਸੀਅਤਾਂ ਨੇ ਇਹ ਫ਼ਿਲਮ ਦੇਖੀ ਹੈ, ਉਹ ਫੇਸਬੁੱਕ ਰਾਹੀਂ ਆਪਣੇ ਵਿਚਾਰ ਸਾਂਝੇ ਕਰ ਰਹੇ ਹਨ ਤੇ ਇਸ ਫ਼ਿਲਮ ਦੇ ਰਿਲੀਜ਼ ਹੋਣ ਦੀ ਉਡੀਕ ਕਰ ਰਹੇ ਹਨ ਤਾਂ ਜੋ ਦੁਨੀਆ ਭਰ ਵਿਚ ਵਸੇ ਪੰਜਾਬੀ ਆਪਣੇ ਸ਼ਾਨਾ-ਮੱਤੇ ਇਤਿਹਾਸ ਤੋਂ ਜਾਣੂ ਹੋ ਸਕਣ।

ਇਸ ਫਿਲਮ ਸਬੰਧੀ ਸੋਸ਼ਲ ਮੀਡੀਆ ਖ਼ਾਸ ਕਰ ਫੇਸ ਬੁੱਕ ਉੱਤੇ ਬੜੀਆਂ ਅਹਿਮ ਅਤੇ ਦਿਲਚਸਪ ਟਿਪਣੀਆਂ ਸਾਹਮਣੇ ਆ ਰਹੀਆਂ ਹਨ, ਜਿਨਾਂ ਵਿਚੋਂ ਕੁਝ ਅਸੀਂ ਇੱਥੇ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ:

### ਪਰਮਜੀਤ ਸਿੰਘ ਬਿਰਦੀ

ਦੋਸਤੋ ! ਆਈ.ਐਫ.ਐਫ.ਐਸ.ਏ. ਟੋਰਾਂਟੋ ਵੱਲੋਂ ਫ਼ਿਲਮ 'ਦਿ ਬਲੈਕ ਪ੍ਰਿੰਸ' ਦਾ ਪ੍ਰੀਮੀਅਰ ਸ਼ੋਅ ਕਰਵਾਇਆ ਗਿਆ। ਇਸ ਫ਼ਿਲਮ ਦਾ ਬਹੁਤ ਲੰਮੇ ਸਮੇਂ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਸੀ ਤੇ ਇਸ ਫ਼ਿਲਮ ਨੇ ਅੰਤਰ-ਰਾਸ਼ਟਰੀ ਪੱਧਰ 'ਤੇ ਬੜੇ ਵੱਡੇ ਮੀਲ ਪੱਥਰ ਗੱਡੇ ਹਨ।

... ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਫ਼ਿਲਮਾਈ ਹੋਈ ਅਤੇ ਸੱਚੀਆਂ ਘਟਨਾਵਾਂ 'ਤੇ ਆਧਾਰਤ ਇਹ ਫ਼ਿਲਮ ਮਹਾਨ ਕਲਾਕ੍ਰਿਤੀ ਹੈ।

ਇਹ ਫ਼ਿਲਮ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਮਗਰੋਂ ਉਤਪੰਨ ਹੋਈਆਂ ਪ੍ਰਸਥਿਤੀਆਂ 'ਤੇ ਚਾਨਣਾ ਪਾਉਂਦੀ ਹੈ ਅਤੇ ਸਿੱਖ ਰਾਜ ਦੇ ਅੰਤਲੇ ਸਾਲਾਂ ਦੀ ਗਾਥਾ ਵੀ ਬਿਆਨ ਵੀ ਤੱਥਾਂ ਸਹਿਤ ਕਰਦੀ ਹੈ।

ਕਿਸ ਤਰ੍ਹਾਂ ਲਾਲਚ, ਚੌਧਰ, ਆਪਸੀ ਆਪਾ-ਧਾਪੀ ਅਤੇ ਗ਼ਦਾਰਾਂ ਨੇ ਅਤੇ ਕਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਵਿੱਚ ਵੀ ਮਹਾਰਾਜਾ ਦਾ ਵਾਰਿਸ ਬਣਨ ਦੇ ਦਾਅਵਿਆਂ ਨੇ ਸਿੱਖ ਰਾਜ ਦਾ ਅੰਤ ਕੀਤਾ।

ਇਸ ਦਾ ਬਹੁਤ ਬਾਖ਼ੂਬੀ ਵਰਨਣ ਕੀਤਾ ਗਿਆ ਹੈ ਕਿਸ ਤਰ੍ਹਾਂ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਫ਼ਰਜ਼ੰਦ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ੀ ਸਾਮਰਾਜਵਾਦੀਆਂ ਨੇ ਅਗਵਾ ਕੀਤਾ, ਉਸ ਨੂੰ ਸਿੱਖ ਵਿਰਾਸਤ, ਸਿੱਖ ਸਭਿਆਚਾਰ ਅਤੇ ਸਿੱਖ ਧਰਮ ਤੋਂ ਦੂਰ ਕੀਤਾ ਅਤੇ ਕਿਸ ਤਰ੍ਹਾਂ ਉਸ ਨੂੰ ਈਸਾਈ ਬਣਾ ਕੇ ਅਤੇ ਝੂਠੀਆਂ ਕਹਾਣੀਆਂ ਸੁਣਾ ਸੁਣਾ ਕੇ ਆਪਣੇ ਹੀ ਲੋਕਾਂ ਖ਼ਿਲਾਫ਼ ਸੋਚ ਪੈਦਾ ਕੀਤੀ ਅਤੇ ਫਿਰ ਕਿਸ ਤਰ੍ਹਾਂ ਉਸ ਦੀ ਮਾਤਾ 'ਮਹਾਰਾਣੀ ਜਿੰਦਾਂ' ਨੂੰ ਮਿਲਣ ਤੋਂ ਬਾਅਦ ਉਸ ਵਿਚ ਬਦਲਾਅ ਆਇਆ ਅਤੇ ਉਸ ਨੇ ਫਿਰ ਆਪਣਾ ਧਰਮ, ਵਿਰਸਾ ਅਤੇ ਆਪਣਾ ਰਾਜ ਪ੍ਰਾਪਤ ਕਰਨ ਦੀ ਵਿਉਂਤਬੰਦੀ ਕੀਤੀ। ਇਸ ਸਭ ਨੂੰ ਤਰਕਸੰਗਤ, ਪ੍ਰਸੰਗਕ ਅਤੇ ਇਤਿਹਾਸਕ ਤੌਰ 'ਤੇ ਸਹੀ ਤਰੀਕੇ ਨਾਲ ਲਾਮਬੰਦ ਕਰਕੇ ਪੇਸ਼ ਕੀਤਾ ਗਿਆ ਹੈ, ਇਸ ਸਭ ਦੀ ਵਿਲੱਖਣ ਪੇਸ਼ਕਾਰੀ ਹੈ ਇਹ ਫ਼ਿਲਮ "ਦਾ ਬਲੈਕ ਪ੍ਰਿੰਸ।"



ਟੋਰਾਂਟੋ ਦੇ ਕੌਮਾਂਤਰੀ ਫਿਲਮ ਮੇਲੇ ਇੰਟਰਨੈਸ਼ਨਲ ਫਿਲਮ ਫੈਸਟੀਵਲ ਆਫ਼ ਸਾਉਥ ਏਸ਼ੀਆ ਵਿੱਚ ਦਿ ਬਲੈਕ ਪ੍ਰਿਸ ਦਾ ਸ਼ੋਅ ਕਰਵਾਏ ਜਾਣ ਮੌਕੇ ਦੋ ਵਾਰ ਆਸਕਰ ਜੇਤੂ ਕਨਸਲਟਿੰਗ ਪ੍ਰੋਡਿਊਸਰ ਰੋਜਰ ਕ੍ਰਿਸਚਨ, ਫਿਲਮ ਦੇ ਨਾਇਕ ਸਤਿੰਦਰ ਸਰਤਾਜ ਅਤੇ ਨਿਰਦੇਸ਼ਕ ਕਵੀ ਰਾਜ਼।

ਫ਼ਿਲਮ ਦੀਆਂ ਹੋਰ ਬਹੁਤ ਵੱਡੀਆਂ ਖ਼ੂਬੀਆਂ ਵਿਚੋਂ ਹੈ ਇਸ ਫਿਲਮ ਨੂੰ ਫ਼ਿਲਮਾਉਣ ਲਈ ਚੁਣੀਆਂ ਥਾਵਾਂ, ਪਾਤਰਾਂ ਲਈ ਵਰਤੀ ਗਈ ਵੇਸ਼-ਭੂਸ਼ਾ ਅਤੇ ਇਸ ਸਭ ਕੁਝ ਨੂੰ ਫ਼ਿਲਮਾਉਣ ਲਈ ਕੈਮਰੇ ਦੀ ਬਿਹਤਰੀਨ ਅਤੇ ਦਿਲ-ਖਿੱਚਵੀਂ ਕਲਾਕਾਰੀ ਤੁਹਾਨੂੰ ਅਠਾਰਵੀਂ ਸਦੀ ਦੇ ਉਸ ਦੌਰ ਵਿੱਚ ਸਹਿਜੇ ਹੀ ਲੈ ਜਾਂਦੀ ਹੈ ਜਿਵੇਂ ਕੇ ਅਸੀਂ ਉਸੇ ਦੌਰ ਵਿੱਚ ਹੀ ਵਿਚਰ ਰਹੇ ਹੋਈਏ।

ਫ਼ਿਲਮ ਦੇ ਨਿਰਦੇਸ਼ਕ ਦੀ ਉੱਚ ਪੱਧਰ ਦੀ ਨਿਰਦੇਸ਼ਨਾ, ਪਾਤਰਾਂ ਦੇ ਬਹੁਤ ਹੀ ਸੂਖਮ ਭਾਵਾਂ ਨੂੰ ਪਰਦੇ 'ਤੇ ਉਤਾਰਨ ਦੀ ਕਲਾ ਅਤੇ ਉਸ ਦੀ ਨਿੱਕੀ ਤੋਂ ਨਿੱਕੀ ਗੱਲ ਨੂੰ ਬੜੇ ਹੀ ਵਿਲੱਖਣ ਅੰਦਾਜ਼ ਵਿਚ ਦਿਖਾਉਣ ਦੀ ਪੇਸ਼ਕਾਰੀ ਫ਼ਿਲਮ ਨੂੰ ਦੁਨੀਆ ਦੇ ਬਿਹਤਰੀਨ ਫ਼ਿਲਮਾਂ ਦੇ ਅੱਗੇ ਲਿਆ ਲਿਆ ਖੜ੍ਹਾ ਕਰਦੀ ਹੈ। ਇਹ ਵੀ ਨਿਰਦੇਸ਼ਕ ਦੀ ਪਾਤਰਾਂ ਪ੍ਰਤੀ ਉਸ ਦੀ ਡੂੰਘੀ ਤੇ ਖੋਜ ਭਰਪੂਰ ਜਾਣਕਾਰੀ ਅਤੇ ਹਰ ਪਾਤਰ ਨੂੰ ਉਸ ਦੇ ਕਿਰਦਾਰ ਅਨੁਸਾਰ ਵਰਤਣ ਦੀ ਉਸ ਦੇ ਤਜੁਰਬੇ ਦੀ ਚਰਮ ਸੀਮਾ ਹੀ ਕਹੀ ਜਾ ਸਕਦੀ ਹੈ ਕਿ ਨਿਰਦੇਸ਼ਕ ਨੇ ਹਰ ਪਾਤਰ ਦੇ ਹਾਵ-ਭਾਵ, ਉਸ ਦੇ ਉੱਠਣ-ਬੈਠਣ, ਉਸ ਦੀ ਚਾਲ-ਢਾਲ, ਉਸ ਦੇ ਬੋਲਣ ਦਾ ਲਹਿਜ਼ਾ ਅਤੇ ਉਸ ਦੀ ਸਰੀਰਕ ਭਾਸ਼ਾ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।

ਇਸ ਦੀ ਇਕ ਛੋਟੀ ਜਿਹੀ ਉਦਾਹਰਣ ਮਹਾਰਾਣੀ ਵਿਕਟੋਰੀਆ ਦਾ ਹਰ ਸਮੇਂ ਅਡੋਲ ਹੋ ਕੇ ਵਿਚਰਨਾ ਅਤੇ ਮਹਾਰਾਜਾ ਦਲੀਪ ਸਿੰਘ ਦਾ ਹਰ ਸਮੇਂ ਗਵਾਚਿਆ ਰਹਿਣ ਵਾਲਾ ਬੰਦਾ ਲੱਗਣਾ।

ਇਸ ਫਿਲਮ ਵਿੱਚ ਬਹੁਤ ਕੁਝ ਹੈ ਜੋ ਸਾਨੂੰ ਪਤਾ ਨਹੀਂ ਕਿੰਨੀ ਵਾਰ ਵਾਹ ਵਾਹ ਕਰਨ ਨੂੰ ਮਜਬੂਰ ਕਰਦਾ ਹੈ, ਪਰ ਕੁਝ ਕੁ ਗੱਲਾਂ ਦਾ ਜ਼ਰੂਰ ਜ਼ਿਕਰ ਕਰਾਂਗਾ।

ਪਹਿਲੀ ਤਾਂ ਮਹਾਰਾਣੀ ਜਿੰਦਾ ਦਾ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਨਾਲ 14 ਸਾਲਾਂ ਬਾਅਦ ਦਾ ਮਿਲਾਪ ਅਤੇ ਉਸ ਮਿਲਾਪ ਦੌਰਾਨ ਉਨ੍ਹਾਂ ਦੀਆਂ ਗੱਲਾਂ-ਬਾਤਾਂ ਤੁਹਾਨੂੰ ਮੰਤਰ ਮੁਗਧ ਕਰਦੀਆਂ ਹਨ।

ਦੂਜੀ ਗੱਲ ਮਹਾਰਾਜਾ ਦਲੀਪ ਸਿੰਘ ਦਾ ਇੰਗਲੈਂਡ ਛੱਡਣ ਵੇਲੇ ਰਾਣੀ ਵਿਕਟੋਰੀਆ ਨੂੰ ਭੇਜਿਆ ਗਿਆ ਪੱਤਰ ਅਤੇ ਉਸ ਪੱਤਰ ਵਿਚਲਾ ਤੋਹਫ਼ਾ।

ਤੀਜਾ ਮਹਾਰਾਜਾ ਦਲੀਪ ਸਿੰਘ ਦੇ ਲੈਫਟੀਨੈਂਟ ਅਰੂੜ ਸਿੰਘ ਦਾ ਜੇਲ੍ਹ ਵਿਚੋਂ ਬਾਹਰ ਆਉਣ ਲੱਗਿਆਂ ਕੀਤੀ ਗਈ ਇੱਕ ਨਿੱਕੀ ਜਿਹੀ ਪਰ ਅਤੇ ਬਹੁਤ ਵੱਡਾ ਸੁਨੇਹਾ ਦਿੰਦੀ ਪ੍ਰਤੀਕਿਰਿਆ ਅਤੇ ਚੌਥਾ ਮਹਾਰਾਜਾ ਦਲੀਪ ਸਿੰਘ ਦੇ ਅੰਤਲੇ ਸਮੇਂ ਉਸ ਦੇ ਸੁਪਨੇ ਟੁੱਟਣ ਦੀਆਂ ਘਟਨਾਵਾਂ ਦੀ ਪੇਸ਼ਕਾਰੀ।

ਇਹ ਕੁਝ ਕੁ ਉਦਾਹਰਣਾਂ ਹਨ, ਜਿਨ੍ਹਾਂ ਤੋਂ ਇਸ ਫਿਲਮ ਦੇ ਸੰਸਾਰ ਪੱਧਰ 'ਤੇ ਹੋ ਰਹੀ ਚਰਚਾ ਅਤੇ ਫ਼ਿਲਮ ਦੇ ਨਿਰਦੇਸ਼ਕ ਦੀ ਨਿਰਦੇਸ਼ਨਾ ਕਰਨ ਦੀ ਸੂਝਬੂਝ ਅਤੇ ਆਪਣੀ ਕਲਾ ਨੂੰ ਸਿਖਰਾਂ ਤੱਕ ਲੈ ਜਾਣ ਦੀ ਉਸ ਦੀ ਮਿਹਨਤ ਅਤੇ ਉਸ ਦੇ ਤਜੁਰਬੇ ਦੀ ਸ਼ਿਖਰ ਕਹੀ ਜਾ ਸਕਦੀ ਹੈ।

ਇਸੇ ਤਰ੍ਹਾਂ ਦਾ ਬਹੁਤ ਕੁਝ ਹੈ ਫ਼ਿਲਮ ਵਿੱਚ ਜਿਸ ਨੂੰ ਦੇਖਣ ਮਾਨਣ ਲਈ ਫ਼ਿਲਮ ਦੇਖਣੀ ਪੈਣੀ ਹੈ।

ਕੁੱਲ ਮਿਲਾ ਕੇ ਇਹ ਫਿਲਮ ਸ਼ਾਹਕਾਰ ਦੇ ਰੂਪ ਵਿੱਚ ਜਾਣੀ ਚਾਹੀਦੀ ਹੈ ਅਤੇ ਹਰ ਇੱਕ ਨੂੰ ਦੇਖਣੀ ਚਾਹੀਦੀ ਹੈ ਤੇ ਖਾਸ ਕਰਕੇ ਹਰ ਸਿੱਖ ਨੂੰ ਤਾਂ ਜ਼ਰੂਰ ਦੇਖਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਅਤੇ ਕਿਨ੍ਹਾਂ ਕਾਰਨਾਂ ਕਰਕੇ ਸਿੱਖ ਰਾਜ ਦਾ ਅੰਤ ਹੋਇਆ।

ਫ਼ਿਲਮ ਦੇ ਨਿਰਦੇਸ਼ਕ ਬ੍ਰਿਟਿਸ਼ ਐਕਟਰ ਅਤੇ ਨਿਰਦੇਸ਼ਕ ਕਵੀ ਰਾਜ ਦੀ ਨਿਰਦੇਸ਼ਨਾ ਹੇਠ ਬਣੀ ਫ਼ਿਲਮ ਕਮਾਲ ਦੀ ਪੇਸ਼ਕਾਰੀ ਹੈ।

ਮਹਾਰਾਜ ਦਲੀਪ ਸਿੰਘ ਦੇ ਰੋਲ ਵਿੱਚ ਸਾਡਾ ਆਪਣਾ ਪੰਜਾਬੀ ਦਾ ਹਰਮਨ-ਪਿਆਰਾ ਲੇਖਕ ਅਤੇ ਗਾਇਕ ਸਤਿੰਦਰ ਸਰਤਾਜ ਚੰਗਾ ਜਚਿਆ ਹੈ।

ਅਤੇ ਮਹਾਰਾਜਾ ਦਲੀਪ ਸਿੰਘ ਦੇ ਲੈਫਟੀਨੈਂਟ ਦੇ ਰੋਲ ਵਿੱਚ 'ਰੂਪ ਮੇਗਨ' ਨੇ ਆਪਣੇ ਰੋਲ ਨਾਲ ਇਨਸਾਫ ਕੀਤਾ ਹੈ।

"ਮਹਾਰਾਣੀ ਜਿੰਦਾਂ" ਦੇ ਰੂਪ ਵਿੱਚ ਹਿੰਦੀ ਫ਼ਿਲਮਾਂ ਦੀ ਵੱਡੀ ਕਲਾਕਾਰ 'ਸ਼ਬਾਨਾ ਆਜ਼ਮੀ' ਨੇ ਜਾਨ ਪਾ ਦਿੱਤੀ ਹੈ ਅਤੇ ਉਸ ਦੀ ਪੰਜਾਬੀ ਜ਼ੁਬਾਨ ਤੇ ਪਕੜ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਹੈ।

ਸਭ ਤੋਂ ਵੱਡੀ ਪ੍ਰਸੰਸਾ ਸਰਦਾਰ ਜਸਜੀਤ ਸਿੰਘ ਇੰਗਲੈਂਡ ਵਾਲੇ ਅਤੇ ਯਾਦਵਿੰਦਰ ਸਿੰਘ ਨਿਊ ਜਰਸੀ ਵਾਲਿਆਂ ਦੀ ਕਰਨੀ ਬਣਦੀ ਹੈ ਜਿਨ੍ਹਾਂ ਨੇ ਇਸ ਫਿਲਮ ਬਣਾਉਣ ਲਈ ਫੰਡ ਮੁਹੱਈਆ ਕੀਤੇ।

ਮੈਂ ਇਸ ਫਿਲਮ ਨੂੰ ਉੱਚ ਸ਼੍ਰੇਣੀ ਦੀਆਂ ਅਤੇ ਸਹੀ ਮਾਅਨਿਆਂ ਵਿੱਚ ਹਰ ਪੱਖ ਨਾਲ ਇਨਸਾਫ ਕਰਨ ਵਾਲੀਆਂ ਫ਼ਿਲਮਾਂ ਵਿੱਚ ਦਰਜਾ ਦਿੰਦਾ ਹਾਂ।

ਅਤੇ ਹਰ ਇੱਕ ਨੂੰ ਪੁਰਜ਼ੋਰ ਬੇਨਤੀ ਵੀ ਕਰਦਾ ਹਾਂ ਕਿ 21 ਜੁਲਾਈ ਨੂੰ ਸੰਸਾਰ ਪੱਧਰ 'ਤੇ ਸਿਨੇਮਾ ਘਰਾਂ ਵਿੱਚ ਲੱਗਣ ਜਾ ਰਹੀ ਇਸ ਫ਼ਿਲਮ "ਦਿ ਬਲੈਕ ਪ੍ਰਿੰਸ" ਨੂੰ ਦੇਖਿਆ ਜਾਵੇ ਤਾਂ ਕਿ ਇਸ ਫ਼ਿਲਮ ਨੂੰ ਬਣਾਉਣ ਵਾਲੀ ਟੀਮ ਅਜਿਹੀਆਂ ਉੱਚ ਪਾਏ ਦੀਆਂ ਹੋਰ ਫ਼ਿਲਮਾਂ ਦਾ ਨਿਰਮਾਣ ਕਰ ਸਕੇ।

**ਧੰਨਵਾਦ।**

ਮਈ 12, 2017





ਸਤਿੰਦਰ ਸਰਤਾਜ ਅਤੇ ਨਿਰਦੇਸ਼ਕ ਕਵੀ ਰਾਜ਼ ਰੈਡ ਕਾਰਪਟ ਦੇ ਮੌਕੇ ਅਤੇ ਪ੍ਰੈਸ ਕਾਨਫਰੰਸ ਸਮੇਂ ਸਵਾਲਾਂ ਦੇ ਜਵਾਬ ਦਿੰਦੇ ਹੋਏ

## 21 ਜੁਲਾਈ ਨੂੰ ਦੁਨੀਆ ਭਰ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ ਦੀ ਉਤਸੁਕਤਾ ਨਾਲ ਹੋ ਰਹੀ ਹੈ ਉਡੀਕ

**ਸੁਖਜੀਤ ਸਿੰਘ**
ਇਸ ਕਿਸਮਤ ਡਾਢੀ ਹੱਥੋਂ ਬੜੇ ਖੁਵਾਰ ਹੋਏ, ਅਸੀਂ ਮਿੱਟੀ, ਮੁਲਕ ਤੇ ਮਾਂ ਤੋਂ ਵੀ ਬੇਜ਼ਾਰ ਹੋਏ–The Black Prince

**Kulvir Singh Gill**
May 11 at 10:44pm · Brampton, ON, Canada · Been waiting a while to meet Satinder Sartaaj. Also got to watch The Black Prince, his film on Maharaja Duleep Singh. The movie is a must watch for Sikhs, less for its technical merits but more because this is our story told by us.
The film effectively demonstrates thay even when every effort is made to bribe, deprive, starve and beat the Sikh spirit out of an individual, the desire to be Divine and Sovereign remains.

**Angad Aulakh**
ਕਿਵੇਂ ਰੁਲਿਆ ਆ ਫਰਜੰਦ ਕਿਸੇ ਦਰਬਾਰ ਦਾ, ਮੈਨੂੰ ਦਰਦਾਂ ਵਾਲਾ ਦੇਸ਼ ਅਵਾਜ਼ਾਂ ਮਾਰਦਾ। All Punjabi's Must tell thier Children's about Sikh empire and struggle of Maharaja Duleep Singh. The Black Prince

**Lina Dhingra**
Cineplex Orion Gate
600+ seater theatre sold out in 2 days!!! Such a privilege to see a magnificent film The Black Prince

**Ishmeet Narula**
With Satinder Sartaaj at the premier of movie The Black Prince in #sanjose . Wonderfully written and presented movie. Kudos to the director Kavi Raz for showing our stories to the world!! Rup Magon did an amazing job, was hoping to see you :)

**Sandy Kg**
Awesome film - well done! The characters were well portrayed, historically accurate and the movie drew us in from start to finish.

**Arsh Deep**
ਬਹੁਤ ਬਹੁਤ ਮੁਬਾਰਕਾਂ ਸਾਰੀ ਟੀਮ ਨੂੰ ਜੀ। ਰੱਬ ਚੜ੍ਹਦੀ ਕਲਾ ਬਖਸ਼ੇ। ਇਹ ਫ਼ਿਲਮ ਇਤਿਹਾਸ ਰਚੇਗੀ।

**Raja Sandhu**
This Hollywood film is a masterpiece in storytelling and master-class in the real history of Maharaja Duleep. The story of the last king of Punjab—one of the most misunderstood heroes of India's independence—is set beautifully in all its austerity. The set design and production are above Hollywood standards and transports the audience to another time.
Death before dishonor... is in the DNA of all Sikh saint-soldiers, and all those who fight for justice and equality... from any faith or background.
This is a movement, not a movie. A social awakening for all. The search for truth and identity is the most human, primal drive.
It should not be written by the enemy.

# ਰਾਮਦੇਵ ਸਲਵਾਰ ਸੂਟ ਤੋਂ ਰਾਸ਼ਟਰਵਾਦੀ ਬਰਗਰ ਤਕ

**ਅਨਿਲ ਯਾਦਵ,**
**ਸੀਨੀਅਰ ਪੱਤਰਕਾਰ**

ਦਿਲਫਰੇਬ ਸਮਾਂ ਹੈ। ਉਦਯੋਗਿਕ ਘਰਾਣਿਆਂ ਦੇ ਉਤਪਾਦ ਖ਼ਰੀਦਣ ਲਈ ਪ੍ਰੇਰਤ ਕਰਨ ਵਾਲੇ ਪੰਚਲਾਈਨ ਅਧਿਆਤਮਕ ਹੋ ਚੱਲੇ ਹਨ। ਯੋਗ ਗੁਰੂ ਬਾਬਾ ਰਾਮਦੇਵ ਨੇ ਉਦਯੋਗ ਵਿਚ ਯੋਗ ਦੀ ਖੋਜ ਕਰ ਲਈ ਹੈ। ਯੋਗ ਉਹੀਉਦਯੋਗ ਦੇ ਆਖ਼ਰੀ ਸਿਰੇ ਵਿਚ ਪਤਾ ਨਹੀਂ ਕਦੋਂ ਦਾ ਲੁਕਿਆ ਸੀ, ਕੋਈ ਦੇਖ ਨਹੀਂ ਪਾ ਰਿਹਾ ਸੀ।

ਮੁਕਤੀ ਨਾਲੋਂ ਜ਼ਰੂਰੀ ਮਾਇਆ :

ਉਹ ਮਹਾਂਰਿਸ਼ੀ ਪਤੰਜਲੀ ਦੇ ਯੋਗ ਦਰਸ਼ਨ ਰਾਹੀਂ ਆਪਣੀ ਮੁਕਤੀ ਦਾ ਰਾਹ ਖੋਜਣ ਚੱਲੇ ਸਨ। ਰਸਤੇ ਵਿਚ ਉਨ੍ਹਾਂ ਨੂੰ ਲੱਗਾ ਕਿ ਮੁਕਤੀ ਨਾਲੋਂ ਜ਼ਰੂਰੀ ਮਾਇਆ ਹੈ, ਜਿਸ ਦੀ ਸਹੀ ਵਰਤੋਂ ਨਾਲ ਪੂਰੇ ਦੇਸ਼ ਨੂੰ ਗ਼ਰੀਬੀ ਤੋਂ 'ਮੁਕਤ' ਕੀਤਾ ਜਾ ਸਕਦਾ ਹੈ।




**ਮੇਡ ਇਨ ਭਾਰਤ:**

ਇਸ ਲਈ ਕੁਝ ਖਾਸ ਨਹੀਂ ਕਰਨਾ ਪੈਂਦਾ, ਬੱਸ ਆਪਣੇ ਉਤਪਾਦਾਂ 'ਤੇ 'ਮੇਡ ਇਨ ਭਾਰਤ' ਲਿਖਣਾ ਹੁੰਦਾ ਹੈ। ਅੰਤ, ਉਨ੍ਹਾਂ ਨੇ ਮਹਾਂਰਿਸ਼ੀ ਨੂੰ ਇਕ ਬਰਾਂਡ ਵਿਚ ਬਦਲ ਦਿੱਤਾ, ਫ਼ੈਕਟਰੀਆਂ ਲਗਾ ਲਈਆਂ ਤੇ ਹੁਣ ਮਾਇਆ ਦਾ ਟਰਨਓਵਰ ਏਨਾ ਹੋ ਚੁੱਕਾ ਹੈ ਕਿ ਉਹ 5 ਸਾਲ ਵਿਚ ਬਹੁਕੌਮੀ ਕੰਪਨੀਆਂ ਨੂੰ ਭਾਰਤਭੂਮੀ ਤੋਂ ਭਜਾ ਦੇਣ ਦਾ ਉਦੇਸ਼ ਨਾਲ ਰੇਸਤਰਾਂ ਤੇ ਸਕੂਲ ਖੋਲ੍ਹਣ ਜਾ ਰਹੇ ਹਨ।

**ਬਾਬਾ ਦੀ ਅਧਿਆਤਮਕ ਪਹੇਲੀ :**

ਜਦੋਂ ਤੁਸੀਂ ਖ਼ੁਦ ਬਰਗਰ ਤੋਂ ਲੈ ਕੇ ਗਿਆਨ ਤੇ ਗਊ ਮੂਤਰ ਤਕ ਦਾ ਵਪਾਰ ਕਰਦੇ ਹੋਏ ਖ਼ੁਦ ਬਹੁਕੌਮੀ ਹੋਣਾ ਚਾਹੁੰਦੇ ਹੋ, ਫਿਰ ਬਹੁਕੌਮੀ ਕੰਪਨੀਆਂ ਨੂੰ ਭਜਾਣਾ ਕਿਉਂ ਚਾਹੁੰਦੇ ਹੋ, ਇਹ ਇਕ ਅਧਿਆਤਮਕ ਪਹੇਲੀ ਹੈ। ਵਿਦੇਸ਼ੀ ਕੰਪਨੀਆਂ ਅਜਿਹਾ ਕੀ ਕਰ ਰਹੀਆਂ ਹਨ ਜੋ ਦੇਸੀ ਵਾਲੀਆਂ ਨਹੀਂ ਕਰਦੀਆਂ ? ਆਖ਼ਰ ਦੇਸ਼ ਕੰਪਨੀਆਂ ਦੀ ਮਿਲਾਵਟਖੋਰੀ ਅਤੇ ਮੱਕਾਰੀ ਨੇ ਹੀ ਬਾਬਾ ਰਾਮਦੇਵ ਨੂੰ ਬਣਾਇਆ ਹੈ। ਉਨ੍ਹਾਂ ਨੇ ਘੱਟ ਮਿਲਾਵਟ ਅਤੇ ਕੁਝ ਸਸਤੇ ਨਾਲ ਹੀ ਤਾਂ ਖਪਤਕਾਰਾਂ ਵਿਚ ਭਰੋਸੇਯੋਗਤਾ ਬਣਾਈ ਹੈ।




**ਜੀਨਸ ਦਾ 'ਸਵਦੇਸ਼ੀਕਰਨ' ਕਰਨਗੇ ਬਾਬਾ ਰਾਮਦੇਵ :**

ਮਾਇਆ ਦੀ ਇਹ ਚਮਤਕਾਰੀ ਤਰੱਕੀ ਨਵੇਂ ਤਰ੍ਹਾਂ ਦੇ ਯੋਗ ਦੀ ਖੋਜ ਕਾਰਨ ਸੰਭਵ ਹੋ ਸਕੀ ਹੈ, ਜਿਸ ਨੂੰ ਤੜਕਾ-ਯੋਗ ਕਿਹਾ ਜਾਂਦਾ ਹੈ। ਸਿਆਸਤ ਵਿਚ ਮੋਦੀ ਯੁੱਗ ਤੋਂ ਪਹਿਲਾਂ ਤੜਕਾ ਭ੍ਰਿਸ਼ਟਾਚਾਰ ਦਾ ਸੀ, ਜਿਸ ਨੂੰ ਰੋਮਾਂਚਕਾਰੀ ਬਣਾਉਣ ਲਈ ਉਹ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਸਲਵਾਰ ਸੂਟ ਪਾਈ ਦਿਖਾਈ ਦਿੱਤੇ ਸਨ।

**ਮੋਦੀ ਨੂੰ ਰਾਸ਼ਟਰਰਿਸ਼ੀ ਦੀ ਉਪਾਧੀ :**

ਇਸ ਵਾਰ ਤੜਕਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰਾਸ਼ਟਰਰਿਸ਼ੀ ਦੀ ਉਪਾਧੀ ਦੇ ਕੇ ਉਨ੍ਹਾਂ ਨੇ ਅਧਿਆਤਮਕ ਪਰੰਪਰਾ ਵਿਚ ਲਗਾਇਆ ਹੈ। ਰਿਸ਼ੀਆਂ ਨੇ ਵਸੁਧੈਵ ਕੁਟੰਬਕਮ ਮੰਨਿਆ ਸੀ, ਉਨ੍ਹਾਂ ਦਾ ਚਿੰਤਨ ਇਕ ਦੇਸ਼ ਦੀ ਹੱਦਬੰਦੀ ਵਿਚ ਨਹੀਂ ਸਮਾਉਂਦਾ ਸੀ, ਉਹ ਸਮਾਜ ਦੇ ਬਾਹਰ ਜੰਗਲ ਵਿਚ ਗਏ ਹੀ ਇਸ ਲਈ ਸਨ ਕਿ ਬ੍ਰਹਿਮੰਡ ਨਾਲ ਆਪਣੀ ਇਕਰੂਪਤਾ ਨੂੰ ਮਹਿਸੂਸ ਕਰ ਸਕਣ।

ਅਜਿਹੀ ਹੀ ਰਾਜਰਿਸ਼ੀ ਦੀ ਉਪਾਧੀ ਬਨਾਰਸ ਦੇ ਪੰਡਤਾਂ ਨੇ ਇਕ ਹੋਰ ਪ੍ਰਧਾਨ ਮੰਤਰੀ ਵਿਸ਼ਵਨਾਥ ਪ੍ਰਤਾਪ ਸਿੰਘ ਨੂੰ ਦਿੱਤੀ ਸੀ ਜੋ ਉਨ੍ਹਾਂ ਦੇ ਪੱਛੜਿਆਂ ਲਈ ਰਾਖਵੇਂਕਰਨ ਦਾ ਕਾਨੂੰਨ ਲਾਗੂ ਕਰਦਿਆਂ ਹੀ ਗੰਗਾ ਵਿਚ ਡਿੱਗਣ ਵਾਲੇ ਕਿਸੇ ਗੰਦੇ ਨਾਲੇ ਵਿਚ ਵਹਿ ਗਈ।

ਇਸ ਯੋਗ ਵਿਚ ਆਪਣੀ ਦ੍ਰਿਸ਼ਟੀ ਚਾਲੂ ਸਿਆਸੀ ਮੁਹਾਵਰਿਆਂ 'ਤੇ ਸਥਿਰ ਰੱਖਣੀ ਪੈਂਦੀ ਹੈ ਤੇ ਉਨ੍ਹਾਂ ਦਾ ਇਸਤੇਮਾਲ ਆਪਣੇ ਵਪਾਰ ਨੂੰ ਦੂਸਰਿਆਂ ਨਾਲੋਂ ਪਵਿੱਤਰ ਤੇ ਮਹਾਨ ਦੱਸਣ ਲਈ ਕਰਨਾ ਹੁੰਦਾ ਹੈ।

**ਹਿੰਦੂ, ਰਾਸ਼ਟਰ ਤੇ ਗਊ ਮਾਤਾ ਦੀ ਹਵਾ :**

ਬਾਕੀ ਚੀਜ਼ਾਂ ਗੋਲ ਕਰ ਦਿੱਤੀਆਂ ਜਾਂਦੀਆਂ ਹਨ। ਜਿਵੇਂ ਇਨ੍ਹੀਂ ਦਿਨੀਂ ਹਿੰਦੂ, ਰਾਸ਼ਟਰ, ਗਊ ਮਾਤਾ, ਫ਼ੌਜ ਦੀ ਹਵਾ ਹੈ ਤਾਂ ਵਪਾਰ ਮੁਨਾਫ਼ੇ ਲਈ ਨਹੀਂ, ਇਨ੍ਹਾਂ ਸਾਰਿਆਂ ਦੀ ਸੇਵਾ ਲਈ ਕੀਤਾ ਜਾਵੇਗਾ।

ਬਾਬਾ ਮਾਣ ਨਾਲ ਦੱਸ ਰਹੇ ਹਨ ਕਿ ਉਹ ਫ਼ੌਜੀ ਸਕੂਲ ਖੋਲ੍ਹਣ ਵਾਲੇ ਹਨ, ਜਿਸ ਵਿਚ ਦੇਸ਼ ਦੀ ਰਾਖੀ ਵਿਚ ਸ਼ਹੀਦ ਹੋਏ ਫ਼ੌਜੀਆਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਵੇਗੀ, ਇਸ ਦਾ ਜ਼ਿਕਰ ਨਹੀਂ ਹੋਵੇਗਾ ਕਿ ਜੀਵਤ ਫ਼ੌਜੀਆਂ ਤੇ ਆਮ ਲੋਕਾਂ ਦੇ ਬੱਚਿਆਂ ਨੂੰ ਸਿੱਖਿਆ ਕਿਸ ਭਾਅ ਮਿਲੇਗੀ।

ਬਾਬਾ ਆਪਣੇ ਵਪਾਰ ਦੇ ਵਿਸਤਾਰ ਕਰਕੇ ਰਾਸ਼ਟਰ ਨੂੰ ਆਰਥਿਕ ਰੂਪ ਨਾਲ ਮਜ਼ਬੂਤ ਬਣਾਉਣਾ ਚਾਹੁੰਦੇ ਹਨ ਤੇ ਉਸ ਦੇ ਮੁਨਾਫ਼ੇ ਦਾ ਇਕ ਹਿੱਸਾ ਗਊ-ਵਿਸਥਾਰ ਵਿਚ ਖ਼ਰਚ ਕੀਤਾ ਜਾਵੇਗਾ। ਹੁਣ ਜਦਕਿ ਬੈਲਾਂ ਦਾ ਇਸਤੇਮਾਲ ਖੇਤੀ ਵਿਚ ਹੋਣਾ ਬੰਦ ਹੋ ਚੁੱਕਾ ਹੈ, ਉਨ੍ਹਾਂ ਦਾ ਕੀ ਕੀਤਾ ਜਾਵੇਗਾ, ਇਸ ਦਾ ਜ਼ਿਕਰ ਨਹੀਂ ਹੋਵੇਗਾ।

**ਪ੍ਰਤੀਕਆਤਮਕ ਸਿਆਸਤ :**

ਜੇਕਰ ਬਾਕੀਆਂ ਨੂੰ ਪਾਲੀਤੀਨ ਖਾਣ ਲਈ ਛੱਡ ਕੇ ਸਿਰਫ਼ ਸੌ-ਪੰਜਾਹ ਗਾਵਾਂ ਦਾ ਵਿਸਥਾਰ ਹੋਇਆ ਤਾਂ ਪੁਸ਼ਟ ਬਲਦਾਂ ਦਾ ਇਸਤੇਮਾਲ ਗਊ ਰੱਖਿਅਕਾਂ ਅੱਗੇ ਨੁਮਾਇਸ਼ ਲਈ ਕੀਤਾ ਜਾ ਸਕਦਾ ਹੈ ਜੋ ਪ੍ਰਤੀਕਾਤਮਕ ਸਿਆਸਤ ਵਿਚ ਵੱਡੇ ਕੰਮ ਆਏਗਾ।

ਇਸ ਵਪਾਰ ਵਿਚ ਸਭ ਤੋਂ ਘੱਟ ਦਾ ਇਹ ਹਿੰਦੂ ਕਲਰ ਦਾ ਭਜਨ ਹੈ ਜੋ ਬਾਬਾ ਨੇ ਉਪਾਧੀ ਦਿੰਦੇ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਗਾ ਕੇ ਸੁਣਾਇਆ। ਉਸ ਦੇ ਬੋਲ ਸਨ-'ਭਗਵਾਨ ਆਰਿਓਂ ਕੋ ਐਸੀ ਲਗਨ ਲਗਾ ਦੇ। ਦੇਸ਼ ਔਰ ਧਰਮ ਕੀ ਖਾਤਿਰ ਮਿਟਨਾ ਇਨਹੇ ਸਿਖਾ ਦੇ।' ਇਹ ਨਹੀਂ ਦੱਸਿਆ ਕਿ ਅਨਾਰਿਆਂ, ਦਰਾਵੜਾਂ ਨਾਲ ਘੁਲਮਿਲ ਕੇ ਕੋਈ ਹੋਰ ਨਸਲ ਬਣ ਚੁੱਕੀ ਭਾਰਤ ਦੀ ਵਿਸ਼ਾਲ ਆਬਾਦੀ ਨਾਲ ਭਗਵਾਨ ਆਖ਼ਰ ਕੀ ਕਰਨ ਕਿ ਉਨ੍ਹਾਂ ਵਿਚ ਅਜਿਹੀ ਲਗਨ ਪੈਦਾ ਹੋ ਜਾਵੇ।




(ਬੀ.ਬੀ.ਸੀ. ਤੋਂ ਧੰਨਵਾਦ ਸਹਿਤ)

# ਜਿਵੇਂ ਫਰਾਂਸ ਚੋਣਾਂ 'ਚ ਹੋਇਆ, ਉਹ ਭਾਰਤ 'ਚ ਕਿਉਂ ਨਹੀਂ ਹੋ ਸਕਿਆ ?

**ਉਂਕਾਰ ਸ਼ੌਂਚੇ**
(ਆਮ ਨੌਜਵਾਨ ਦੀ ਸੋਚ)

ਮੇਰੇ ਹੀ ਘਰ ਦਾ ਵਿਹੜਾ, ਮੇਰਾ ਹੀ ਬੱਲਾ, ਮੇਰੀ ਹੀ ਬਾਲ ਅਤੇ ਬੱਲੇਬਾਜ਼ੀ ਵੀ ਮੈਂ ਹੀ ਕਰਾਂਗਾ। ਆਊਟ ਹੋਣ 'ਤੇ ਵੀ ਨਹੀਂ ਮੰਨਾਂਗਾ। ਜਿਨ੍ਹਾਂ ਨੂੰ ਲੱਗਦਾ ਹੈ ਕਿ ਮੈਂ ਆਊਟ ਹੋ ਗਿਆ, ਉਨ੍ਹਾਂ ਨੂੰ ਟੀਮ 'ਚੋਂ ਕੱਢ ਦਿਆਂਗਾ। ਜਦੋਂ ਮੈਨੂੰ ਲੱਗੇਗਾ ਉਦੋਂ ਮੈਂ ਬੱਲੇਬਾਜ਼ੀ ਛੱਡ ਕੇ ਖੇਡ ਬੰਦ ਕਰ ਦਿਆਂਗਾ। ਗਲੀਆਂ 'ਚ ਖੇਡੀ ਜਾਣ ਵਾਲੀ ਕ੍ਰਿਕਟ 'ਚ ਇਹ ਦ੍ਰਿਸ਼ ਦਿੱਲੀ ਦੀ ਸਿਆਸੀ ਪਿਚ 'ਤੇ ਵੀ ਵਿਖਾਈ ਦੇ ਰਿਹਾ ਹੈ। ਜ਼ਾਹਰ ਹੈ ਕਿ ਕ੍ਰਿਕਟ ਦੇ ਇਸ ਪਹਿਲੂ ਨਾਲ ਮਿਲਿਆ-ਜੁਲਿਆ ਹੈ 'ਆਪ' ਨੇਤਾ ਦਾ ਵਿਹਾਰ। 70 ਸੀਟਾਂ ਦੀ ਵਿਧਾਨ ਸਭਾ ਵਿਚ ਵਿਰੋਧੀ ਮੈਂਬਰ ਸਿਰਫ਼ ਚਾਰ ਅਤੇ ਉਸ ਵਿਚ ਵੀ ਆਮ ਤੌਰ 'ਤੇ ਵਿਰੋਧੀਆਂ ਨੂੰ ਮਾਰਸ਼ਲਾਂ ਦੀ ਮਦਦ ਨਾਲ ਬਾਹਰ ਕੱਢ ਦਿੱਤਾ ਜਾਂਦਾ ਹੈ। ਅਜਿਹੇ ਮਾਹੌਲ 'ਚ 63-64 ਵਿਧਾਇਕਾਂ ਦੇ ਸਾਹਮਣੇ ਈ.ਵੀ.ਐਮ. ਦੀ ਹੈਕਿੰਗ ਦਾ ਹਾਸੋ-ਹੀਣਾ ਡੈਮੋ ਸੌਰਭ ਭਾਰਦਵਾਜ ਨੇ ਦਿੱਤਾ। ਹਾਲਾਂਕਿ ਇਸ ਪ੍ਰਕਿਰਿਆ 'ਚ ਜਦੋਂ ਸਬੰਧਤ ਪਾਰਟੀਆਂ ਨੂੰ ਜ਼ਬਰਦਸਤ ਬਹੁਮਤ ਮਿਲਦਾ ਹੈ ਤਾਂ ਇਸ ਵਿਚ ਲੋਕਤੰਤਰ ਦੀ ਜਿੱਤ ਵਿਖਾਈ ਦਿੰਦੀ ਹੈ ਅਤੇ ਬਹੁਮਤ ਨਾ ਮਿਲੇ ਤਾਂ ਉਨ੍ਹਾਂ ਨੂੰ ਪੂਰੀ ਪ੍ਰੀਕਿਰਿਆ ਸ਼ੱਕੀ ਲੱਗਦੀ ਹੈ। 'ਆਪ' ਦੀ ਸਥਾਪਨਾ ਭ੍ਰਿਸ਼ਟਾਚਾਰ ਮੁਕਤੀ ਲਈ ਹੋਈ ਸੀ। ਦੱਸਿਆ ਗਿਆ ਕਿ ਭਾਜਪਾ ਦੇ ਜੇਤੂ ਰੱਥ ਨੂੰ ਰੋਕਣ ਦਾ ਕੰਮ ਸਭ ਤੋਂ ਪਹਿਲਾਂ 'ਆਪ' ਨੇ ਕੀਤਾ। ਫਰਾਂਸ ਦੀਆਂ ਚੋਣਾਂ ਵਿਚ ਵੇਖੀਏ ਤਾਂ ਸਾਲ ਭਰ ਪਹਿਲਾਂ ਰਾਸ਼ਟਰਵਾਦੀ ਲੇ ਪੇਨ ਨੂੰ ਜ਼ਬਰਦਸਤ ਸਮਰਥਨ ਮਿਲ ਰਿਹਾ ਸੀ, ਪਰ ਇਮੈਨੁਅਲ ਮੈਕਰੌਨ ਨੇ ਸਿਰਫ ਡੇਢ ਸਾਲ ਵਿਚ ਪਾਰਟੀ ਖੜ੍ਹੀ ਕਰ ਕੇ ਜਨਤਾ ਨੂੰ ਨਵਾਂ ਬਦਲ ਦਿੱਤਾ ਅਤੇ ਚੋਣ ਵੀ ਜਿੱਤ ਲਈ। ਅਜਿਹਾ ਹੀ ਕੁੱਝ 2019 ਵਿਚ ਸਾਡੇ ਦੇਸ਼ ਵਿਚ ਵੀ ਹੋ ਸਕਦਾ ਸੀ। ਦੋ-ਤਿੰਨ ਸਾਲ ਚੰਗਾ ਕੰਮ ਕਰ ਕੇ 'ਆਪ' ਦੀ ਉਮਰ ਜ਼ਿਆਦਾ ਨਾ ਹੋਣ 'ਤੇ ਵੀ ਭਾਜਪਾ ਵਿਰੁੱਧ ਮਜ਼ਬੂਤ ਪਾਰਟੀ ਖੜ੍ਹੀ ਹੋ ਸਕਦੀ ਸੀ, ਪਰ ਹੁਣ ਅਜਿਹਾ ਹੋਣ ਦੀ ਸੰਭਾਵਨਾ ਘੱਟ ਨਜ਼ਰ ਆ ਰਹੀ ਹੈ।



ਰਹੀ ਗੱਲ ਈ.ਵੀ.ਐਮ. ਦੀ ਤਾਂ ਇਲੈਕਟ੍ਰੋਨਿਕਸ ਦੀ ਭਾਸ਼ਾ ਵਿਚ ਈ.ਵੀ.ਐਮ. ਐਮਬੇਡਿਡ ਸਿਸਟਮ ਹੈ, ਮਤਲਬ ਖਾਸ ਕੰਮ ਕਰਨ ਲਈ ਬਣਾਇਆ ਗਿਆ ਯੰਤਰ। ਇਸ 'ਚ ਛੋਟੇ-ਛੋਟੇ ਇਲੈਕਟ੍ਰੋਨਿਕ ਉਪਕਰਣਾਂ ਦਾ ਨੈੱਟਵਰਕ ਬਣਿਆ ਹੁੰਦਾ ਹੈ। ਈ.ਵੀ.ਐਮ. ਦੀ ਵਰਤੋਂ ਕਰਨ ਲਈ ਵਿਸ਼ੇਸ਼ ਸਾਫ਼ਟਵੇਅਰ ਲੱਗਦਾ ਹੈ, ਜੋ ਸਿਰਫ ਚੋਣ ਕਮਿਸ਼ਨ ਕੋਲ ਹੈ। ਪੂਰੇ ਸਿਸਟਮ ਦੇ ਕਿਸੇ ਵੀ ਹਿੱਸੇ 'ਚ ਛੇੜਛਾੜ ਦੀ ਕੋਸ਼ਿਸ਼ ਨਾਲ ਈ.ਵੀ.ਐਮ. ਹੀ ਠੱਪ ਹੋ ਜਾਂਦਾ ਹੈ। ਇੰਨੇ ਵੱਡੇ ਪੱਧਰ 'ਤੇ ਇਕ-ਦੂਜੇ ਨਾਲ ਸਿੰਕ੍ਰੋਨਾਈਜ਼ ਨਾ ਕੀਤੀਆਂ ਗਈਆਂ ਮਸ਼ੀਨਾਂ ਨੂੰ ਹੈਕ ਕਰਨਾ ਬਹੁਤ ਮੁਸ਼ਕਲ ਹੈ।

# ਅਮਰੀਕੀ ਵਿਰਸੇ ਦਾ ਹਿੱਸਾ ਬਣ ਚੁੱਕਾ ਹੈ ਸਿੱਖ ਧਰਮ : ਹੋਲਯੋਕ ਮੇਅਰ

**ਹੋਲਯੋ/ਬਿਊਰੋ ਨਿਊਜ਼ :** ਅਮਰੀਕਾ ਦੇ ਮਾਸਚਿਊਸੈਟਸ ਸੂਬੇ ਦੇ ਹੋਲਯੋਕ ਸ਼ਹਿਰ ਦੇ ਮੇਅਰ ਅਲੈਕਸ ਬੀ. ਮੌਰਸ ਨੇ ਇਕ ਵਿਸ਼ੇਸ਼ ਇਕੱਠ ਦੌਰਾਨ ਕਿਹਾ ਕਿ 9/11 ਦੇ ਹਮਲੇ ਮਗਰੋਂ ਭਾਵੇਂ ਸਿੱਖਾਂ ਨੂੰ ਪਛਾਣ ਦੇ ਭੁਲੇਖੇ ਕਾਰਨ ਜਾਨੀ ਨੁਕਸਾਨ ਉਠਾਉਣਾ ਪਿਆ ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ, ਅਮਰੀਕੀ ਵਿਰਸੇ ਦਾ ਹਿੱਸਾ ਬਣ ਚੁੱਕੇ ਹਨ। ਮੇਅਰ ਅਲੈਕਸ ਬੀ. ਮੌਰਸ ਨੇ ਕਿਹਾ, "ਅਮਰੀਕਾ ਵਿਚ ਸਿੱਖਾਂ ਨੇ ਸਮਾਜਕ, ਸਭਿਆਚਾਰਕ ਅਤੇ ਆਰਥਕ ਤੌਰ 'ਤੇ ਵੱਡਾ ਯੋਗਦਾਨ ਪਾਇਆ ਹੈ ਅਤੇ ਦੁਨੀਆ ਦੇ ਇਸ ਆਧੁਨਿਕ ਧਰਮ ਨਾਲ ਸਬੰਧਤ ਲੋਕਾਂ ਦੀ ਤਰੱਕੀ ਵੇਖਿਆਂ ਹੀ ਬਣਦੀ ਹੈ। ਸਥਾਨਕ ਸਿੱਖ ਆਗੂ ਮਨਮੋਹਨ ਸਿੰਘ ਭਰਾੜਾ ਨੇ ਕਿਹਾ ਕਿ ਸਿੱਖ ਹੋਣ ਦਾ ਮਤਲਬ ਪ੍ਰਮਾਤਮਾ ਦਾ ਸੇਵਕ ਹੈ ਅਤੇ ਸਿੱਖ ਧਰਮ ਦੀਆਂ ਰਵਾਇਤਾਂ ਅਮਰੀਕੀ ਸਮਾਜ ਦਾ ਹਿੱਸਾ ਬਣ ਚੁੱਕੀਆਂ ਹਨ। ਸਿੱਖ ਕਾਰੋਬਾਰੀ ਗੁਰਿੰਦਰ ਸਿੰਘ ਧਾਲੀਵਾਲ ਨੇ ਸਮਾਗਮ ਦੇ ਪ੍ਰਬੰਧਾਂ ਲਈ ਕੌਂਸਲਰ ਡੈਨੀਅਲ ਬੀ. ਬਰੈਸਨਨ ਅਤੇ ਹੋਰਨਾਂ ਕੌਂਸਲਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਲਾਕੇ ਵਿਚ ਸਿੱਖਾਂ ਦੀ ਸੰਘਣੀ ਆਬਾਦੀ ਨਾ ਹੋਣ ਦੇ ਬਾਵਜੂਦ ਪ੍ਰਸ਼ਾਸਨ ਵਿਚ ਚੰਗਾ ਅਸਰ-ਰਸੂਖ ਹੈ। ਬਰੈਸਨਨ ਨੇ ਕਿਹਾ ਕਿ ਸ਼ਹਿਰ ਦੇ ਪ੍ਰਸ਼ਾਸਨ ਵਲੋਂ ਵੱਖ-ਵੱਖ ਪਿਛੋਕੜ ਵਾਲੇ ਪ੍ਰਵਾਸੀਆਂ ਨੂੰ ਵਸਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗੁਰਿੰਦਰ ਸਿੰਘ ਧਾਲੀਵਾਲ ਵਰਗੇ ਕਾਰੋਬਾਰੀ ਸਿਰਫ਼ ਵਪਾਰ ਵਿਚ ਹੀ ਨਹੀਂ ਸਗੋਂ ਸਮਾਜਕ ਤੌਰ 'ਤੇ ਵੀ ਸਰਗਰਮ ਭੂਮਿਕਾ ਅਦਾ ਕਰ ਰਹੇ ਹਨ।

# ਭਗਵੰਤ ਮਾਨ ਦੀ ਪ੍ਰਧਾਨਗੀ ਤੋਂ ਨਾਰਾਜ਼ ਗੁਰਪ੍ਰੀਤ ਵੜੈਚ ਨੇ 'ਆਪ' ਨੂੰ ਕਿਹਾ ਅਲਵਿਦਾ



**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਦੇ ਅਹੁਦੇ ਤੋਂ ਹਟਾਏ ਗੁਰਪ੍ਰੀਤ ਸਿੰਘ ਵੜੈਚ ਨੇ ਭਰੇ ਮਨ ਨਾਲ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦਿੰਦਿਆਂ ਕਿਹਾ ਕਿ ਉਹ ਸ਼ਰਾਬ ਨਾ ਪੀਣ ਦੀ ਸ਼ਰਤ 'ਤੇ ਪ੍ਰਧਾਨ ਬਣਾਏ ਭਗਵੰਤ ਮਾਨ ਦੀ ਕਮਾਂਡ ਹੇਠ ਕੰਮ ਕਰਨ ਤੋਂ ਅਸਮਰੱਥ ਹਨ।
ਸ੍ਰੀ ਵੜੈਚ ਨੇ ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਸੁੱਚਾ ਸਿੰਘ ਛੋਟੇਪੁਰ ਨੂੰ ਬਰਖ਼ਾਸਤ ਕਰਨ ਮੌਕੇ ਪਾਰਟੀ ਵਿੱਚ ਵੱਡਾ ਖਲਾਅ ਪੈਦਾ ਹੋਇਆ ਸੀ ਤਾਂ ਉਸ ਵੇਲੇ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ (ਵੜੈਚ) ਨੂੰ ਕਨਵੀਨਰ ਬਣਾਇਆ ਸੀ, ਜਦੋਂਕਿ ਉਦੋਂ ਵੀ ਭਗਵੰਤ ਮਾਨ ਮੌਜੂਦ ਸਨ, ਫਿਰ ਉਸ ਵੇਲੇ ਮਾਨ ਨੂੰ ਕਨਵੀਨਰ ਕਿਉਂ ਨਹੀਂ ਬਣਾਇਆ ਗਿਆ ? ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਦਿਨਾਂ ਵਿੱਚ ਭਗਵੰਤ ਮਾਨ ਨੇ ਜਿੱਥੇ ਆਪਣੇ ਘਰ ਲੱਗੇ ਪਾਰਟੀ ਦੇ ਪੋਸਟਰ ਗੁੱਸੇ ਵਿੱਚ ਪਾੜ ਦਿੱਤੇ ਸਨ, ਉਥੇ ਦਿੱਲੀ ਦੀ ਲੀਡਰਸ਼ਿਪ ਦੀ ਵੀ ਖ਼ੂਬ ਝਾੜ-ਝੰਬ ਕੀਤੀ ਸੀ ਅਤੇ ਅਮਰੀਕਾ ਉਡਾਰੀ ਮਾਰਨ ਦਾ ਦਾਬਾ ਮਾਰਿਆ ਸੀ। ਸ਼ਾਇਦ ਇਸੇ ਕਾਰਨ ਹੀ ਹਾਈ ਕਮਾਂਡ ਦੀ ਭਗਵੰਤ ਮਾਨ ਨੂੰ ਪ੍ਰਧਾਨ ਬਣਾਉਣ ਦੀ ਮਜਬੂਰੀ ਬਣ ਗਈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਇਸ ਸ਼ਰਤ 'ਤੇ ਪ੍ਰਧਾਨ ਬਣਾਇਆ ਹੈ ਕਿ ਉਹ ਭਵਿੱਖ ਵਿੱਚ ਸ਼ਰਾਬ ਨਹੀਂ ਪੀਣਗੇ ਤੇ ਖ਼ੁਦ ਸ੍ਰੀ ਮਾਨ ਨੇ ਵੀ ਮੀਟਿੰਗ ਦੌਰਾਨ ਵਾਅਦਾ ਕੀਤਾ ਹੈ ਕਿ ਜੇ ਉਹ ਸ਼ਰਾਬ ਪੀਣ ਤਾਂ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਮੁਅੱਤਲ ਕੀਤੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ, ਵਿਧਾਇਕ ਸੁਖਪਾਲ ਸਿੰਘ ਖਹਿਰਾ ਜਾਂ ਐਚ.ਐਸ. ਫੂਲਕਾ ਨੂੰ ਪ੍ਰਧਾਨ ਬਣਾਉਣ ਵਿੱਚ ਪਾਰਟੀ ਦਾ ਭਲਾ ਸੀ। ਸ੍ਰੀ ਵੜੈਚ ਨੇ ਭਗਵੰਤ ਮਾਨ ਨੂੰ ਪ੍ਰਧਾਨ ਬਣਾਉਣ ਲਈ ਅਪਣਾਈ ਪ੍ਰਕਿਰਿਆ ਨੂੰ ਧੋਖਾ ਦੱਸਦਿਆਂ ਕਿਹਾ ਕਿ ਚੋਣ ਪ੍ਰਕਿਰਿਆ ਵਿੱਚ 20 ਵਿਧਾਇਕਾਂ ਤੋਂ ਬਿਨਾਂ 20 ਦੇ ਕਰੀਬ ਮਨਮਾਨੇ ਢੰਗ ਨਾਲ ਵਿੰਗਾਂ ਦੇ ਆਗੂ ਤੇ ਅਹੁਦੇਦਾਰ ਸੱਦੇ ਗਏ ਸਨ, ਜਿਸ ਤੋਂ ਸਪਸ਼ਟ ਸੀ ਕਿ ਪ੍ਰਧਾਨ ਦੀ ਮੋਹਰ ਪਹਿਲਾਂ ਹੀ ਸ੍ਰੀ ਮਾਨ ਦੇ ਨਾਂ 'ਤੇ ਲਾਈ ਜਾ ਚੁੱਕੀ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਦੀ ਚੋਣ ਘੱਟੋ-ਘੱਟ ਚੋਣ ਲੜੇ ਸਾਰੇ ਉਮੀਦਵਾਰਾਂ ਅਤੇ ਸਰਗਰਮ ਵਲੰਟੀਅਰਾਂ ਦੀ ਰਾਇ ਨਾਲ ਕਰਨੀ ਚਾਹੀਦੀ ਸੀ। ਸ੍ਰੀ ਵੜੈਚ ਨੇ ਕਿਹਾ ਕਿ ਜੇ ਸ੍ਰੀ ਕੇਜਰੀਵਾਲ ਦੀ ਭਗਵੰਤ ਮਾਨ ਨੂੰ ਪ੍ਰਧਾਨ ਬਣਾਉਣ ਦੀ ਕੋਈ ਮਜਬੂਰੀ ਸੀ ਤਾਂ ਉਨ੍ਹਾਂ ਨੂੰ ਖ਼ੁਦ ਆਪਣੇ ਕੋਲ ਸੱਦ ਕੇ ਅਸਤੀਫ਼ਾ ਲੈ ਲੈਂਦੇ। ਸ੍ਰੀ ਵੜੈਚ ਨੇ ਕਿਹਾ ਕਿ ਟਿਕਟਾਂ ਵੰਡਣ ਵੇਲੇ ਉਨ੍ਹਾਂ ਨੂੰ ਕਈ ਆਗੂਆਂ ਖ਼ਿਲਾਫ਼ ਪੈਸੇ ਲੈਣ ਸਣੇ ਹੋਰ 'ਸੰਗੀਨ' ਸ਼ਿਕਾਇਤਾਂ ਮਿਲੀਆਂ ਸਨ ਤੇ ਉਨ੍ਹਾਂ ਨੇ ਸ਼ਿਕਾਇਤਾਂ 'ਤੇ ਕਾਰਵਾਈ ਕਰਨ ਲਈ ਹਾਈ ਕਮਾਂਡ ਨੂੰ ਲਿਖਿਆ ਸੀ ਪਰ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਇਕਾਈ ਦੇ ਸਾਬਕਾ ਇੰਚਾਰਜ ਸੰਜੇ ਸਿੰਘ ਬਾਰੇ ਉਨ੍ਹਾਂ ਨੂੰ ਅਜਿਹੀ ਕੋਈ ਸ਼ਿਕਾਇਤ ਨਹੀਂ ਮਿਲੀ। ਉਨ੍ਹਾਂ ਖ਼ੁਲਾਸਾ ਕੀਤਾ ਕਿ ਪਾਰਟੀ ਨੇ ਸ੍ਰੀ ਛੋਟੇਪੁਰ ਵੱਲੋਂ ਪੈਸੇ ਲੈਣ ਦੀ ਵੀਡੀਓ ਵਾਰ-ਵਾਰ ਕਹਿਣ ਦੇ ਬਾਵਜੂਦ ਉਨ੍ਹਾਂ ਨੂੰ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਮੌਜੂਦਾ ਲੀਡਰਸ਼ਿਪ ਸਿਧਾਂਤਾਂ ਤੋਂ ਭਟਕ ਚੁੱਕੀ ਹੈ। ਇਸ ਮੌਕੇ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਗਿੱਲ ਅਤੇ ਫੰਡ ਰੇਜ਼ਿੰਗ ਕਮੇਟੀ ਦੇ ਆਗੂ ਮਿਹਰਬਾਨ ਸਿੰਘ ਵੀ ਹਾਜ਼ਰ ਸਨ। ਸੂਤਰਾਂ ਅਨੁਸਾਰ ਸ੍ਰੀ ਵੜੈਚ ਨੇ ਇੱਕ ਸਿਆਸੀ ਪਾਰਟੀ ਦੇ ਕੁਝ ਆਗੂਆਂ ਨਾਲ ਮੁਲਾਕਾਤ ਵੀ ਕੀਤੀ ਹੈ ਪਰ ਸ੍ਰੀ ਵੜੈਚ ਨੇ ਇਸ ਨੂੰ ਅਫ਼ਵਾਹ ਦੱਸਿਆ ਹੈ।

## ਭਗਵੰਤ ਮਾਨ ਬੋਲੇ- ਗੁਰਪ੍ਰੀਤ ਵੜੈਚ ਤੋਂ ਇਹ ਆਸ ਨਹੀਂ ਸੀ



ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਗੁਰਪ੍ਰੀਤ ਸਿੰਘ ਵੜੈਚ ਤੋਂ ਅਜਿਹੀ ਆਸ ਨਹੀਂ ਸੀ, ਕਿਉਂਕਿ ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਕਨਵੀਨਰ ਚੁਣਿਆ ਗਿਆ ਸੀ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਵੜੈਚ ਹੁਣ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਕਈ ਲੀਡਰਾਂ ਵਿਰੁੱਧ 'ਸੰਗੀਨ' ਸ਼ਿਕਾਇਤਾਂ ਮਿਲੀਆਂ ਸਨ ਪਰ ਉਸ ਵੇਲੇ ਉਹ ਚੁੱਪ ਕਿਉਂ ਰਹੇ ?

## ਮਾਨ ਨੂੰ ਸ਼ਰਾਬੀ ਕਹਿਣ ਵਾਲੇ ਉਪਕਾਰ ਸੰਧੂ ਦੀ ਪਾਰਟੀ 'ਚੋਂ ਛੁੱਟੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਨਵੇਂ ਬਣੇ ਸੂਬਾਈ ਪ੍ਰਧਾਨ ਭਗਵੰਤ ਮਾਨ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਜ਼ਿਮਨੀ ਚੋਣ ਲੜਨ ਵਾਲੇ ਪਾਰਟੀ ਉਮੀਦਵਾਰ ਉਪਕਾਰ ਸਿੰਘ ਸੰਧੂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ, ਜਦੋਂ ਕਿ ਸ੍ਰੀ ਸੰਧੂ ਨੇ ਆਖਿਆ ਕਿ ਅਜਿਹੇ ਫੈਸਲਿਆਂ ਕਾਰਨ ਹੀ ਪਾਰਟੀ ਦੀ ਸਾਖ਼ ਨੂੰ ਢਾਹ ਲੱਗ ਰਹੀ ਹੈ।
ਇਸ ਸਬੰਧੀ ਭਗਵੰਤ ਮਾਨ ਨੇ ਸਪਸ਼ਟ ਕੀਤਾ ਕਿ ਸ੍ਰੀ ਸੰਧੂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਪਾਰਟੀ ਵਿਚੋਂ ਬਾਹਰ ਕੀਤਾ ਗਿਆ ਹੈ। ਸ੍ਰੀ ਸੰਧੂ ਨੇ ਹਾਲ ਹੀ ਵਿੱਚ ਭਗਵੰਤ ਮਾਨ ਦੀ ਨਵੀਂ ਨਿਯੁਕਤੀ 'ਤੇ ਸਖ਼ਤ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਸੋਸ਼ਲ ਸਾਈਟ 'ਤੇ ਲਿਖਿਆ ਸੀ ਕਿ ਇਸ ਨਾਲ ਪਾਰਟੀ ਦੀ ਸਾਖ਼ ਨੂੰ ਢਾਹ ਲੱਗੀ ਹੈ ਅਤੇ ਇਸ ਨਾਲ 'ਆਪ' ਪੀਪੀਪੀ (ਪੈਗ ਪਿਆਲਾ ਪਾਰਟੀ) ਬਣ ਕੇ ਰਹਿ ਗਈ ਹੈ। ਦੂਜੇ ਪਾਸੇ, ਸ੍ਰੀ ਸੰਧੂ ਨੇ ਆਖਿਆ ਕਿ ਉਹ ਇਸ ਫ਼ੈਸਲੇ ਸਬੰਧੀ ਤਿਆਰ ਸਨ ਅਤੇ ਉਨ੍ਹਾਂ ਨੂੰ ਇਸ ਫ਼ੈਸਲੇ ਨਾਲ ਕੋਈ ਹੈਰਾਨੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੂੰ ਪਾਰਟੀ ਦਾ ਸੂਬਾਈ ਮੁਖੀ ਬਣਾਉਣਾ ਵੀ ਇੱਕ ਗਲਤ ਫ਼ੈਸਲਾ ਹੈ। ਕਿਸੇ ਸਿਆਸੀ ਪਾਰਟੀ ਵਿੱਚ ਸ਼ਾਮਲ ਹੋਣ ਬਾਰੇ ਉਨ੍ਹਾਂ ਆਖਿਆ ਕਿ ਫਿਲਹਾਲ ਉਨ੍ਹਾਂ ਇਸ ਬਾਰੇ ਤੈਅ ਨਹੀਂ ਕੀਤਾ ਹੈ। ਉਹ ਜਨਮ ਤੋਂ ਅਕਾਲੀ ਹਨ ਅਤੇ ਅਕਾਲੀ ਸੋਚ ਨਾਲ ਜੁੜੇ ਹੋਏ ਹਨ। ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਵਿੱਚ ਕੋਈ ਬਦਲਾਅ ਆਉਂਦਾ ਹੈ ਤਾਂ ਉਹ ਮੁੜ ਅਕਾਲੀ ਦਲ ਵਿਚ ਜਾਣ ਬਾਰੇ ਸੋਚ ਸਕਦੇ ਹਨ।

## ਦੋ ਹੋਰ ਆਗੂਆਂ ਨੇ ਛੱਡਿਆ 'ਆਪ' ਦਾ ਸਾਥ

ਘੁੱਗੀ ਨਾਲ ਮੌਜੂਦ 'ਆਪ' ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਗਿੱਲ ਅਤੇ ਪਾਰਟੀ ਲਈ ਫੰਡ ਜੁਟਾਉਣ ਵਾਲੀ ਕਮੇਟੀ ਦੇ ਆਗੂ ਮਿਹਰਬਾਨ ਸਿੰਘ ਸੰਘਾ ਨੇ ਵੀ ਪਾਰਟੀ ਛੱਡ ਦਿੱਤੀ ਹੈ। ਜਗਦੀਪ ਸਿੰਘ ਗਿੱਲ, ਜੋ ਕਿ ਸਾਬਕਾ ਅੰਤਰਰਾਸ਼ਟਰੀ ਹਾਕੀ ਖਿਡਾਰੀ ਵੀ ਹਨ, ਨੇ ਕਿਹਾ ਕਿ ਪਾਰਟੀ ਹਾਈਕਮਾਨ ਵੱਲੋਂ ਬਣਾਇਆ ਵੋਟਿੰਗ ਸਿਸਟਮ ਠੀਕ ਨਹੀਂ, ਕਿਉਂਕਿ ਉਨ੍ਹਾਂ ਨੇ ਨੇਤਾ ਦੀ ਚੋਣ ਤਾਂ ਵੋਟਿੰਗ ਤੋਂ ਪਹਿਲਾਂ ਹੀ ਕੀਤੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਬਿਹਤਰ ਸੀ ਕਿ ਗੁਰਪ੍ਰੀਤ ਸਿੰਘ ਘੁੱਗੀ ਨੂੰ ਬੁਲਾ ਕੇ ਅਹੁਦਾ ਛੱਡਣ ਲਈ ਕਿਹ ਦਿੱਤਾ ਜਾਂਦਾ। ਗਿੱਲ ਨੇ ਕਿਹਾ ਕਿ ਪਾਰਟੀ ਨੇ ਹਾਲੀਆ ਚੋਣਾਂ ਦੌਰਾਨ ਟਿਕਟਾਂ ਨਾਲ ਮਿਲਣ ਤੋਂ ਨਾਰਾਜ਼ ਆਗੂਆਂ ਨੂੰ ਮਨਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮੈਂ ਜਲੰਧਰ ਕੈਂਟ ਤੋਂ ਟਿਕਟ ਦਾ ਦਾਅਵੇਦਾਰ ਸੀ, ਪ੍ਰੰਤੂ ਮੈਨੂੰ ਟਿਕਟ ਨਹੀਂ ਦਿੱਤੀ ਗਈ ਅਤੇ ਮੈਨੂੰ ਟਿਕਟ ਨਾ ਮਿਲਣ ਦਾ ਕੋਈ ਮਲਾਲ ਵੀ ਨਹੀਂ। ਗਿੱਲ ਨੇ ਕਿਹਾ ਕਿ ਉਹ ਵੀ ਘੁੱਗੀ ਨਾਲ ਪਾਰਟੀ ਵਿਚਲੀ ਆਪਣੀ ਅਹੁਦੇਦਾਰੀ ਤੋਂ ਅਸਤੀਫ਼ਾ ਦੇ ਰਹੇ ਹਨ।

## 4 ਵਰਕਰਾਂ ਵੱਲੋਂ ਘੁੱਗੀ ਨਾਲ ਤਕਰਾਰ

ਪ੍ਰੈੱਸ ਕਾਨਫਰੰਸ ਤੋਂ ਬਾਅਦ ਜਦੋਂ ਗੁਰਪ੍ਰੀਤ ਸਿੰਘ ਘੁੱਗੀ ਪ੍ਰੈੱਸ ਕਲੱਬ ਦੇ ਬਾਹਰ ਆਪਣੀ ਗੱਡੀ ਵੱਲ ਜਾਣ ਦੀ ਤਿਆਰੀ ਵਿਚ ਸਨ ਤਾਂ ਉੱਥੇ ਮੌਜੂਦ 4 ਬਜ਼ੁਰਗ ਵਰਕਰਾਂ ਨੇ ਘੁੱਗੀ ਨਾਲ ਤਿੱਖੀ ਤਕਰਾਰ ਸ਼ੁਰੂ ਕਰ ਦਿੱਤੀ। ਪਹਿਲਾਂ ਘੁੱਗੀ ਉਨ੍ਹਾਂ



ਦੀ ਗੱਲ ਠਰ੍ਹੰਮੇ ਨਾਲ ਸੁਣਨ ਲੱਗੇ, ਪ੍ਰੰਤੂ ਜਦੋਂ ਇਕ ਵਰਕਰ ਨੇ ਤਲਖ਼ ਲਹਿਜ਼ੇ ਨਾਲ ਕਿਹਾ ਕਿ ਜਦੋਂ ਜਹਾਜ਼ ਡੁੱਬਣ ਲੱਗਦਾ ਹੈ ਤਾਂ ਚੂਹੇ ਪਹਿਲਾਂ ਭੱਜਣ ਲੱਗਦੇ ਹਨ ਤਾਂ ਘੁੱਗੀ ਗੁੱਸੇ ਵਿਚ ਆ ਗਏ ਅਤੇ ਉੱਥੋਂ ਚਲੇ ਗਏ। ਘੁੱਗੀ ਦੇ ਜਾਣ ਮਗਰੋਂ ਵਰਕਰ ਨੇ ਕਿਹਾ ਕਿ ਪਿਛਲੇ ਸਾਲ ਇਸੇ ਜਗ੍ਹਾ 'ਤੇ ਘੁੱਗੀ ਇਹ ਕਹਿ ਰਿਹਾ ਸੀ ਕਿ ਮੈਨੂੰ ਪਾਰਟੀ ਵਿਚ ਕਿਸੇ ਵੀ ਅਹੁਦੇ ਦੀ ਲੋੜ ਨਹੀਂ, ਪ੍ਰੰਤੂ ਹੁਣ ਜਦੋਂ ਪ੍ਰਧਾਨਗੀ ਨਹੀਂ ਮਿਲੀ ਤਾਂ ਪਾਰਟੀ ਛੱਡ ਰਿਹਾ ਹੈ। ਇਨ੍ਹਾਂ ਵਰਕਰਾਂ ਵਿਚ ਸ਼ਾਮਲ ਇਕ ਬਜ਼ੁਰਗ ਮਹਿਲਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਵੀ ਘੁੱਗੀ 'ਤੇ ਟਿੱਪਣੀ ਕਰਨ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਪੱਤਰਕਾਰਾਂ ਨੇ ਮਹਿਲਾ ਨੂੰ ਇਹ ਕਹਿੰਦਿਆਂ ਅਜਿਹਾ ਕਰਨ ਤੋਂ ਰੋਕ ਦਿੱਤਾ ਕਿ ਇਹ ਪ੍ਰੈੱਸ ਕਾਨਫਰੰਸ ਹੈ, ਜਿੱਥੇ ਕੇਵਲ ਮੀਡੀਆ ਕਰਮੀ ਹੀ ਘੁੱਗੀ ਨੂੰ ਸਵਾਲ ਪੁੱਛ ਸਕਦੇ ਹਨ।

## ਘੁੱਗੀ ਨੂੰ ਵਿਖਾਇਆ ਸੀ ਛੋਟੇਪੁਰ ਦਾ 'ਸਟਿੰਗ ਆਪ੍ਰੇਸ਼ਨ': ਮਾਹਲ

**ਮਾਨਸਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਲੀਗਲ ਸੈੱਲ ਬਠਿੰਡਾ ਜ਼ੋਨ ਦੇ ਸਾਬਕਾ ਕਨਵੀਨਰ ਐਡਵੋਕੇਟ ਗੁਰਲਾਭ ਸਿੰਘ ਮਾਹਲ ਨੇ ਇਹ ਦਾਅਵਾ ਕੀਤਾ ਹੈ ਕਿ ਸੁੱਚਾ ਸਿੰਘ ਛੋਟੇਪੁਰ ਦਾ 'ਸਟਿੰਗ ਆਪ੍ਰੇਸ਼ਨ' ਉਨ੍ਹਾਂ ਗੁਰਪ੍ਰੀਤ ਸਿੰਘ ਘੁੱਗੀ ਨੂੰ ਪਾਰਟੀ ਕਨਵੀਨਰ ਬਣਨ ਤੋਂ ਪਹਿਲਾਂ ਮੁਹਾਲੀ ਵਿਚ ਹਿੰਮਤ ਸਿੰਘ ਸ਼ੇਰਗਿੱਲ ਦੇ ਘਰ ਵਿਖਾਇਆ ਸੀ। ਉਨ੍ਹਾਂ ਦੱਸਿਆ ਕਿ ਇਹ ਵੀਡੀਓ ਵਿਖਾਉਣ ਸਮੇਂ ਸ਼ੇਰਗਿੱਲ ਤੋਂ ਇਲਾਵਾ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਤੇ ਸਹਿ ਇੰਚਾਰਜ ਦੁਰਗੇਸ਼ ਪਾਠਕ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਪੰਜਾਬ ਦੀ ਕਨਵੀਨਰੀ ਤੋਂ ਲਾਂਭੇ ਕਰਨ ਉਪਰੰਤ ਘੁੱਗੀ ਨੇ ਚੰਡੀਗੜ੍ਹ ਵਿਚ ਪ੍ਰੈੱਸ ਕਾਨਫ਼ਰੰਸ ਮੌਕੇ 'ਸਟਿੰਗ ਆਪ੍ਰੇਸ਼ਨ' ਨਾ ਵੇਖਣ ਦੀ ਗੱਲ ਕਹੀ ਹੈ। ਬਾਰ ਐਸੋਸੀਏਸ਼ਨ ਮਾਨਸਾ ਦੇ ਮੈਂਬਰ ਐਡਵੋਕੇਟ ਮਾਹਲ ਨੇ ਸਪਸ਼ਟ ਦੱਸਿਆ ਕਿ ਸਟਿੰਗ ਕਰਵਾਉਣ ਵਿਚ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਸੰਜੇ ਸਿੰਘ, ਹਿੰਮਤ ਸਿੰਘ ਸ਼ੇਰਗਿੱਲ ਤੋਂ ਇਲਾਵਾ ਨਵਜੋਤ ਸਿੰਘ ਬੈਂਸ ਦਾ ਹੱਥ ਸੀ। ਉਨ੍ਹਾਂ ਪਹਿਲੀ ਵਾਰ ਇਹ ਗੱਲ ਖੁੱਲ੍ਹ ਕੇ ਬਿਆਨ ਕੀਤੀ ਕਿ ਉਸ ਵਕਤ ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਫ਼ੰਡ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਉਹ ਧੱਕੇ ਨਾਲ 2 ਲੱਖ ਰੁਪਏ ਖ਼ਰਚੇ-ਵਰਚੇ ਦਾ ਨਾਂਅ ਲੈ ਕੇ ਉਨ੍ਹਾਂ ਕੋਲ ਰੱਖ ਆਏ ਸਨ। ਮਾਹਲ ਨੇ ਮੰਨਿਆ ਕਿ ਸਟਿੰਗ ਕਮਜ਼ੋਰ ਸੀ, ਜਿਸ ਕਰਕੇ ਗੁਰਪ੍ਰੀਤ ਘੁੱਗੀ ਨੇ ਉਸ ਸਮੇਂ ਇਹ ਗੱਲ ਅਣਗੌਲੀ ਕਰ ਦਿੱਤੀ ਸੀ। ਐਡਵੋਕੇਟ ਮਾਹਲ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਆਪਣੇ ਆਗੂਆਂ ਦੀਆਂ ਗ਼ਲਤੀਆਂ ਕਾਰਨ ਹੋਂਦ ਗਵਾ ਰਹੀ ਹੈ।

## ਮੈਨੂੰ 'ਆਪ' ਦੇ ਵਰਕਰਾਂ ਤੋਂ ਜਾਨ ਦਾ ਖ਼ਤਰਾ : ਹਰਿੰਦਰ ਸਿੰਘ ਖ਼ਾਲਸਾ

**ਲੁਧਿਆਣਾ/ਬਿਊਰੋ ਨਿਊਜ਼ :**
ਸੰਸਦ ਮੈਂਬਰ ਭਗਵੰਤ ਮਾਨ ਨੂੰ ਸ਼ਰਾਬ ਦਾ ਆਦੀ ਕਹਿ ਕੇ ਚਰਚਾ ਵਿੱਚ ਆਏ ਫ਼ਤਹਿਗੜ੍ਹ ਸਾਹਿਬ ਤੋਂ ਲੋਕ ਸਭਾ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਨੇ ਆਮ ਆਦਮੀ ਦੇ ਕੁਝ ਵਰਕਰਾਂ ਤੋਂ ਆਪਣੀ ਜਾਨ ਨੂੰ ਖ਼ਤਰਾ ਦੱਸਿਆ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣ। ਉਹ ਲੁਧਿਆਣਾ ਸਥਿਤ ਰਿਹਾਇਸ਼ 'ਤੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਕਈ ਨਸ਼ੇੜੀ ਕਿਸਮ ਦੇ ਨੌਜਵਾਨ, ਜੋ ਹਰ ਸਮੇਂ ਫਿਰੋਜ਼ਪੁਰ ਰੋਡ 'ਤੇ ਕੋਹਿਨੂਰ ਪਾਰਕ ਇਲਾਕੇ ਵਿੱਚ ਸਥਿਤ ਉਨ੍ਹਾਂ ਦੇ ਘਰ ਨੇੜੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਰਹਿੰਦੇ ਹਨ ਤੇ ਕੇਜਰੀਵਾਲ ਦੇ ਭਗਤ ਹਨ, ਉਨ੍ਹਾਂ ਦੀ ਜਾਨ ਦੇ ਪਿੱਛੇ ਪਏ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਇਹੀ ਕਾਰਨ ਹੈ ਕਿ ਉਹ ਹੁਣ ਸੈਰ ਕਰਨ ਲਈ ਵੀ ਨਹੀਂ ਜਾ ਰਹੇ ਤਾਂ ਕਿ ਕੋਈ ਅਣਹੋਣੀ ਨਾ ਹੋ ਜਾਵੇ। ਉਨ੍ਹਾਂ ਇਸ ਸਬੰਧੀ ਗ੍ਰਹਿ ਮੰਤਰੀ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਜਾਣੂ ਕਰਵਾ ਦਿੱਤਾ ਹੈ।

## ਫੂਲਕਾ ਨੇ 16 ਵਿਧਾਇਕਾਂ ਸਮੇਤ ਰਾਜਪਾਲ ਨਾਲ ਕੀਤੀ ਮੁਲਾਕਾਤ, ਖਹਿਰਾ ਰਹੇ ਗ਼ੈਰਹਾਜ਼ਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਤੇ ਆਮ ਆਦਮੀ ਪਾਰਟੀ ਦੇ ਆਗੂ ਐਡਵੋਕੇਟ ਐਚ.ਐਸ ਫੂਲਕਾ ਨੇ 16 ਪਾਰਟੀ ਵਿਧਾਇਕਾਂ ਸਮੇਤ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨੂੰ ਰਾਜ ਭਵਨ ਵਿੱਚ ਮਿਲ ਕੇ ਅਸਿੱਧੇ ਢੰਗ ਨਾਲ ਸ਼ਕਤੀ ਪ੍ਰਦਰਸ਼ਨ ਕੀਤਾ। ਉਂਜ ਇਸ ਮੁਲਾਕਾਤ ਦੌਰਾਨ ਪਾਰਟੀ ਦੇ ਬੁਲਾਰੇ ਤੇ ਪੰਜਾਬ ਅਸੈਂਬਲੀ ਵਿੱਚ ਪਾਰਟੀ ਦੇ ਵ੍ਹਿਪ ਗੈਰਹਾਜ਼ਰ ਰਹੇ।
'ਆਪ' ਆਗੂ ਦੀ ਰਾਜਪਾਲ ਨਾਲ ਇਹ ਮੁਲਾਕਾਤ ਕਾਫ਼ੀ ਅਹਿਮ ਹੈ ਕਿਉਂਕਿ ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸਕੱਤਰ ਵਿਨੀਤ ਜੋਸ਼ੀ ਨੇ ਦਾਅਵਾ ਕੀਤਾ ਸੀ ਕਿ 'ਆਪ' ਦੇ 11 ਵਿਧਾਇਕ ਉਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਹੋਣ ਦੀ ਤਿਆਰੀ ਵਿੱਚ ਹਨ। ਇਸੇ ਤਰ੍ਹਾਂ 'ਆਪ' ਦੀ ਪੰਜਾਬ ਇਕਾਈ ਦੇ ਸਾਬਕਾ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਵੱਲੋਂ ਪਾਰਟੀ ਛੱਡਣ ਕਾਰਨ ਵੀ ਕੁਝ ਵਿਧਾਇਕਾਂ ਦੇ ਨਾਰਾਜ਼ ਹੋਣ ਦੀ ਚਰਚਾ ਸੀ। ਸੂਤਰਾਂ ਅਨੁਸਾਰ ਪਾਰਟੀ ਨੇ ਮੁੱਖ ਤੌਰ 'ਤੇ ਇਨ੍ਹਾਂ ਖ਼ਦਸ਼ਿਆਂ ਨੂੰ ਦੂਰ ਕਰਨ ਲਈ ਹੀ ਸਮੂਹ ਵਿਧਾਇਕਾਂ ਸਮੇਤ ਰਾਜਪਾਲ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ ਸੀ। ਵਫ਼ਦ ਵਿਚੋਂ

**ਬਾਕੀ ਸਫ਼ਾ 32 'ਤੇ**



'ਆਪ' ਆਗੂ ਐਚ.ਐਸ. ਫੂਲਕਾ ਪਾਰਟੀ ਵਿਧਾਇਕਾਂ ਸਮੇਤ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੂੰ ਮੈਮੋਰੰਡਮ ਦਿੰਦੇ ਹੋਏ।

## ਮੌਜੂਦਾ ਸਮੇਂ ਪੰਜਾਬ 'ਚ 'ਆਪ' ਨੇ ਕੋਈ ਵੀ ਚੋਣ ਲੜੀ ਤਾਂ ਬੁਰੀ ਤਰ੍ਹਾਂ ਹਾਰੇਗੀ : ਖਹਿਰਾ

**ਜਲੰਧਰ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ 'ਚ ਮਚੇ ਘਮਸਾਣ ਦੇ ਚੱਲਦਿਆਂ ਦੋ ਅਹੁਦਿਆਂ ਤੋਂ ਅਸਤੀਫ਼ਾ ਦੇ ਚੁੱਕੇ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਮੌਜੂਦਾ ਸਮੇਂ ਜੇਕਰ 'ਆਪ' ਗੁਰਦਾਸਪੁਰ ਲੋਕ ਸਭਾ ਹਲਕੇ ਦੀ ਉਪ ਚੋਣ, ਨਗਰ ਨਿਗਮ ਅਤੇ ਪੰਚਾਇਤੀ ਚੋਣਾਂ ਲੜਦੀ ਹੈ ਤਾਂ ਪਾਰਟੀ ਬੁਰੀ ਤਰ੍ਹਾਂ ਹਾਰ ਜਾਵੇਗੀ। ਉਨ੍ਹਾਂ ਇੱਥੇ ਕਿਹਾ ਕਿ 'ਆਪ' ਉਦੋਂ ਹੀ ਮਜ਼ਬੂਤ ਹੋਵੇਗੀ, ਜਦੋਂ ਇਹ ਆਪਣੇ ਸਿਧਾਂਤਾਂ ਵੱਲ ਪਰਤ ਆਵੇਗੀ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਜ਼ਬਰਦਸਤ ਵਾਪਸੀ ਕਰੇਗੀ ਤੇ 8 ਤੋਂ 10 ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਜੇ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਨਫ਼ਰਤ ਕਰਦੇ ਹਨ ਅਤੇ ਕਾਂਗਰਸ ਸਰਕਾਰ ਦਾ ਗਰਾਫ ਤੇਜ਼ੀ ਨਾਲ ਹੇਠਾਂ ਡਿੱਗ ਰਿਹਾ ਹੈ। ਸ੍ਰੀ ਖਹਿਰਾ ਨੇ ਗੁਰਪ੍ਰੀਤ ਸਿੰਘ ਘੁੱਗੀ ਵੱਲੋਂ

**ਬਾਕੀ ਸਫ਼ਾ 32 'ਤੇ**

ਅੰਮ੍ਰਿਤਸਰ ਟਾਈਮਜ਼
AMRITSAR TIMES
17 ਮਈ 2017 ਤੋਂ 23 ਮਈ 2017

# ਭ੍ਰਿਸ਼ਟਾਚਾਰ 'ਚ ਰੰਗਿਆ ਭਾਰਤਤੰਤਰ

## ਸੂਹੀਆਂ ਸੰਸਥਾਂਵਾਂ ਤੱਕ ਤੋਂ ਲਈ ਜਾਂਦੀ ਹੈ ਸਿਆਸੀ ਸੇਵਾ

ਦੁਨੀਆ ਦੇ ਭ੍ਰਿਸ਼ਟ ਮੁਲਕਾਂ ਵਿੱਚ ਭਾਰਤ ਦਾ ਚੰਗਾ ਨਾਂਅ ਹੈ। ਵੈਸੇ ਤਾਂ ਸ਼ਾਇਦ ਹੀ ਕੋਈ ਵਿਰਲਾ ਟਾਂਵਾ ਦੇਸ਼ ਇਸ ਕੋਹੜ ਤੋਂ ਬਚਿਆ ਹੋਵੇ ਪਰ ਏਸ਼ਿਆਈ ਖਿੱਤਾ ਇਸ ਮਾਮਲੇ ਵਿੱਚ ਖ਼ਾਸੀ ਮਸ਼ਹੂਰੀ ਰੱਖਦਾ ਹੈ। ਇਹ ਪੱਖ ਕਿਸੇ ਤੋਂ ਛੁਪਿਆ ਨਹੀਂ ਕਿ ਭਾਰਤੀ ਰਾਜ ਪ੍ਰਬੰਧ ਅਤੇ ਸਮਾਜ ਵਿੱਚ ਭ੍ਰਿਸ਼ਟਾਚਾਰ ਦਾ ਵੱਡੀ ਪੱਧਰ ਉੱਤੇ ਬੋਲ-ਬਾਲਾ ਹੈ। ਕੇਵਲ ਰਾਜਸੀ ਆਗੂ ਨਹੀਂ ਬਲਕਿ ਅਫ਼ਸਰਸ਼ਾਹੀ, ਪੁਲੀਸ ਅਤੇ ਹੇਠਲੇ ਪੱਧਰ ਦੇ ਮੁਲਾਜ਼ਮ ਆਪਣੀਆਂ ਰਾਜਸੀ ਤੇ ਪ੍ਰਸ਼ਾਸਕੀ ਜ਼ੁੰਮੇਵਾਰੀਆਂ ਨੂੰ ਅੱਖੋਂ ਪਰੋਖੇ ਕਰਕੇ ਆਪਣਾ ਸਾਰਾ ਸਮਾਂ ਨਾਜਾਇਜ਼ ਢੰਗਾਂ ਨਾਲ ਪੈਸਾ ਕਮਾਉਣ/ਉਗਰਾਹੁਣ ਉੱਤੇ ਹੀ ਲਾਉਂਦੇ ਹਨ। ਸਰਕਾਰੀ ਪ੍ਰਾਜੈਕਟਾਂ ਦੀ ਨੀਲਾਮੀ ਅਤੇ ਠੇਕਿਆਂ ਵਿੱਚ ਪੱਖਪਾਤ, ਵੱਡੀ ਪੱਧਰ ਉੱਤੇ ਰਿਸ਼ਵਤ, ਬੇਨਾਮੀ ਹਿੱਸੇਦਾਰੀ ਜੱਗ ਜ਼ਾਹਰ ਹੈ।

ਭਾਰਤ ਦੇ ਆਜ਼ਾਦ ਹੋਣ ਬਾਅਦ ਲੰਮਾ ਸਮਾਂ ਸੱਤਾ ਵਿੱਚ ਰਹੀ ਕਾਂਗਰਸ ਪਾਰਟੀ ਨੂੰ ਭ੍ਰਿਸ਼ਟਾਚਾਰ ਦੀ ਜਨਮਦਾਤੀ ਕਿਹਾ ਜਾਂਦਾ ਹੈ। ਉਂਝ ਇਸ ਸ਼ਰਮਨਾਕ ਰੁਝਾਣ ਤੋਂ ਕੋਈ ਵੀ ਪਾਰਟੀ ਦੁੱਧ ਧੋਤੀ ਨਹੀਂ ਅਖ਼ਵਾ ਸਕਦੀ। ਖ਼ੁਦ ਕਾਨੂੰਨ ਦੇ ਰਖਵਾਲਿਆਂ ਦੀ ਸਥਿਤੀ 'ਚੋਰ-ਕੁੱਤੀ ਰਲੇ ਹੋਣ' ਵਾਲੀ ਹੋਣ ਕਰਕੇ ਅਜਿਹੇ ਮਾਮਲੇ ਥੋੜ੍ਹਾ ਸਮਾਂ ਰੌਲਾ ਪੈਣਾ ਬਾਅਦ ਦਬ ਜਾਂਦੇ ਹਨ ਜਾਂ ਦਬਾਅ ਦਿੱਤੇ ਜਾਂਦੇ ਸਨ। ਹਾਂ ਪਿਛਲੇ ਕਈ ਸਾਲਾਂ ਤੋਂ ਸਰਕਾਰਾਂ ਨੂੰ ਸ਼ਰਮੋਂ ਸ਼ਰਮੀ ਅਜਿਹੇ ਮਾਮਲਿਆਂ ਦੀ ਜਾਂਚ ਅਤੇ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਣਾ ਪੈਂਦਾ ਰਿਹਾ ਹੈ। ਦੂਜੇ ਪਾਸੇ ਸਿਆਸੀ ਤੇ ਸਰਕਾਰੀ ਲੁਟੇਰਿਆਂ ਨੇ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ। ਸਿੱਟੇ ਵਜੋਂ ਲੋਕਾਂ ਵਿਚ ਰੋਹ ਵਧਦਾ ਗਿਆ। ਇਸ ਲਈ ਸਮੇਂ ਸਮੇਂ 'ਤੇ ਵੱਡੇ ਸਕੈਂਡਲ ਸਾਹਮਣੇ ਆਉਣ ਅਤੇ ਸਨਸਨੀਖੇਜ਼ ਪ੍ਰਗਟਾਵਿਆਂ ਬਾਅਦ ਕੋਈ ਢੁਕਵੀਂ ਕਾਰਵਾਈ ਨਾ ਹੋਣ ਬਾਅਦ ਉਚ ਅਦਾਲਤਾਂ ਨੂੰ ਚੌਕੀਦਾਰੀ ਦਾ ਕੰਮ ਸੰਭਾਲਣਾ ਪੈਂਦਾ ਹੈ।

ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਨੇ ਤਿੰਨ ਸਾਲ ਪਹਿਲਾਂ ਸੱਤਾ ਸੰਭਾਲਣ ਬਾਅਦ ਭਾਰਤ ਵਿੱਚ ਭ੍ਰਿਸ਼ਟਾਚਾਰ ਦੇ ਖ਼ਾਤਮੇ ਅਤੇ ਕਾਲੇ ਧਨ ਨੂੰ ਕਾਬੂ ਕਰਨ ਲਈ ਹੁਣ ਤੱਕ ਜਿਹੜੀ ਵੀ ਕਾਰਵਾਈ ਕੀਤੀ ਹੈ, ਉਹ ਵਾਦ ਵਿਵਾਦ ਵਿੱਚ ਘਿਰਦੀ ਆਈ ਹੈ। 2014 ਦੇ ਪਹਿਲੇ ਅੱਧ ਵਿੱਚ ਹੋਈਆਂ ਲੋਕ ਸਭਾਈ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਹੇਠ ਰਿਕਾਰਡ ਬਹੁਮਤ ਹਾਸਲ ਕਰਨ ਬਾਅਦ ਬਣੀ ਕੌਮੀ ਜਮਹੂਰੀ ਮੋਰਚਾ ਸਰਕਾਰ ਨੇ ਵਿਰੋਧੀ ਪਾਰਟੀਆਂ ਖ਼ਾਸ ਕਰ ਵਿਰੋਧੀ ਪਾਰਟੀਆਂ ਦੇ ਮੋਹਰੀ ਆਗੂਆਂ ਖਿਲਾਫ਼ ਵੱਖ ਵੱਖ ਮੌਕਿਆਂ ਉੱਤੇ ਜਿਹੜੇ ਕੇਸ ਕੀਤੇ ਹਨ, ਉਨ੍ਹਾਂ ਵਿੱਚ ਸਰਕਾਰ ਦੀ ਨੀਅਤ ਬਾਰੇ ਸ਼ੰਕੇ ਖੜ੍ਹੇ ਹੋਣ ਨਾਲ 'ਅਪਰਾਧੀਆਂ' ਵਿਰੁੱਧ ਦੋਸ਼ ਕਮਜ਼ੋਰ ਦਿਸਣ ਲਗਦੇ ਹਨ। ਅਜਿਹਾ ਨਹੀਂ ਕਿ ਜਿਹੜੇ ਆਗੂਆਂ ਵਿਰੁੱਧ ਕਾਰਵਾਈ ਕੀਤੀ ਗਈ ਜਾਂ ਕੀਤੀ ਜਾ ਰਹੀ ਹੈ, ਉਨ੍ਹਾਂ ਦਾ ਕੋਈ ਦੋਸ਼ ਨਹੀਂ। ਸਵਾਲ ਇਹ ਪੈਦਾ ਹੁੰਦਾ ਹੈ ਕਿ ਮੋਦੀ ਸਰਕਾਰ ਨੇ ਹੁਣ ਤੱਕ ਜਿਹੜੇ ਵੀ ਰਾਜਸੀ ਆਗੂਆਂ, ਸਨਅਤਕਾਰਾਂ, ਵਪਾਰੀਆਂ ਵਿਰੁੱਧ ਕਾਰਵਾਈ ਕੀਤੀ ਹੈ, ਉਨ੍ਹਾਂ ਵਿੱਚ ਕੋਈ ਵੀ ਭਾਰਤੀ ਜਨਤਾ ਪਾਰਟੀ, ਇਸ ਦੀਆਂ ਭਾਈਵਾਲ ਪਾਰਟੀਆਂ, ਇਸ ਦੇ ਪੱਖੀ ਬਿਜ਼ਨਸ ਘਰਾਣਿਆਂ, ਇੱਥੋਂ ਤੱਕ ਕਿ ਅਫ਼ਸਰਸ਼ਾਹੀ ਵਿਚੋਂ ਕਿਉਂ ਨਹੀਂ? ਅਜਿਹਾ ਵੀ ਨਹੀਂ ਕਿ ਸਰਕਾਰ ਵਲੋਂ ਅਜਿਹੇ ਮਾਮਲਿਆਂ ਵਿੱਚ ਕਾਰਵਾਈ ਪੂਰੀ ਤਰ੍ਹਾਂ ਪੱਖਪਾਤੀ ਕਹੀ ਜਾਵੇ। ਹਾਂ ਸੀ.ਬੀ.ਆਈ., ਇਨਕਮ ਟੈਕਸ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਨਿਰਪੱਖ ਹੋਣ ਅਤੇ ਆਜ਼ਾਦੀ ਨਾਲ ਕੰਮ ਕਰਨ ਸਬੰਧੀ ਸ਼ੰਕਿਆਂ ਵਿੱਚ ਦਮ ਨਜ਼ਰ ਆਉਣ ਲਗਦਾ ਹੈ। ਸਾਬਕਾ ਕੇਂਦਰੀ ਮੰਤਰੀ ਪੀ.ਚਿਦੰਬਰਮ ਅਤੇ ਸਾਬਕਾ ਕੇਂਦਰੀ ਮੰਤਰੀ ਲਾਲੂ ਪ੍ਰਸ਼ਾਦ ਯਾਦਵ ਦੇ ਪਰਿਵਾਰਾਂ ਵਿਰੁੱਧ ਸੀਬੀਆਈ ਦੇ ਛਾਪਿਆਂ ਨੂੰ ਕੁਝ ਸਿਆਸੀ ਹਲਕੇ ਖ਼ਾਸ ਕਰ ਵਿਰੋਧੀ ਪਾਰਟੀਆਂ ਇਸ ਨਜ਼ਰ ਤੋਂ ਵੀ ਵੇਖ/ਬਿਆਨ ਰਹੇ ਹਨ।

ਮੋਦੀ ਸਰਕਾਰ ਹੀ ਨਹੀਂ ਪਹਿਲਾਂ ਕਾਂਗਰਸ ਸਰਕਾਰ ਵਲੋਂ ਸੀ.ਬੀ.ਆਈ. ਤੇ ਹੋਰਨਾਂ ਏਜੰਸੀਆਂ ਦੀ ਸਿਆਸੀ ਮੰਤਵਾਂ ਲਈ ਵਰਤੋਂ ਕਰਨ ਦੇ ਦੋਸ਼ ਲਗਦੇ ਰਹੇ ਹਨ। ਸਮਾਜ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਸਰਕਾਰ, ਜਿਸ ਲਈ ਸਭ ਤੋਂ ਢੁਕਵਾਂ ਸ਼ਬਦ ਸਟੇਟ (State) ਹੈ, ਦੇ ਮੋਹਰੀ ਆਪਣੇ ਆਪ ਨੂੰ ਸਾਰਿਆਂ ਪਾਸਿਆਂ ਤੋਂ ਚੌਕਸ ਤੇ ਸੁਰੱਖਿਅਤ ਰੱਖਣ ਲਈ ਹਰ ਤਰ੍ਹਾਂ ਦੇ ਉਪਰਾਲੇ ਕਰਦੇ ਆਏ ਨੇ। ਸ਼ਾਸ਼ਕ ਤਾਨਾਸ਼ਾਹ ਹੋਵੇ, ਬਾਦਸ਼ਾਹ ਹੋਵੇ ਜਾਂ ਲੋਕ ਰਾਜੀ ਢੰਗ ਨਾਲ ਚੁਣੀ ਸਰਕਾਰ ਇਸ ਦਾ ਬਹੁਤ ਫ਼ਰਕ ਨਹੀਂ ਪੈਂਦਾ। ਸਮੇਂ ਦੇ ਹਾਕਮ ਸੱਤਾ ਵਿੱਚ ਬਣੇ ਰਹਿਣ ਲਈ ਹਰ ਹੀਲਾ ਵਰਤਦੇ ਹਨ। ਉਨ੍ਹਾਂ ਲਈ ਵੱਡੀਆਂ ਚੁਣੌਤੀਆਂ ਹੁੰਦੀਆਂ ਹਨ ਵਿਰੋਧੀ ਧਿਰ ਦਾ ਤਾਕਤਵਰ ਹੋਣਾ ਤੇ ਇਸ ਨਾਲੋਂ ਵੀ ਵੱਧ ਲੋਕਾਂ ਵਿੱਚ ਚੇਤਨਤਾ ਜੋ ਅਕਸਰ ਤਕੜੇ ਲੋਕ ਰੋਹ ਅਤੇ ਲਹਿਰ ਦਾ ਰੂਪ ਅਖ਼ਤਿਆਰ ਕਰਦਿਆਂ ਬਗ਼ਾਵਤ ਦਾ ਰੂਪ ਧਾਰਨ ਕਰ ਰਾਜ ਪਲਟੇ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਲੋ ਸੀਆਈਏ ਦੇ ਮੁਖੀ ਦੀ ਛਾਂਟੀ ਪਿੱਛੇ ਵੀ 'ਨਿੱਜੀ ਸਿਆਸੀ ਹਿੱਤ' ਕੰਮ ਕਰਦੇ ਦੱਸੇ ਜਾਂਦੇ ਹਨ। ਇਸ ਛਾਂਟੀ ਦਾ ਸਬੰਧ ਰੂਸ ਦੀ ਸੂਹੀਆਂ ਏਜੰਸੀ ਕੇਜੀਬੀ, ਜਿਸ ਦੇ ਕਿਸੇ ਸਮੇਂ ਮੁਖੀ ਖ਼ੁਦ ਰਾਸ਼ਟਰਪਤੀ ਪੂਤਿਨ ਰਹੇ ਹਨ, ਵਲੋਂ ਅਮਰੀਕੀ ਚੋਣਾਂ ਵਿੱਚ ਨਿਭਾਈ ਭੂਮਿਕਾ ਨਾਲ ਜੁੜਦਾ ਦਸੀਦਾ ਹੈ। ਤਾਜ਼ਾ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਭਾਰਤ, ਅਮਰੀਕਾ, ਰੂਸ, ਪਾਕਿਸਤਾਨ ਸਮੇਤ ਬਹੁ ਗਿਣਤੀ ਮੁਲਕਾਂ ਵਿੱਚ ਸਥਾਨਕ ਖੁਫ਼ੀਆਂ ਏਜੰਸੀਆਂ/ਸੂਹੀਆਂ ਸੰਸਥਾਵਾਂ ਨੂੰ ਸਿਆਸੀ ਹਿਤਾਂ ਲਈ ਵਰਤਿਆ ਜਾਣਾ ਆਮ ਜਿਹੀ ਗੱਲ ਬਣ ਚੱਲੀ ਹੈ। ਅਜਿਹਾ ਹੋਣ ਨਾਲ ਜਿੱਥੇ ਇਨ੍ਹਾਂ ਦੀ 'ਖ਼ੁਦਮੁਖਤਿਆਰੀ' ਖ਼ਤਮ ਹੋ ਰਹੀ ਹੈ, ਉੱਥੇ ਭਰੋਸੇਯੋਗਤਾ ਮਿੱਟੀ ਘੱਟੇ ਰੁਲ ਰਹੀ ਹੈ। ਸੂਝਵਾਨ ਸਮਾਜਾਂ ਅਤੇ ਲੋਕਾਂ ਦੇ ਭਵਿੱਖ ਲਈ ਅਜਿਹੇ ਰੁਝਾਨ ਚਿੰਤਾਜਨਕ ਹਨ।

# ਅਸਲੀਅਤ ਸਮਝਣ ਵਿਚ ਹੀ ਹਿੰਦ-ਪਾਕਿ ਦਾ ਭਲਾ

**ਜਿੱਥੋਂ ਤਕ ਭਾਰਤ ਦਾ ਸਵਾਲ ਹੈ, ਇਹ ਹਰ ਕੋਈ ਚੰਗੀ ਤਰ੍ਹਾਂ ਸਮਝਦਾ ਹੈ ਕਿ ਉਸ ਨਾਲ ਸਬੰਧ ਚੰਗੇ ਨਹੀਂ ਹਨ। ਇਸ ਦਾ ਕਾਰਨ ਭਾਰਤ ਦਾ ਰਵੱਈਆ, ਨੀਤੀਆਂ, ਭੜਕਾਹਟਾਂ ਹੋ ਸਕਦੀਆਂ ਹਨ। ਦੋਵਾਂ ਦਰਮਿਆਨ ਮੁੱਦੇ ਵੀ ਹਨ ਤੇ ਵਿਵਾਦ ਵੀ। ਇੱਕੀਵੀਂ ਸਦੀ ਵਿਚ ਹੋਰ ਵੀ ਬਹੁਤ ਕੁਝ ਹੋਵੇਗਾ। ਬਦਕਿਸਮਤੀ ਨਾਲ ਇਸ ਬਾਰੇ ਕੋਈ ਵੀ ਸੂਝ ਭਰਿਆ ਤਰਕ ਨਹੀਂ ਦਿੱਤਾ ਜਾ ਸਕਦਾ ਕਿ ਭਾਰਤ ਨਾਲ ਚੰਗੇ ਸਬੰਧ ਬਣਾਉਣ ਲਈ ਕੰਮ ਕਰਨਾ ਪਾਕਿਸਤਾਨ ਦੇ ਹਿਤ ਵਿਚ ਨਹੀਂ ਹੈ। ਭਾਰਤ ਦਾ ਰੁਖ਼ ਵੀ ਪਾਕਿਸਤਾਨ ਨਾਲੋਂ ਵੱਖਰਾ ਨਹੀਂ। ਪਰ ਦੋਵਾਂ ਦੇਸ਼ਾਂ ਦੇ ਅੰਦਰ ਅਜਿਹੇ ਸ਼ਕਤੀਸ਼ਾਲੀ ਸੁਆਰਥੀ ਅਨਸਰ ਹਨ, ਜੋ ਬੜੀਆਂ ਜਜ਼ਬਾਤੀ ਦਲੀਲਾਂ ਨਾਲ ਦੁਵੱਲੀ ਸਾਂਝ ਦੇ ਸੰਕਲਪ ਦੀਆਂ ਧੱਜੀਆਂ ਉਡਾਉਣਾ ਜਾਣਦੇ ਹਨ।**

**ਅਸ਼ਰਫ਼ ਜਹਾਂਗੀਰ ਕਾਜ਼ੀ**
(ਲੇਖਕ ਅਮਰੀਕਾ, ਭਾਰਤ ਤੇ ਚੀਨ ਵਿਚ ਪਾਕਿਸਤਾਨੀ ਰਾਜਦੂਤ ਰਹਿ ਚੁੱਕਾ ਹੈ)



ਅਮਰੀਕੀ ਲੇਖਕ ਮਾਰਕ ਟਵੈਨ ਤਿੰਨ ਤੋਹਫ਼ਿਆਂ ਦੀ ਵਡਿਆਈ ਕਰਦਾ ਹੈ: ਜ਼ਮੀਰ ਦੀ ਆਜ਼ਾਦੀ, ਚੋਣ ਕਰਨ ਦੀ ਆਜ਼ਾਦੀ ਅਤੇ ਇਨ੍ਹਾਂ ਉੱਪਰ ਕਦੇ ਵੀ ਅਮਲ ਨਾ ਕਰਨ ਦੀ ਸਿਆਣਪ। ਅਮਰੀਕੀ ਫ਼ਿਲਾਸਫ਼ਰ ਨੋਆਮ ਚੌਮਸਕੀ ਦਾ ਕਹਿਣਾ ਹੈ ਕਿ ਸ਼ਕਤੀਸ਼ਾਲੀ ਸੰਸਥਾ ਅੱਗੇ ਸੱਚ ਬੋਲਣ ਦਾ ਕੋਈ ਲਾਭ ਨਹੀਂ। ਉਸ ਨੂੰ ਸੱਚ ਦਾ ਪਤਾ ਹੀ ਹੁੰਦਾ ਹੈ ਅਤੇ ਬਹੁਤ ਸੰਤੁਸ਼ਟ ਵੀ ਹੁੰਦੀ ਹੈ। ਲੋਕਾਂ ਨੂੰ ਇੱਕ-ਦੂਜੇ ਕੋਲ ਸੱਚ ਬੋਲਣ ਦੀ ਲੋੜ ਹੈ। ਫਿਰ ਹੀ ਉਨ੍ਹਾਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਹੋ ਸਕਦਾ ਹੈ ਅਤੇ ਨਵੇਂ ਸੱਚ ਵੱਲ ਜਾਂਦਾ ਮਾਰਗ ਬਣ ਸਕਦਾ ਹੈ- ਜਿਹੜਾ ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲਿਆਂ ਦੀ ਬਜਾਏ, ਉਨ੍ਹਾਂ ਨੂੰ ਹੀ ਸੰਤੁਸ਼ਟ ਕਰਦਾ ਹੈ। ਉੱਘੇ ਅਮਰੀਕਨ ਪੱਤਰਕਾਰ ਆਈ.ਐੱਫ. ਸਟੋਨ ਦਾ ਕਹਿਣਾ ਸੀ: ਸਾਰੀਆਂ ਸਰਕਾਰਾਂ ਝੂਠ ਬੋਲਦੀਆਂ ਹਨ। ਸਾਰੇ ਸਰਕਾਰੀ ਬਿਆਨ ਝੂਠੇ ਹੁੰਦੇ ਹਨ।

ਇਹ ਵੀ ਕਿਹਾ ਜਾਂਦਾ ਹੈ ਕਿ ਇੱਕ ਆਜ਼ਾਦ, ਸੂਝ ਭਰੀ ਅਤੇ ਚੰਗੀ ਤਰ੍ਹਾਂ ਪ੍ਰਚਾਰੀ ਗਈ ਜਨਤਕ ਰਾਇ ਸਰਕਾਰਾਂ ਦੀ ਦੁਸ਼ਮਣ ਹੁੰਦੀ ਹੈ ਜਿਹੜੀ ਵਿੱਤੀ, ਸਮਾਜਿਕ ਤੇ ਸ਼ਕਤੀ ਪੱਖੋਂ ਕੁਲੀਨ ਵਰਗ ਦੇ ਹੱਕ ਵਿਚ ਭੁਗਤਦੀ ਹੈ ਨਾ ਕਿ ਆਮ ਲੋਕਾਂ ਖ਼ਾਸ ਕਰਕੇ ਤਥਾ-ਕਥਿਤ ਜਮਹੂਰੀ ਵਿਵਸਥਾਵਾਂ ਵਿਚ। ਉਹ ਲੋਕਤੰਤਰ, ਜਿਹੜਾ ਸੱਚਮੁੱਚ ਲੋਕਾਂ ਨੂੰ ਤਾਕਤ ਬਖ਼ਸ਼ਦਾ ਹੈ, ਉਹ ਉਨ੍ਹਾਂ ਲੋਕਾਂ ਲਈ ਮਾਰੂ ਸਾਬਤ ਹੁੰਦਾ ਹੈ, ਜਿਹੜੇ ਝੂਠੀਆਂ ਖ਼ਬਰਾਂ ਆਸਰੇ ਟਿਕੇ ਹੁੰਦੇ ਹਨ। ਜਾਰਜ ਔਰਵੈੱਲ ਦਾ ਵਿਸ਼ਵਾਸ ਸੀ ਕਿ ਇਹ ਸਿੱਖਣ ਲਈ ਮਹਿੰਗੀ ਸਿੱਖਿਆ ਹਾਸਲ ਕਰਨੀ ਜ਼ਰੂਰੀ ਹੈ ਕਿ ਕਿਹੜੀਆਂ ਰਾਵਾਂ ਖ਼ੁਸ਼ਹਾਲੀ ਵੱਲ ਨਹੀਂ ਲਿਜਾਂਦੀਆਂ।

ਇਸ ਸੰਦਰਭ ਵਿਚ ਪਾਕਿਸਤਾਨ ਇਹ ਪਤਾ ਲਾ ਸਕਦਾ ਹੈ ਕਿ ਉਹ ਸੰਸਾਰ ਅੰਦਰ ਅੱਜ ਕਿਸ ਮੁਕਾਮ ਉੱਪਰ ਹੈ। ਆਪਣੀ ਹੀ ਜ਼ਮੀਨ ਉੱਪਰ ਇਸ ਨੂੰ ਤਿੰਨ ਬਲਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ- ਚੁਣੀ ਹੋਈ ਸਰਕਾਰ, ਜਿਹੜੀ ਇਨ੍ਹਾਂ ਸ਼ਬਦਾਂ ਦੇ ਪ੍ਰਵਾਨਯੋਗ ਅਰਥਾਂ ਅਨੁਸਾਰ ਚੱਲਣ ਤੋਂ ਇਨਕਾਰੀ ਹੈ; ਫ਼ੌਜ, ਜਿਹੜੀ ਆਪਣੀ ਕਾਰਜ ਸ਼ਕਤੀ ਤੇ ਸਮਰੱਥਾ ਦੇ ਦਾਇਰੇ ਤੋਂ ਬਾਹਰ ਸ਼ਾਸਨ ਕਰਨ 'ਤੇ ਜ਼ੋਰ ਦਿੰਦੀ ਹੈ; ਅਤੇ ਸਰਵੋਤਮ ਰਹੱਸਮਈ ਫ਼ੈਸਲੇ, ਜਿਹੜੇ ਲੋਕਾਂ ਨੂੰ ਭੰਬਲਭੂਸਿਆਂ ਤੇ ਅਨਿਸ਼ਚਿਤਤਾਵਾਂ ਵਿਚ ਉਲਝਾਈ ਰੱਖਦੇ ਹਨ। ਸਾਧਾਰਨ ਲੋਕ ਕਾਨੂੰਨ ਦੇ ਸੰਕਲਪ ਦੀ ਸ਼ਾਨ ਬਰਕਰਾਰ ਰਹਿਣ ਦੀ ਉਮੀਦ ਨਾਲ ਸਪਸ਼ਟ ਤੇ ਵਿਆਪਕ ਫ਼ੈਸਲਿਆਂ ਦੀ ਆਸ ਅਹਿਮਕਾਂ ਵਾਂਗ ਲਾਈ ਰੱਖਦੇ ਹਨ। ਪਰ ਉਨ੍ਹਾਂ ਨੂੰ ਅਕਸਰ ਨਮੋਸ਼ੀ ਹੀ ਝੱਲਣੀ ਪੈਂਦੀ ਹੈ।

'ਡਾਅਨ ਲੀਕਸ' ਮਾਮਲੇ ਵਿਚ ਹਿਤਾਂ ਦੀ ਦਿਲਚਸਪ ਵੰਡ ਵੇਖਣ ਨੂੰ ਮਿਲੀ। ਇਸ ਦੇ ਤੱਥਾਂ ਤੋਂ ਅਣਜਾਣ ਤਮਾਸ਼ਬੀਨ (ਪੱਤਰਕਾਰ ਸਾਇਰਿਲ ਅਲਮੇਡਾ ਦੀ) ਰਿਪੋਰਟ ਦੀ ਸਚਾਈ ਜਾਣਨ ਵਿਚ ਦਿਲਚਸਪੀ ਰੱਖਦੇ ਸਨ ਜਦੋਂਕਿ ਤੱਥਾਂ ਤੋਂ ਵਾਕਫ਼ ਇਸ ਮਾਮਲੇ ਨਾਲ ਜੁੜੇ ਲੋਕਾਂ ਦੀ ਦਿਲਚਸਪੀ ਇਹ ਜਾਣਨ ਦੀ ਸੀ ਕਿ ਕਿੰਨੀ ਕੁ ਸਚਾਈ ਬਾਹਰ ਆਈ। ਜਿਹੜੇ ਕਥਿਤ ਦੇਸ਼ ਧਰੋਹ ਦਾ ਵਾਵੇਲਾ ਮਚਾਇਆ ਗਿਆ, ਉਹ ਕਿਸ ਦੀ ਤਾਕਤ ਨੂੰ ਕਿੰਨਾ ਨੁਕਸਾਨ ਪੁੱਜਾ, ਨਾਲ ਜੁੜਿਆ ਹੋਇਆ ਸੀ, ਜਾਣਕਾਰੀ ਦੀ ਸਚਾਈ ਨਾਲ ਨਹੀਂ।

ਵਿਦੇਸ਼ਾਂ ਵਿਚ ਵੀ ਪਾਕਿਸਤਾਨ ਨੂੰ ਅਜਿਹੀਆਂ ਤਿੰਨ ਬਲਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਦੇਸ਼ ਮੰਤਰਾਲੇ ਦੇ ਅਸੰਗਤ ਹੋਣ ਕਾਰਨ ਦੇਸ਼ ਦੀ ਵਿਦੇਸ਼ ਨੀਤੀ ਸ਼ਕਤੀਸ਼ਾਲੀ ਹੱਥਾਂ ਵਿਚ ਆ ਗਈ ਹੈ, ਜਿਹੜੇ ਗੁਆਂਢੀ ਚਾਰ ਦੇਸ਼ਾਂ ਵਿਚੋਂ ਤਿੰਨ ਨਾਲ ਮਤਭੇਦ 'ਹੱਲ' ਕਰ ਸਕਦੇ ਹਨ। ਸਾਡਾ ਗੁਆਂਢੀ ਭਰਾ ਦੇਸ਼ ਇਰਾਨ ਇਹ ਸਮਝਦਾ ਨਜ਼ਰ ਨਹੀਂ ਆ ਰਿਹਾ ਕਿ ਪਾਕਿਸਤਾਨ ਦਾ ਇਰਾਨ ਖ਼ਿਲਾਫ਼ ਸਾਊਦੀ ਅਰਬ ਦੀ ਅਗਵਾਈ ਵਾਲੇ ਫ਼ੌਜੀ ਗਠਜੋੜ ਵਿਚ ਸ਼ਾਮਲ ਹੋਣਾ ਉਸ ਦੀ ਅਗਵਾਈ ਕਰਨਾ ਜਾਂ ਸਲਾਹ ਦੇਣਾ ਸੱਚਮੁੱਚ ਦੋਸਤੀ ਵਾਲਾ ਕਦਮ ਹੈ। ਕੀ ਉਹ, ਆਪਣੇ ਖ਼ਿਲਾਫ਼ ਫ਼ੌਜੀ ਗਠਜੋੜ ਦੀ ਕਮਾਂਡ ਭਰਾ ਵਰਗੇ ਪਾਕਿਸਤਾਨੀ ਫ਼ੌਜੀ ਦੀ ਬਜਾਏ ਦੁਸ਼ਮਣ ਅਰਬ ਦੇਸ਼ ਹੇਠ ਹੋਣੀ ਪਸੰਦ ਕਰੇਗਾ? ਪਰ ਸਾਡੇ ਇਰਾਨੀ ਮਿੱਤਰ ਸੰਸਦੀ ਮਤਿਆਂ ਨੂੰ ਬੇਸੰਗਤ ਤੇ ਸਰਕਾਰੀ ਨੀਤੀਆਂ ਨੂੰ ਪੱਖਪਾਤੀ ਬਿਆਨਬਾਜ਼ੀਆਂ ਕਹਿੰਦੇ ਰਹਿਣਗੇ। ਉਹ ਸਾਡੀ ਜ਼ਮੀਨ ਉੱਪਰੋਂ ਇਰਾਨੀ ਫ਼ੌਜੀਆਂ ਉੱਪਰ ਕੀਤੇ ਜਾ ਰਹੇ ਹਮਲਿਆਂ ਨੂੰ ਵੀ ਬਹੁਤ ਗ਼ੈਰ-ਮਿੱਤਰਤਾਨਾ ਸ਼ਬਦਾਂ ਵਿਚ ਬਿਆਨ ਕਰਕੇ ਆਪਣਾ ਰੋਸ ਪ੍ਰਗਟਾਉਂਦੇ ਹਨ। ਕੀ ਅਸੀਂ ਅਜਿਹੇ ਗੁਆਂਢੀ ਉੱਪਰ ਸੱਚਮੁੱਚ ਵਿਸ਼ਵਾਸ ਕਰ ਸਕਦੇ ਹਾਂ? ਉਨ੍ਹਾਂ ਕੋਲ ਸਾਨੂੰ ਦੇਣ ਲਈ ਹੈ ਹੀ ਕੀ?

ਜਿੱਥੋਂ ਤਕ ਅਫ਼ਗਾਨਿਸਤਾਨ ਦਾ ਸਵਾਲ ਹੈ, ਸਾਡੀ ਅਣਦੱਸੀ ਵਿਦੇਸ਼ ਨੀਤੀ ਸਾਨੂੰ ਇਹ ਜ਼ਬਰਦਸਤੀ ਮਨਾਉਂਦੀ ਹੈ ਕਿ ਪਾਕਿਸਤਾਨ ਅੱਜ ਵੀ ਅਫ਼ਗਾਨਾਂ ਦਾ ਮਿੱਤਰ ਹੈ, ਉਨ੍ਹਾਂ ਦਾ ਮਾਰਗ ਦਰਸ਼ਨ ਕਰਦਾ ਹੈ, ਉਨ੍ਹਾਂ ਦੇ ਭਲੇ ਲਈ ਦੁਆ ਕਰਦਾ ਹੈ। ਅਫ਼ਸੋਸ ਕਿ ਅਫ਼ਗਾਨ ਇਸ ਤੋਂ ਬੇਖ਼ਬਰ ਹਨ। ਅਫ਼ਗਾਨ ਆਗੂ ਵੀ ਇਸ ਵਿਆਖਿਆ ਦੇ ਗ਼ਲਤ ਅਰਥ ਲੈ ਰਹੇ ਹਨ। ਅਸੀਂ ਪਾਕਿਸਤਾਨ ਤੋਂ ਜ਼ਬਰਦਸਤੀ ਵਤਨ ਮੋੜੇ ਉਨ੍ਹਾਂ ਅਫ਼ਗਾਨ ਸ਼ਰਨਾਰਥੀਆਂ 'ਤੇ ਨਿਰਭਰ ਕਰ ਸਕਦੇ ਹਾਂ, ਜਿਹੜੇ ਆਪਣੇ ਪਰਿਵਾਰਾਂ ਤੇ ਕਾਰੋਬਾਰਾਂ ਤੋਂ ਅਲੱਗ ਕੀਤੇ ਹੋਏ ਸਨ ਕਿ ਉਹ ਹੀ ਪਾਕਿਸਤਾਨ ਦਾ ਅਕਸ ਸੁਧਾਰਨ ਵਿਚ ਯੋਗਦਾਨ ਪਾਉਣ।

ਜਿੱਥੋਂ ਤਕ ਭਾਰਤ ਦਾ ਸਵਾਲ ਹੈ, ਇਹ ਹਰ ਕੋਈ ਚੰਗੀ ਤਰ੍ਹਾਂ ਸਮਝਦਾ ਹੈ ਕਿ ਉਸ ਨਾਲ ਸਬੰਧ ਚੰਗੇ ਨਹੀਂ ਹਨ। ਇਸ ਦਾ ਕਾਰਨ ਭਾਰਤ ਦਾ ਰਵੱਈਆ, ਨੀਤੀਆਂ, ਭੜਕਾਹਟਾਂ ਹੋ ਸਕਦੀਆਂ ਹਨ। ਦੋਵਾਂ ਦਰਮਿਆਨ ਮੁੱਦੇ ਵੀ ਹਨ ਤੇ ਵਿਵਾਦ ਵੀ। ਇੱਕੀਵੀਂ ਸਦੀ ਵਿਚ ਹੋਰ ਵੀ ਬਹੁਤ ਕੁਝ ਹੋਵੇਗਾ। ਬਦਕਿਸਮਤੀ ਨਾਲ ਇਸ ਬਾਰੇ ਕੋਈ ਵੀ ਸੂਝ ਭਰਿਆ ਤਰਕ ਨਹੀਂ ਦਿੱਤਾ ਜਾ ਸਕਦਾ ਕਿ ਭਾਰਤ ਨਾਲ ਚੰਗੇ ਸਬੰਧ ਬਣਾਉਣ ਲਈ ਕੰਮ ਕਰਨਾ ਪਾਕਿਸਤਾਨ ਦੇ ਹਿਤ ਵਿਚ ਨਹੀਂ ਹੈ। ਭਾਰਤ ਦਾ ਰੁਖ਼ ਵੀ ਪਾਕਿਸਤਾਨ ਨਾਲੋਂ ਵੱਖਰਾ ਨਹੀਂ। ਪਰ ਦੋਵਾਂ ਦੇਸ਼ਾਂ ਦੇ ਅੰਦਰ ਅਜਿਹੇ ਸ਼ਕਤੀਸ਼ਾਲੀ ਸੁਆਰਥੀ ਅਨਸਰ ਹਨ, ਜੋ ਬੜੀਆਂ ਜਜ਼ਬਾਤੀ ਦਲੀਲਾਂ ਨਾਲ ਦੁਵੱਲੀ ਸਾਂਝ ਦੇ ਸੰਕਲਪ ਦੀਆਂ ਧੱਜੀਆਂ ਉਡਾਉਣਾ ਜਾਣਦੇ ਹਨ। ਹਾਲਾਂਕਿ ਸਾਨੂੰ ਇਹ ਵੀ ਪਤਾ ਹੈ ਕਿ ਇਹ ਜਜ਼ਬਾਤੀ ਦਲੀਲਾਂ ਏਨੀਆਂ ਕੱਚੀਆਂ ਹਨ ਕਿ ਇਨ੍ਹਾਂ ਨੂੰ ਝੱਟ ਵਹਿ-ਢੇਰੀ ਕੀਤਾ ਜਾ ਸਕਦਾ ਹੈ। ਇਸ ਦੇ ਬਾਵਜੂਦ ਇਹ ਅਨਸਰ ਦੋਵਾਂ ਦੇਸ਼ਾਂ ਦੇ ਕੌਮੀ ਤੇ ਜਨਤਕ ਹਿਤਾਂ ਨੂੰ ਗੁੱਠੇ ਲਾ ਰਹੇ ਹਨ। ਭਾਰਤ ਅਜਿਹੀਆਂ ਬੇਥਵੀਆਂ ਨੀਤੀਆਂ ਕਾਰਨ ਹੋਣ ਵਾਲਾ ਨੁਕਸਾਨ ਝੱਲ ਸਕਦਾ ਹੈ ਜਦੋਂਕਿ ਪਾਕਿਸਤਾਨ ਲਈ ਇਹ ਝੱਲਣਾ ਔਖਾ ਹੈ।

ਇਸ ਲਈ, ਕੀ ਸਾਨੂੰ ਕਸ਼ਮੀਰ ਭੁੱਲ ਜਾਣਾ ਚਾਹੀਦਾ ਹੈ? ਕੀ ਪਾਕਿਸਤਾਨ ਨੂੰ ਕਸ਼ਮੀਰ ਬਾਰੇ ਆਪਣਾ ਸਟੈਂਡ ਬਦਲ ਲੈਣਾ ਚਾਹੀਦਾ ਹੈ? ਕੀ ਸਾਨੂੰ ਕਸ਼ਮੀਰ ਮੁੱਦੇ 'ਤੇ ਝੁਕ ਜਾਣਾ ਚਾਹੀਦਾ ਹੈ? ਕੀ ਸਾਨੂੰ ਕਸ਼ਮੀਰ ਬਾਰੇ ਸੰਯੁਕਤ ਰਾਸ਼ਟਰ ਦੇ ਮਤਿਆਂ ਦੇ ਹਵਾਲੇ ਖ਼ਤਮ ਕਰ ਦੇਣੇ ਚਾਹੀਦੇ ਹਨ? ਕੀ ਸਾਨੂੰ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਬਾਰੇ ਚੁੱਪ ਕਰ ਜਾਣਾ ਚਾਹੀਦਾ ਹੈ? ਕੀ ਸਾਨੂੰ ਕਸ਼ਮੀਰ ਦੇ ਆਜ਼ਾਦੀ ਸੰਘਰਸ਼ ਦੀ ਹਮਾਇਤ ਵਾਪਸ ਲੈ ਲੈਣੀ ਚਾਹੀਦੀ ਹੈ? ਸਾਰੇ ਸਵਾਲਾਂ ਦਾ ਜਵਾਬ ਹੈ, ਬਿਲਕੁਲ ਨਹੀਂ।

ਪਰ ਇਹ ਵੀ ਸੱਚ ਹੈ ਕਿ ਕਸ਼ਮੀਰ ਵਿਵਾਦ ਦਾ ਕੋਈ ਤੱਤ ਫੱਟ ਹੱਲ ਨਹੀਂ ਨਿਕਲ ਸਕਦਾ ਹੈ। ਲੰਬੇ ਸਮੇਂ ਲਈ ਸਬੰਧਾਂ ਨੂੰ ਸੁਧਾਰ ਕੇ ਜੰਮੂ-ਕਸ਼ਮੀਰ, ਪਾਕਿਸਤਾਨ ਤੇ ਭਾਰਤ ਨੂੰ ਪ੍ਰਵਾਨਯੋਗ ਹੱਲ ਲੱਭਿਆ ਜਾ ਸਕਦਾ ਹੈ। ਪਰਮਾਣੂ ਹਥਿਆਰ ਸੰਪੰਨ ਗੁਆਂਢੀਆਂ ਦੀਆਂ ਬਣਦੀਆਂ ਜ਼ਿੰਮੇਵਾਰੀਆਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਕਸ਼ਮੀਰ ਵਿਚ ਯਥਾ-ਸਥਿਤੀ ਨੂੰ ਆਪਸੀ ਪ੍ਰਵਾਨਯੋਗ ਪ੍ਰਕਿਰਿਆ ਰਾਹੀਂ ਬਦਲਿਆ ਜਾ ਸਕਦਾ ਹੈ, ਜਿਸ ਲਈ ਸਮਾਂ ਲੱਗੇਗਾ। ਇਸ ਨੂੰ ਸਹਿਮਤੀ ਲਹਿਰ ਵਿਚ ਬਦਲਿਆ ਜਾ ਸਕੇਗਾ। ਇੰਜ ਭਾਰਤ ਤੇ ਪਾਕਿਸਤਾਨ ਦੀਆਂ ਕਸ਼ਮੀਰ ਤੇ ਅਤਿਵਾਦ ਬਾਰੇ ਚਿੰਤਾਵਾਂ ਨੂੰ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਵੱਲੋਂ ਸਾਂਝੇ ਐਲਾਨਨਾਮੇ ਦੇ ਰੂਪ ਵਿਚ ਐਲਾਨ ਕੇ ਸਮਾਂ-ਬੱਧ ਨੀਤੀ ਵਿਚ ਬਦਲਿਆ ਜਾ ਸਕੇਗਾ।

ਪਰ ਕੁਝ ਲੋਕਾਂ ਲਈ ਭਾਰਤ ਨਾਲ ਸਬੰਧ ਨਿਰਾਰਥਕ ਹਨ। ਚੀਨ ਅਤੇ ਸੀ.ਪੀ.ਈ.ਸੀ. ਮੁੱਦਿਆਂ ਉੱਪਰ ਕਦੇ ਕੁਝ ਵੀ ਗਲਤ ਨਹੀਂ ਹੋ ਸਕਦਾ। ਸੀ.ਪੀ.ਈ.ਸੀ. ਨਾਲ ਪਾਕਿਸਤਾਨ ਹੋਰ ਮਜ਼ਬੂਤ ਹੋਏਗਾ। ਸਾਡੀ ਰਣਨੀਤਕ ਸਥਿਤੀ ਪਾਕਿਸਤਾਨ ਵਾਸਤੇ ਕੂਟਨੀਤਕ ਤੇ ਫ਼ੌਜੀ ਸਹਿਯੋਗ ਲਈ ਸੀ.ਪੀ.ਈ.ਸੀ. ਦੀ ਪੂੰਜੀ ਲਾਗਤ ਸਮੇਤ ਕਮਰਸ਼ੀਅਲ ਪ੍ਰਾਜੈਕਟਾਂ, ਤਕਨਾਲੋਜੀ ਵਟਾਂਦਰਾ, ਗਵਾਦਰ ਬੰਦਰਗਾਹ ਅਤੇ ਢਾਂਚਾਗਤ ਤੇ ਬੌਧਿਕ ਬਦਲਾਅ ਵਿਚ ਸਹਾਈ ਹੋਵੇਗੀ। ਅਸੀਂ ਕਸ਼ਮੀਰ ਸਮੇਤ ਆਪਣਾ ਭਵਿੱਖ ਪਲੇਟ ਉਪਰ ਰੱਖ ਕੇ ਪੇਸ਼ ਕਰ ਦਿਆਂਗੇ।

ਕੀ ਚੀਨੀ ਇਸ ਮਿੱਥ ਨੂੰ ਉਤਸ਼ਾਹਿਤ ਕਰਨਗੇ? ਕੀ ਉਹ ਕਸ਼ਮੀਰ ਦਾ ਹੱਲ ਪਾਕਿਸਤਾਨ ਦੇ ਹੱਕ ਵਿਚ ਕਰਾਉਣ ਲਈ ਮਦਦ ਕਰਨਗੇ? ਕੀ ਉਹ ਪਾਕਿਸਤਾਨ ਦੀ ਭਾਰਤ ਨਾਲ ਦੁਸ਼ਮਣੀ ਵਿਚ ਹਿੱਸੇਦਾਰ ਬਣਨ ਦੀ ਗੱਲ ਕਰਨਗੇ? ਉਹ ਨਹੀਂ ਕਰਨਗੇ। ਉਹ ਇਮਾਨਦਾਰ ਹਨ। ਚੀਨ ਦੀਆਂ ਆਪਣੀਆਂ ਨੀਤੀ ਲੋੜਾਂ ਹਨ। ਕੀ ਸਰਕਾਰ ਇਹ ਗੱਲਾਂ ਸਾਡੇ ਲੋਕਾਂ ਨੂੰ ਦੱਸੇਗੀ? ਜੇ ਨਹੀਂ ਤਾਂ ਕਿਉਂ ਨਹੀਂ? ਕਿਉਂਕਿ ਇਹ ਉਨ੍ਹਾਂ ਦੇ ਵਿਰੁੱਧ ਸਿਆਸੀ ਤੇ ਆਰਥਿਕ ਜਮਾਤੀ ਜੰਗ ਲੜ ਰਹੀ ਹੈ।

('ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ)

# ਆਖਰ ਇਹ ਹੈ ਟਰੰਪ ਪਰਿਵਾਰ ਦੇ ਰੂਸੀ ਸਬੰਧਾਂ ਦਾ ਸੱਚ

*ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਐਫ.ਬੀ.ਆਈ. ਡਾਇਰੈਕਟਰ ਨੂੰ ਹਟਾ ਕੇ ਉਸ ਸੱਚ 'ਤੇ ਪਰਦਾ ਨਹੀਂ ਪਾ ਸਕਦੇ, ਜੋ ਹੈਰਾਨ ਕਰਨ ਵਾਲਾ ਹੈ। ਦੁਨੀਆ ਨੂੰ ਪਤਾ ਚੱਲਣਾ ਚਾਹੀਦਾ ਹੈ ਕਿ ਟਰੰਪ ਪਰਿਵਾਰ ਅਤੇ ਰੂਸ ਵਿਚਾਲੇ ਕਿੰਨੇ ਗੂੜ੍ਹੇ ਸਬੰਧ ਰਹੇ ਹਨ ਤੇ ਚੋਣਾਂ ਤੋਂ ਪਹਿਲਾਂ ਹੀ ਉਨ੍ਹਾਂ ਦੇ ਅਫ਼ਸਰਾਂ ਦਾ ਉਥੋਂ ਦੇ ਉਦਯੋਗਪਤੀਆਂ ਨਾਲ ਮੇਲ-ਜੋਲ ਰਿਹਾ ਹੈ। ਵੱਖ ਵੱਖ ਨਿਊਜ਼ ਏਜੰਸੀਆਂ ਦੀ ਤੱਥਾਂ 'ਤੇ ਆਧਾਰਤ ਰਿਪੋਰਟ ਤੋਂ ਪਤਾ ਚਲਦਾ ਹੈ ਕਿ ਟਰੰਪ ਆਪਣੇ ਪਰਿਵਾਰ ਦੇ ਰੂਸੀ ਸਬੰਧਾਂ ਬਾਰੇ ਝੂਠ ਬੋਲ ਰਹੇ ਹਨ। ਆਓ ! ਜਾਣਦੇ ਹਾਂ ਵੱਡਾ ਸੱਚ-*



**'ਦੀ ਨਿਊਯਾਰਕ ਟਾਈਮਜ਼' ਸੰਪਾਦਕੀ ਮੰਡਲ**

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੁੱਝ ਹੀ ਦਿਨ ਪਹਿਲਾਂ ਫੈਡਰਲ ਇਨਵੈਸਟੀਗੇਸ਼ਨ ਏਜੰਸੀ (ਐਫ.ਬੀ.ਆਈ.) ਦੇ ਡਾਇਰੈਕਟਰ ਜੇਮਸ ਕੋਮੀ ਨੂੰ ਬਰਖ਼ਾਸਤ ਕਰ ਦਿੱਤਾ। ਸਿਰਫ ਇਸ ਲਈ ਕਿ ਉਨ੍ਹਾਂ ਨੇ ਟਰੰਪ ਅਤੇ ਰੂਸ ਵਿਚਕਾਰ ਸਬੰਧਾਂ ਦੀ ਜਾਂਚ ਦੇ ਆਦੇਸ਼ ਦਿੱਤੇ ਸਨ ਅਤੇ ਉਹ ਉਸ 'ਤੇ ਸਰਗਰਮੀ ਨਾਲ ਕੰਮ ਕਰ ਰਹੇ ਸਨ। ਇਹ ਖ਼ਬਰ ਦੁਨੀਆ ਲਈ ਹੈਰਾਨੀ ਵਾਲੀ ਸੀ ਕਿ ਕਿਵੇਂ ਟਰੰਪ ਨੇ ਬਿਨਾਂ ਦੇਰੀ ਕੀਤੇ ਇੰਨੇ ਵੱਡੇ ਅਧਿਕਾਰੀ ਨੂੰ ਹਟਾ ਦਿੱਤਾ। ਦੁਨੀਆ ਦੇ ਕਈ ਅਖ਼ਬਾਰਾਂ ਨੇ ਇਸ ਖ਼ਬਰ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕੀਤਾ। ਇਸ ਤੋਂ ਪਤਾ ਲੱਗਦਾ ਹੈ ਕਿ ਐਫ.ਬੀ.ਆਈ. ਡਾਇਰੈਕਟਰ ਦੇ ਅਹੁਦੇ ਦਾ ਵਿਅਕਤੀ ਅਤੇ ਅਮਰੀਕੀ ਕੂਟਨੀਤੀ 'ਚ ਕੀ ਅੰਤਰ ਹੈ। ਕੋਮੀ ਦੀ ਥਾਂ ਐਂਡਰਿਊ ਮੈਕੇਬੇ ਨੂੰ ਏਜੰਸੀ ਦਾ ਕਾਰਜਕਾਰੀ ਡਾਇਰੈਕਟਰ ਬਣਾਇਆ ਗਿਆ ਹੈ। ਉਨ੍ਹਾਂ ਨੇ ਹਾਲ ਹੀ 'ਚ ਕਾਂਗਰਸ (ਸੰਸਦ ਦਾ ਹੇਠਲਾ ਸਦਨ) ਵਿਚ ਦੱਸਿਆ ਹੈ ਕਿ ਕੋਮੀ ਨੇ ਟਰੰਪ ਅਤੇ ਰੂਸ ਵਿਚਕਾਰ ਜਿਸ ਤਰ੍ਹਾਂ ਦੀ ਜਾਂਚ ਦੇ ਆਦੇਸ਼ ਜਾਰੀ ਕੀਤੇ ਹਨ, ਉਨ੍ਹਾਂ ਨੂੰ ਹਟਾਏ ਜਾਣ ਨਾਲ ਉਸ ਆਦੇਸ਼ 'ਤੇ ਕੋਈ ਅਸਰ ਨਹੀਂ ਪਵੇਗਾ। ਏਜੰਸੀ ਕਾਨੂੰਨ ਅਨੁਸਾਰ ਆਪਣਾ ਕੰਮ ਕਰੇਗੀ। ਵੇਖਣਾ ਹੁਣ ਇਹ ਹੈ ਕਿ ਕੋਮੀ ਦੇ ਆਦੇਸ਼ ਦਾ ਕੀ ਹੁੰਦਾ ਹੈ। ਹਾਲਾਂਕਿ ਟਰੰਪ ਕਈ ਵਾਰ ਕਹਿ ਚੁੱਕੇ ਹਨ ਕਿ ਉਨ੍ਹਾਂ ਦੇ ਪਰਿਵਾਰ ਅਤੇ ਰੂਸ ਦੇ ਸਿਆਸੀ ਤੰਤਰ 'ਚ ਮਿਲੀਭੁਗਤ ਦੀਆਂ ਗੱਲਾਂ ਝੂਠੀਆਂ ਹਨ। ਜਦਕਿ ਇਸ 'ਚ ਅਜਿਹੀਆਂ ਕਈ ਗੱਲਾਂ ਲੁਕੀਆਂ ਹੋਈਆਂ ਹਨ, ਜੋ ਕੋਈ ਨਹੀਂ ਜਾਣਦਾ। ਇਸ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਟਰੰਪ ਪਰਿਵਾਰ ਅਤੇ ਰੂਸ ਵਿਚਕਾਰ ਕਿੰਨੇ ਗੂੜ੍ਹੇ ਸਬੰਧ ਹਨ।

**ਟਰੰਪ ਦਾ ਪਰਿਵਾਰਕ ਕਾਰੋਬਾਰ :**

ਰੂਸ ਦੀ ਰਾਜਧਾਨੀ ਮਾਸਕੋ ਅਤੇ ਉੱਥੋਂ ਦੇ ਵੱਡੇ ਸ਼ਹਿਰ ਸੇਂਟ ਪੀਟਰਬਰਗ ਵਿਚ ਕੋਈ ਟਰੰਪ ਟਾਵਰ ਨਹੀਂ ਹੈ, ਪਰ ਅਜਿਹਾ ਨਹੀਂ ਹੈ ਕਿ ਉਨ੍ਹਾਂ ਵੱਲੋਂ ਕੋਸ਼ਿਸ਼ ਨਹੀਂ ਕੀਤੀ ਗਈ। ਡੋਨਲਡ ਟਰੰਪ ਅਤੇ ਉਨ੍ਹਾਂ ਦਾ ਪਰਿਵਾਰ ਕਾਫੀ ਸਮਾਂ ਪਹਿਲਾਂ ਰੂਸ ਨਾਲ ਕਾਰੋਬਾਰੀ ਸਬੰਧ ਜੋੜਨ 'ਚ ਲੱਗਿਆ ਰਿਹਾ ਹੈ। ਸ਼ਾਇਦ 1980 ਦੇ ਦਹਾਕੇ ਤੋਂ। ਟਰੰਪ ਪਰਿਵਾਰ ਦੇ ਅਤੇ ਰੂਸ ਦੇ ਉਹ ਕਾਰੋਬਾਰੀ, ਜੋ ਉੱਥੋਂ ਦੀ ਰਾਜਨੀਤੀ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਨਾਲ ਬਹੁਤ ਚੰਗੇ ਸਬੰਧ ਹਨ। ਟ੍ਰੈਵਲ ਇੰਡਸਟਰੀ ਦੀ ਨਿਊਜ਼ ਸਾਈਟ 'ਈਟਰਬੋ ਨਿਊ' ਅਨੁਸਾਰ ਜੂਨੀਅਰ ਟਰੰਪ ਨੇ ਸਾਲ 2008 ਵਿਚ ਦੁਬਈ ਵਿਚ ਇਕ ਰੀਅਲ ਅਸਟੇਟ ਕਾਨਫ਼ਰੰਸ ਨੂੰ ਸੰਬੋਧਨ ਕੀਤਾ ਸੀ। ਉਥੇ ਉਨ੍ਹਾਂ ਨੇ ਕਿਹਾ ਸੀ ਕਿ ਰੂਸੀ ਸਾਡੀਆਂ ਜਾਇਦਾਦਾਂ ਨਾਲ ਕਿਤੇ ਨਾ ਕਿਤੇ ਤਾਂ ਜੁੜੇ ਹੋਏ ਹਨ। ਟਰੰਪ ਦੇ ਇਕ ਹੋਰ ਬੇਟੇ ਏਰਿਕ ਨੇ ਸਾਲ 2013 ਵਿਚ ਲੇਖਕ ਜੇਮਸ ਡਾਡਸਨ ਨੂੰ ਕਿਹਾ ਸੀ ਕਿ ਟਰੰਪ ਪਰਿਵਾਰ ਦੇ ਗੋਲਫ ਕੋਰਸ ਵਿਚ ਰੂਸੀ ਵਪਾਰੀ ਪੈਸਾ ਲਗਾ ਰਹੇ ਹਨ, ਇਸ ਲਈ ਸਾਨੂੰ ਅਮਰੀਕੀ ਬੈਂਕਾਂ 'ਤੇ ਭਰੋਸਾ ਕਰਨ ਦੀ ਲੋੜ ਨਹੀਂ ਹੈ। ਸਾਨੂੰ ਜਿੰਨੀ ਵੀ ਵਿੱਤੀ ਮਦਦ ਦੀ ਲੋੜ ਹੋਵੇਗੀ, ਉਹ ਅਸੀਂ ਬਾਹਰੋਂ ਹਾਸਲ ਕਰ ਲਵਾਂਗੇ। ਇਹ ਵੱਖਰੀ ਗੱਲ ਹੈ ਕਿ ਏਰਿਕ ਟਰੰਪ ਨੇ ਇਸ ਗੱਲ ਤੋਂ ਪੱਲਾ ਝਾੜ ਲਿਆ ਹੈ।

- ਜੇਕਰ ਡੋਨਲਡ ਟਰੰਪ ਆਪਣੇ ਆਮਦਨ ਕਰ ਖਾਤੇ ਦੀ ਜਾਣਕਾਰੀ ਜਨਤਕ ਕਰਦੇ ਹਨ, ਤਾਂ ਦੁਨੀਆ ਉਨ੍ਹਾਂ ਦੇ ਵਿਦੇਸ਼ੀ ਸਬੰਧਾਂ ਬਾਰੇ ਹੋਰ ਵਧੇਰੇ ਜਾਣ ਸਕੇਗੀ। ਜਦਕਿ, ਪਿਛਲੇ 40 ਵਰ੍ਹਿਆਂ ਵਿਚ ਸਾਰੇ ਰਾਸ਼ਟਰਪਤੀਆਂ ਨੇ ਅਜਿਹਾ ਕੀਤਾ ਹੈ।
- ਪਿਛਲੇ 40 ਵਰ੍ਹਿਆਂ ਦੌਰਾਨ ਅਮਰੀਕਾ ਦੇ ਸਾਰੇ ਰਾਸ਼ਟਰਪਤੀਆਂ ਨੇ ਆਪਣੇ ਆਮਦਨ ਕਰ ਖਾਤਿਆਂ ਦੀ ਜਾਣਕਾਰੀ ਜਨਤਕ ਕੀਤੀ ਹੈ। ਵ੍ਹਾਈਟ ਹਾਊਸ ਦੇ ਗੌਰਵ ਲਈ ਚੰਗਾ ਹੋਵੇਗਾ ਕਿ ਜੇਕਰ ਟਰੰਪ ਵੀ ਉਸੇ ਪਰੰਪਰਾ ਦਾ ਪਾਲਣ ਕਰਨ।

ਇਸ ਤੋਂ ਇਲਾਵਾ ਡੋਨਲਡ ਟਰੰਪ ਅਤੇ ਰੂਸ ਦੇ ਮੁੱਖ ਕਾਰੋਬਾਰੀ ਸੰਗਠਨ ਅਗਾਲਾਰੋਵ ਪਰਿਵਾਰ ਵਿਚਾਲੇ ਵੀ ਚੰਗੇ ਸਬੰਧ ਰਹੇ ਹਨ। ਉਸੇ ਸੰਗਠਨ ਨੇ ਸਾਲ 2013 ਵਿਚ ਮਾਸਕੋ ਵਿਚ ਮਿਸ ਯੂਨੀਵਰਸ ਮੁਕਾਬਲੇ ਦੀ ਮੇਜ਼ਬਾਨੀ ਕੀਤੀ ਸੀ, ਜੋ ਟਰੰਪ ਦੇ ਮੁੱਖ ਕਾਰੋਬਾਰ ਵਿਚ ਸ਼ਾਮਲ ਹੈ। ਬਲੂਮਬਰਗ ਨਿਊਜ਼ ਨੇ ਦੱਸਿਆ ਹੈ ਕਿ ਉਦੋਂ ਤੋਂ ਟਰੰਪ ਰੂਸ ਦੇ ਦਰਜਨਾਂ ਮੁੱਖ ਕਾਰੋਬਾਰੀਆਂ ਨਾਲ ਮੁਲਾਕਾਤ ਕਰ ਚੁੱਕੇ ਹਨ। ਡੋਨਲਡ ਟਰੰਪ ਦੇ ਜਵਾਈ ਜੇਮਸ ਕੁਸ਼ਨਰ, ਜੋ ਉਨ੍ਹਾਂ ਦੇ ਸਲਾਹਕਾਰ ਵੀ ਹਨ, ਦਾ ਨਾਂ ਵੀ 'ਰੂਸ ਨਾਲ ਮਿਲੀਭੁਗਤ' ਵਿਚ ਸ਼ਾਮਲ ਰਿਹਾ ਹੈ।

**ਜੈਫ ਸੈਸ਼ਨ : ਅਟਾਰਨੀ ਜਨਰਲ**

ਅਟਾਰਨੀ ਜਨਰਲ ਸੈਸ਼ਨ ਨੇ ਸੈਨੇਟ 'ਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਜਦੋਂ ਉਹ ਟਰੰਪ ਦੀ ਪ੍ਰਚਾਰ ਮੁਹਿੰਮ ਨਾਲ ਜੁੜੇ ਸਨ, ਉਦੋਂ ਉਨ੍ਹਾਂ ਦੇ ਅਤੇ ਰੂਸੀ ਅਧਿਕਾਰੀਆਂ ਵਿਚਕਾਰ ਕਿਸੇ ਤਰ੍ਹਾਂ ਦਾ ਸੰਪਰਕ ਨਹੀਂ ਸੀ। ਜਦਕਿ, ਸੱਚ ਇਹ ਹੈ ਕਿ ਉਹ ਰੂਸੀ ਉਦਯੋਗਪਤੀ ਕਿਸਲੇਕ ਨੂੰ ਦੋ ਵਾਰ ਮਿਲੇ ਸਨ - ਇਕ ਵਾਰ ਖ਼ੁਦ ਦੇ ਸੈਨੇਟ ਦਫ਼ਤਰ 'ਚ, ਦੂਜੀ ਵਾਰ ਰਿਪਬਲਿਕਨ ਦੇ ਕੌਮੀ ਸੰਮੇਲਨ ਵਿਚ। ਹੈਰਾਨੀ ਦੀ ਗੱਲ ਇਹ ਹੈ ਕਿ ਇੰਨਾ ਸਭ ਹੋਣ ਦੇ ਬਾਵਜੂਦ ਉਹ ਸੰਸਦ ਦੇ ਉੱਚ ਸਦਨ ਵਿਚ ਝੂਠ ਬੋਲ ਗਏ। ਕਾਰਵਾਈ ਤਾਂ ਉਨ੍ਹਾਂ ਦੇ ਇਸ ਝੂਠ 'ਤੇ ਹੀ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਸੰਸਦ ਦੀ ਮਰਿਆਦਾ ਦਾ ਵੀ ਧਿਆਨ ਨਹੀਂ ਰੱਖਿਆ।

## ਫਲੇਨ : ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ

*ਅਮਰੀਕਾ ਨੇ ਰੂਸ 'ਤੇ ਜਦੋਂ ਪਾਬੰਦੀ ਲਗਾਈ ਸੀ, ਉਸ ਦੌਰਾਨ ਮਾਇਕਲ ਫਲੇਨ ਨੇ ਕਈ ਮੌਕਿਆਂ 'ਤੇ ਰੂਸੀ ਰਾਜਦੂਤ ਸਰਗੀ ਕਿਸਲੇਕ ਨਾਲ ਗੱਲਬਾਤ ਕੀਤੀ ਸੀ। ਉੱਥੇ ਹੀ ਫਲੇਨ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਬਣਾਏ ਗਏ, ਬਾਅਦ 'ਚ ਉਨ੍ਹਾਂ ਨੂੰ ਹਟਾ ਦਿੱਤਾ ਗਿਆ। ਉਨ੍ਹਾਂ ਨੂੰ ਅਹੁਦੇ ਤੋਂ ਹਟਾਏ ਜਾਣ ਦਾ ਇੱਕੋ-ਇਕ ਕਾਰਨ ਇਹ ਸੀ ਕਿ ਉਨ੍ਹਾਂ ਨੇ ਉਪ ਰਾਸ਼ਟਰਪਤੀ ਮਾਇਕ ਪੇਨਸ ਸਾਹਮਣੇ ਕਿਸਲੇਕ ਨਾਲ ਆਪਣੀ ਮੁਲਾਕਾਤ ਬਾਰੇ ਝੂਠ ਬੋਲਿਆ ਸੀ ਅਤੇ ਉਨ੍ਹਾਂ ਦੇ ਝੂਠ ਦੀ ਇਹ ਗੱਲ ਜਨਤਕ ਹੋ ਗਈ ਸੀ। ਦਸੰਬਰ 2015 ਵਿਚ ਮਾਸਕੋ ਵਿਚ ਇਕ ਭਾਸ਼ਣ ਦੇਣ ਲਈ ਰੂਸ ਸਰਕਾਰ ਸਮਰਥਕ 'ਨਿਊਜ਼ ਸਾਈਟ ਆਰਟੀ' ਨੇ ਫਲੇਨ ਨੂੰ 30.6 ਲੱਖ ਰੁਪਏ ਦਿੱਤੇ ਸਨ। ਉਸ ਤੋਂ ਬਾਅਦ ਆਰਟੀ ਨਿਊਜ਼ ਦੇ ਹੀ ਇਕ ਪ੍ਰੋਗਰਾਮ 'ਚ ਫਲੇਨ ਨੇ ਰੂਸੀ ਰਾਸ਼ਟਰਪਤੀ ਵਲਾਦਿਮਿਰ ਪੁਤਿਨ ਨਾਲ ਮੁਲਾਕਾਤ ਕੀਤੀ ਸੀ। ਅਮਰੀਕਾ ਰੱਖਿਆ ਵਿਭਾਗ ਪੈਂਟਾਗਨ ਇਸ ਗੱਲ ਦੀ ਜਾਂਚ ਕਰ ਰਿਹਾ ਹੈ ਕਿ ਰਿਟਾਇਰਡ ਮਿਲਟਰੀ ਇੰਟੈਲੀਜੈਂਸ ਅਧਿਕਾਰੀ ਆਪਣੀ ਗੱਲ ਲੁਕਾਉਣ 'ਚ ਨਾਕਾਮ ਕਿਵੇਂ ਰਹੇ, ਕਿਉਂ ਉਨ੍ਹਾਂ ਨੇ ਵਿਦੇਸ਼ੀ ਸਰਕਾਰ ਤੋਂ ਪੈਸੇ ਲੈਣ ਤੋਂ ਪਹਿਲਾਂ ਵਿਦੇਸ਼ ਤੇ ਰੱਖਿਆ ਵਿਭਾਗ ਦੀ ਮਨਜ਼ੂਰੀ ਲੈਣਾ ਜ਼ਰੂਰੀ ਨਹੀਂ ਸਮਝਿਆ।*



## ਮੁੱਖ ਅਧਿਕਾਰੀਆਂ ਨੇ ਨਾ ਸਿਰਫ਼ ਰੂਸ ਤੋਂ ਪੈਸੇ ਲਏ, ਸਗੋਂ ਉੱਥੇ ਕੰਮ ਵੀ ਕੀਤਾ

### ਪਾਲ ਮੈਨਾਫੋਰਟ - ਟਰੰਪ ਦੀ ਪ੍ਰਚਾਰ ਮੁਹਿੰਮ ਦੇ ਸਾਬਕਾ ਮੁਖੀ

ਮੈਨਾਫੋਰਟ ਬਾਰੇ ਪਤਾ ਲੱਗਾ ਹੈ ਕਿ ਉਹ ਯੂਕ੍ਰੇਨ ਦੀ ਰੂਸ ਸਮਰਥਕ ਰਾਜਨੀਤਕ ਪਾਰਟੀ ਅਤੇ ਯੂਕ੍ਰੇਨ ਦੇ ਸਾਬਕਾ ਰਾਸ਼ਟਰਪਤੀ ਵਿਕਟਰ ਯਾਨੂਕੋਵਿਚ ਲਈ ਸਲਾਹਕਾਰ ਵਜੋਂ ਕੰਮ ਕਰ ਚੁੱਕੇ ਹਨ। ਇਥੇ ਵਿਕਟਰ ਨੂੰ ਰੂਸ ਸਮਰਥਕ ਕਹਿਣਾ ਸਹੀ ਹੋਵੇਗਾ। ਮੈਨਾਫੋਰਟ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਰੂਸ ਸਮਰਥਕ ਰਾਜਨੀਤਕ ਪਾਰਟੀ ਤੋਂ ਗੁਪਤ ਤਰੀਕੇ ਨਾਲ ਵੱਡੀ ਰਾਸ਼ੀ ਪ੍ਰਾਪਤ ਕੀਤੀ ਸੀ। ਇਕ ਦਹਾਕੇ ਪਹਿਲਾਂ ਮੈਨਾਫੋਰਟ ਰੂਸੀ ਕਾਰੋਬਾਰੀ ਓਲੇਗ ਦੇਰਿਪਾਸਕਾ ਦੇ ਨਾਲ ਕੰਮ ਕਰ ਚੁੱਕੇ ਹਨ, ਜਦਕਿ ਦੇਰਿਪਾਸਕਾ ਅਤੇ ਪੁਤਿਨ ਵਿਚਕਾਰ ਚੰਗੇ ਸਬੰਧ ਹਨ। ਨਿਊਜ਼ ਏਜੰਸੀ 'ਏਪੀ' ਕੋਲ ਉਹ ਮੈਮੋ ਹੈ, ਜਿਸ 'ਚ ਦੇਰਿਪਾਸਕਾ ਨੇ ਇਕ ਯੋਜਨਾ ਤਿਆਰ ਕੀਤੀ ਸੀ, ਜਿਸ ਨੂੰ ਉਨ੍ਹਾਂ ਨੇ ਪੁਤਿਨ ਸਰਕਾਰ ਲਈ ਫਾਇਦੇਮੰਦ ਦੱਸਿਆ ਸੀ।

### ਕਾਰਟਰ ਪੇਜ - ਰੂਸ 'ਚ ਭਾਸ਼ਣ ਦਿੱਤਾ, ਹੁਣ ਹਨ ਵਿਦੇਸ਼ ਨੀਤੀ ਸਲਾਹਕਾਰ

ਅਮਰੀਕੀ ਅਧਿਕਾਰੀਆਂ ਨੂੰ ਵਿਸ਼ਵਾਸ ਹੈ ਕਿ ਵਿਦੇਸ਼ ਨੀਤੀ ਸਲਾਹਕਾਰ ਕਾਰਟਰ ਪੇਜ ਟਰੰਪ ਦੀ ਪ੍ਰਚਾਰ ਮੁਹਿੰਮ ਸਮੇਂ ਰੂਸੀ ਅਧਿਕਾਰੀਆਂ ਦੇ ਸੰਪਰਕ ਵਿਚ ਸਨ। ਜੁਲਾਈ 2016 ਵਿਚ ਉਨ੍ਹਾਂ ਨੇ ਰੂਸ ਸਰਕਾਰ ਦੇ ਸਮਰਥਨ ਵਿਚ ਉਥੇ ਭਾਸ਼ਣ ਦਿੱਤਾ ਸੀ। ਉਸ ਵਿਚ ਉਨ੍ਹਾਂ ਨੇ ਕਈ ਵਾਰ ਰਾਸ਼ਟਰਪਤੀ ਪੁਤਿਨ ਦਾ ਜ਼ਿਕਰ ਕੀਤਾ। ਇਸ ਤੋਂ ਇਲਾਵਾ ਕਾਰਟਰ ਪੇਜ ਮੇਰਿਲ ਲਿੰਚ ਦੇ ਮਾਸਕੋ ਦਫ਼ਤਰ 'ਚ ਕੰਮ ਕਰ ਚੁੱਕੇ ਹਨ, ਉੱਥੇ ਉਨ੍ਹਾਂ ਦਾ ਸਪੰਰਕ ਸਰਕਾਰ ਦੀ ਐਨਰਜੀ ਫਰਮ ਗੇਜ਼ਪ੍ਰਾਮ ਦੇ ਨਾਲ ਸੀ। ਉਸ ਐਨਰਜੀ ਫਰਮ ਦਾ ਰੂਸ 'ਚ ਵੱਡੇ ਪੱਧਰ 'ਤੇ ਕੰਮਕਾਜ ਫੈਲਿਆ ਹੈ ਅਤੇ ਉਸ ਦੇ ਉੱਚ ਅਧਿਕਾਰੀਆਂ ਦੇ ਰੂਸੀ ਰਾਸ਼ਟਰਪਤੀ ਪੁਤਿਨ ਅਤੇ ਉਨ੍ਹਾਂ ਦੇ ਮੰਤਰੀਆਂ ਨਾਲ ਚੰਗੇ ਸਬੰਧ ਰਹੇ ਹਨ।

### ਰੋਜਰ ਸਟੋਨ - ਹਿਲੇਰੀ ਦੇ ਈ-ਮੇਲ ਹੈਕਰਾਂ ਨੂੰ ਮੈਸੇਜ ਕੀਤੇ, ਹੁਣ ਹਨ ਮੁੱਖ ਸਹਿਯੋਗੀ

ਰੋਜਰ ਸਟੋਨ ਨੂੰ ਰਸਮੀ ਦੱਸਿਆ ਜਾਂਦਾ ਹੈ, ਪਰ ਉਹ ਟਰੰਪ ਦੇ ਮੁੱਖ ਸਹਿਯੋਗੀਆਂ ਵਿਚੋਂ ਇਕ ਹਨ। ਪਿਛਲੀਆਂ ਗਰਮੀਆਂ ਵਿਚ ਉਨ੍ਹਾਂ ਨੇ 'ਗੁਚੀਫਰ 2.0' ਯੂਜਰ ਨੇਮ ਵਾਲੇ ਟਵਿਟਰ ਅਕਾਊਂਟ ਨਾਲ ਮੈਸੇਜਾਂ ਦਾ ਆਦਾਨ-ਪ੍ਰਦਾਨ ਕੀਤਾ ਸੀ। ਉਹ ਅਕਾਊਂਟ ਰੂਸ ਦੇ ਖੁਫ਼ੀਆ ਤੰਤਰ ਨਾਲ ਜੁੜੇ ਲੋਕ ਚਲਾਉਂਦੇ ਹਨ। ਉਹੀ ਲੋਕ, ਜਿਨ੍ਹਾਂ ਨੇ ਡੈਮੋਕ੍ਰੇਟਿਕ ਪਾਰਟੀ ਦੀ ਨੈਸ਼ਨਲ ਕਮੇਟੀ ਅਤੇ ਹਿਲੇਰੀ ਕਲਿੰਟਨ ਦੇ ਪ੍ਰਚਾਰ ਨਾਲ ਜੁੜੇ ਈ-ਮੇਲ ਦੀ ਹੈਕਿੰਗ ਕੀਤੀ ਸੀ। ਅਜਿਹਾ ਲੱਗਦਾ ਹੈ ਕਿ ਪ੍ਰਚਾਰ ਸਮੇਂ ਰੋਜਰ ਸਟੋਨ ਨੂੰ ਬਹੁਤ ਪਹਿਲਾਂ ਹੀ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਵਿਕੀਲੀਕਸ ਵੱਲੋਂ ਜਾਨ ਪੋਡੇਸਟਾ ਦੇ ਈ-ਮੇਲ ਦੀ ਜਾਣਕਾਰੀ ਲੀਕ ਕੀਤੀ ਜਾਵੇਗੀ।




### ਇਹ ਸਾਰੇ ਤੱਥ ਝੂਠ ਨਹੀਂ ਹੋ ਸਕਦੇ

ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੇ ਸਹਿਯੋਗੀ ਭਾਵੇਂ ਹੀ ਚੀਖ਼-ਚੀਖ਼ ਕੇ, ਰੋ ਕੇ ਕੁਝ ਵੀ ਕਹਿਣ, ਇਨ੍ਹਾਂ ਗੱਲਾਂ ਨੂੰ ਝੂਠਾ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਕਰਨ, ਪਰ ਸਾਰਿਆਂ ਤੋਂ ਵੱਡੀ ਗੱਲ ਇਹ ਹੈ ਕਿ ਟਰੰਪ ਅਤੇ ਉਨ੍ਹਾਂ ਦੇ ਵਿਦੇਸ਼ੀ ਸਬੰਧੀਆਂ ਵਿਚਾਲੇ ਗੂੜ੍ਹੀ ਮਿੱਤਰਤਾ ਦੇ ਸਬੂਤ ਹਨ। ਅਜਿਹਾ ਕੋਈ ਵੀ ਵਿਅਕਤੀ ਜਾਂ ਸ਼ਖ਼ਸੀਅਤ, ਜੋ ਅਮਰੀਕੀ ਚੋਣ ਪ੍ਰਕਿਰਿਆ ਦੀ ਭਰੋਸੇਯੋਗਤਾ 'ਤੇ ਚਿੰਤਾ ਜ਼ਾਹਰ ਕਰਦਾ ਹੈ, ਉਸ ਨੂੰ ਵਿਆਪਕ ਜਾਂਚ ਦੀ ਮੰਗ ਕਰਨੀ ਹੀ ਚਾਹੀਦੀ ਹੈ ਕਿ ਕਿਵੇਂ ਰੂਸ ਨੇ ਅਮਰੀਕੀ ਚੋਣਾਂ ਵਿਚ ਦਖ਼ਲ ਦਿੱਤਾ। ਕਿਵੇਂ ਉਸ ਦੇ ਹੈਕਰਾਂ ਨੇ ਅਮਰੀਕੀ ਸਿਆਸੀ ਪਾਰਟੀਆਂ ਦੇ ਈ-ਮੇਲ ਵਿਚ ਸੰਨ੍ਹ ਲਾਈ ਅਤੇ ਉਨ੍ਹਾਂ ਨੂੰ ਜਨਤਕ ਕਰਨ ਵਿਚ ਮਦਦ ਕੀਤੀ।

('ਦੀ ਨਿਊਯਾਰਕ ਟਾਈਮਜ਼' ਤੋਂ ਧੰਨਵਾਦ ਸਹਿਤ)

# ਜੇਕਰ ਜੇ.ਐਨ.ਯੂ. ਵਰਗੀ ਵਿਵਸਥਾ ਨਾ ਹੁੰਦੀ ਤਾਂ...

*ਕਿਸੇ ਵੀ ਸਿਆਸੀ ਦਲ ਲਈ ਦੂਸਰੇ ਦਲ ਦੀ ਵਿਚਾਰਧਾਰਾ ਨੂੰ ਖ਼ਤਮ ਕਰਨਾ ਇਕ ਚੁਣੌਤੀ ਹੁੰਦਾ ਹੀ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਦੱਖਣਪੰਥੀ ਮੰਨੀ ਜਾਣ ਵਾਲੀ ਭਾਜਪਾ ਲਈ ਧਰਮ ਨਿਰਪੱਖ ਦਲ ਤੇ ਖ਼ਾਸ ਕਰਕੇ ਖੱਬੇਪੱਖੀ ਵਿਚਾਰਧਾਰਾ ਇਕ ਚੁਣੌਤੀ ਰਹੀ ਹੈ। ਅਤੇ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਜੇ.ਐਨ.ਯੂ. ਉਸ ਖੱਬੇਪੱਖੀ ਵਿਚਾਰਧਾਰਾ ਦੇ ਪ੍ਰਤੀਕ ਵਜੋਂ ਉਭਰੀ ਹੈ, ਜਿੱਥੇ ਹਰ ਉਸ ਗੱਲ ਦੀ ਆਲੋਚਨਾ ਸੰਭਵ ਹੈ ਜੋ ਦੱਖਣਪੰਥੀ ਦਲਾਂ ਲਈ ਪਵਿੱਤਰ ਹੈ-ਮਸਲਨ, ਕਸ਼ਮੀਰ, ਗਾਂ, ਦੇਸ਼ ਭਗਤੀ, ਰਾਸ਼ਟਰਵਾਦ...।*

**ਸੁਸ਼ੀਲ ਕੁਮਾਰ ਝਾਅ**

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦੀ ਦਾਖ਼ਲਾ ਨੀਤੀ ਜਿਹੋ ਜਿਹੀ ਹੈ, ਵੈਸੀ ਨਾ ਹੁੰਦੀ ਤਾਂ ਮੇਰੇ ਵਰਗੇ ਹੇਠਲੇ ਮੱਧ ਵਰਗੀ ਪਰਿਵਾਰ ਦੇ ਵਿਦਿਆਰਥੀ ਦਾ ਝਾਰਖੰਡ ਦੇ ਜਾਦੂਗੋਡਾ ਤੋਂ ਦਿੱਲੀ ਪਹੁੰਚਣਾ ਆਸਾਨ ਨਹੀਂ ਹੁੰਦਾ। ਦਾਖ਼ਲਾ ਮਿਲ ਵੀ ਜਾਂਦਾ ਤਾਂ ਮੈਂ ਸ਼ਾਇਦ ਪੜ੍ਹਾਈ ਦਾ ਖ਼ਰਚ ਨਾ ਚੁੱਕ ਸਕਦਾ ਜੇਕਰ ਜੇ.ਐਨ.ਯੂ. ਵਰਗੀ ਵਿਵਸਥਾ ਨਾ ਹੁੰਦੀ।

ਪਹਿਲਾਂ ਤਾਂ ਕੁਝ ਤੱਥਾਂ ਦੀ ਗੱਲ ਹੋ ਜਾਵੇ, ਫੇਰ ਮੁੱਲਾਂ ਦੀ ਗੱਲ ਕਰਦੇ ਹਾਂ।

ਜੇ.ਐਨ.ਯੂ. ਦੀ ਸਥਾਪਨਾ ਸੰਸਦ ਦੇ ਇਕ ਐਕਟ ਨਾਲ ਹੋਈ ਸੀ।

ਸਿਰਫ਼ ਜੇ.ਐਨ.ਯੂ. ਵਿਚ ਹੀ ਦਾਖ਼ਲੇ ਦੀ ਅਜਿਹੀ ਨੀਤੀ ਰਹੀ ਹੈ, ਜਿਸ ਵਿਚ ਪੱਛੜੇ ਜ਼ਿਲ੍ਹਿਆਂ ਤੋਂ ਆਉਣ ਵਾਲਿਆਂ ਨੂੰ ਇਸ ਲਈ ਵਾਧੂ ਨੰਬਰ ਦਿੱਤੇ ਜਾਂਦੇ ਹਨ। ਭਾਵ, ਤੁਸੀਂ ਉਡੀਸਾ ਦੇ ਕਾਲਾਹਾਂਡੀ ਜ਼ਿਲ੍ਹੇ ਤੋਂ ਹੋ ਤਾਂ ਤੁਹਾਨੂੰ 5 ਨੰਬਰ ਮਿਲਣਗੇ ਕਿਉਂਕਿ ਉਹ ਇਲਾਕਾ ਪੱਛੜਿਆ ਹੈ।

ਜੇ.ਐਨ.ਯੂ. ਵਿਚ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਭਾਰਤ ਦੇ ਸਾਰੇ ਸੂਬਿਆਂ ਤੋਂ ਵਿਦਿਆਰਥੀ ਪੜ੍ਹਨ ਆ ਸਕਣ, ਹਾਲਾਂਕਿ ਬਿਹਾਰ ਤੇ ਉਡੀਸਾ ਵਰਗੇ ਪੱਛੜੇ ਸੂਬਿਆਂ ਦੇ ਵਿਦਿਆਰਥੀਆਂ ਦੀ ਸੰਖਿਆ ਜ਼ਿਆਦਾ ਹੈ।

ਜੇ.ਐਨ.ਯੂ. ਸੰਭਾਵੀ ਤੌਰ 'ਤੇ ਪੂਰੇ ਭਾਰਤ ਵਿਚ ਸੋਸ਼ਲ ਸਾਇੰਸ ਦੇ ਮਲਟੀ ਡਿਸੀਪਲਨਰੀ ਰਿਸਰਚ ਦੀ ਇਕੋ-ਇਕ ਸੰਸਥਾ ਹਨ।

ਯੂਨੀਵਰਸਿਟੀ ਵਿਚ ਅਨੇਕਾਂ ਵਿਦੇਸ਼ੀ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਹਨ, ਅੰਡਰ ਗਰੈਜੂਏਟ ਕੋਰਸ ਸਿਰਫ਼ ਵਿਦੇਸ਼ੀ ਭਾਸ਼ਾਵਾਂ ਵਿਚ ਹੁੰਦੇ ਹਨ, ਬਾਕੀ ਸਾਰੇ ਕੋਰਸ ਮਾਸਟਰਸ ਤੋਂ ਸ਼ੁਰੂ ਹੁੰਦੇ ਹਨ।

**ਹੁਣ ਜੇ.ਐਨ.ਯੂ ਦੇ ਮੁੱਲ**

ਇਨ੍ਹਾਂ 'ਤੇ ਲੰਬੀ ਬਹਿਸ ਦੀ ਸੰਭਾਵਨਾ ਹੈ। ਖ਼ਾਸ ਕਰਕੇ ਕਨ੍ਹੱਈਆ, ਉਮਰ ਖਾਲਿਦ ਮਾਮਲੇ ਤੋਂ ਬਾਅਦ। ਉਂਜ ਤਾਂ ਕਾਂਗਰਸ ਦੇ ਸ਼ਾਸਨ ਕਾਲ ਵਿਚ ਜੇ.ਐਨ.ਯੂ. ਦੀ ਸਥਾਪਨਾ ਹੋਈ ਸੀ ਤੇ ਨਾਂ ਵੀ ਕਾਂਗਰਸੀ ਨੇਤਾ 'ਤੇ ਰੱਖਿਆ ਗਿਆ ਸੀ ਪਰ ਜੇ.ਐਨ.ਯੂ. ਕਦੇ ਵੀ ਸਿਆਸੀ ਤੌਰ 'ਤੇ ਕਾਂਗਰਸੀ ਨਹੀਂ ਰਿਹਾ।



ਸ਼ੁਰੂਆਤੀ ਦੌਰ ਵਿਚ ਵੀ ਜੇ.ਐਨ.ਯੂ. ਦੇ ਵਿਦਿਆਰਥੀਆਂ ਦਾ ਝੁਕਾਅ ਖੱਬੇਪੱਖੀ ਸਿਆਸਤ ਵੱਲ ਰਿਹਾ। 70ਵੇਂ ਦਹਾਕੇ ਵਿਚ ਐਮਰਜੈਂਸੀ ਦੌਰਾਨ ਜੇ.ਐਨ.ਯੂ. ਸਰਕਾਰੀ ਦਮਨ ਦੇ ਵਿਰੋਧ ਵਿਚ ਅੱਗੇ ਰਿਹਾ ਤੇ ਬਾਅਦ ਵਿਚ ਇਸੇ ਕੈਂਪਸ ਤੋਂ ਨਿਕਲੇ ਸੀਤਾਰਾਮ ਯੇਚੁਰੀ ਤੇ ਪ੍ਰਕਾਸ਼ ਕਰਾਤ ਨੇ ਖੱਬੇਪੱਖੀ ਸਿਆਸਤ ਵਿਚ ਨਾਂ ਕਮਾਇਆ।

ਐਮਰਜੈਂਸੀ ਦਾ ਮਸ਼ਹੂਰ ਕਿੱਸਾ ਹੈ ਕਿ ਜਦੋਂ ਇੰਦਰਾ ਗਾਂਧੀ ਚੋਣ ਹਾਰ ਗਈ ਤਾਂ ਜੇ.ਐਨ.ਯੂ. ਤੋਂ ਵਿਦਿਆਰਥੀਆਂ ਦਾ ਇਕ ਵਫ਼ਦ ਸੀਤਾਰਾਮ ਯੇਚੁਰੀ ਦੀ ਅਗਵਾਈ ਵਿਚ



ਇੰਦਰਾ ਗਾਂਧੀ ਕੋਲ ਗਿਆ ਤੇ ਇਕ ਪਰਚਾ ਪੜ੍ਹਿਆ ਜਿਸ ਵਿਚ ਵਰਣਨ ਸੀ ਕਿ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਰਹਿੰਦਿਆਂ ਐਮਰਜੈਂਸੀ ਦੌਰਾਨ ਕੀ ਕੀ ਗ਼ਲਤ ਹੋਇਆ।

ਵਿਦਿਆਰਥੀਆਂ ਦੀ ਮੰਗ ਸੀ ਕਿ ਉਹ ਜੇ.ਐਨ.ਯੂ. ਦੇ ਚਾਂਸਲਰ ਦੇ ਉਹਦੇ ਤੋਂ ਅਸਤੀਫ਼ਾ ਦੇਣ ਤੇ ਇੰਦਰਾ ਗਾਂਧੀ ਨੇ ਬਾਅਦ ਵਿਚ ਅਸਤੀਫ਼ਾ ਦੇ ਦਿੱਤਾ। ਰਾਖਵਾਂਕਰਨ ਵਿਰੋਧੀ ਅੰਦੋਲਨ ਦੌਰਾਨ ਜੇ.ਐਨ.ਯੂ. ਵਿਚ ਰਾਖਵਾਂਕਰਨ ਦੇ ਵਿਰੋਧ ਵਿਚ ਅਤੇ ਸਮਰਥਨ ਵਿਚ ਅੰਦੋਲਨ ਚੱਲੇ ਪਰ ਬਾਅਦ ਵਿਚ ਯੂਨੀਵਰਸਿਟੀ ਦੀ ਦਿਖ ਮੂਲ ਰੂਪ ਨਾਲ ਰਾਖਵਾਂ ਸਮਰਥਕ ਯੂਨੀਵਰਸਿਟੀ ਵਜੋਂ ਹੀ ਬਣੀ। ਜੇ.ਐਨ.ਯੂ. ਦੇ ਵਿਦਿਆਰਥੀ ਚੋਣ ਕਈ ਵਰ੍ਹਿਆਂ ਤੋਂ ਆਪਣੇ ਆਪ ਵਿਚ ਵਿਲੱਖਣ ਰਹੀ ਹੈ। ਕਾਰਨ ਇਹ ਹੈ ਕਿ ਇਹ ਚੋਣ ਵਿਦਿਆਰਥੀ ਹੀ ਕਰਵਾਉਂਦੇ ਹਨ ਤੇ ਇਨ੍ਹਾਂ ਚੋਣਾਂ ਵਿਚ ਕਦੇ ਕਿਸੇ ਹਿੰਸਾ ਜਾਂ ਗੜਬੜੀਆਂ ਦੀ ਖ਼ਬਰ ਨਹੀਂ ਆਈ ਹੈ।

ਕੈਂਪਸ ਦੇ ਵਿਦਿਆਰਥੀ ਹੀ ਇਕ ਚੋਣ ਕਮੇਟੀ ਬਣਾਉਂਦੇ ਹਨ ਤੇ ਉਹੀ ਕਮੇਟੀ ਚੋਣ ਪ੍ਰਕਿਰਿਆ ਨੂੰ ਪੂਰਾ ਕਰਦੀ ਹੈ। ਚੋਣਾਂ ਦੌਰਾਨ ਹਰ ਦਲ ਨੂੰ ਪੂਰੇ ਕੈਂਪਸ ਵਿਚ ਥਾਂ ਦਿੱਤੀ ਜਾਂਦੀ ਹੈ, ਜਿੱਥੇ ਉਹ ਆਪਣੇ ਪੋਸਟਰ ਬਣਾ ਕੇ ਲਗਾ ਸਕਣ। ਕੈਂਪਸ ਵਿਚ ਛਪਵਾ ਕੇ ਪੋਸਟਰ ਬੈਨਰ ਲਗਾਉਣ ਦਾ ਚਲਣ ਨਹੀਂ ਹੈ, ਸਾਰੇ ਬੈਨਰ ਪੋਸਟਰ ਹੱਥ ਨਾਲ ਬਣਾਏ ਜਾਂਦੇ ਹਨ ਤੇ ਜੇਕਰ ਕੋਈ ਦਲ ਅਜਿਹਾ ਕਰਦਾ ਹੈ ਤਾਂ ਇਸ ਨੂੰ ਬੁਰਾ ਮੰਨਿਆ ਜਾਂਦਾ ਹੈ।

**ਵਿਦਿਆਰਥੀ ਚੋਣਾਂ 'ਚ ਜਿੱਤੇ ਕਈ ਵਿਦਿਆਰਥੀ ਸਿਆਸੀ ਦਲਾਂ 'ਚ ਵੀ ਸਰਗਰਮ ਰਹੇ :**

ਜੇ.ਐਨ.ਯੂ. ਨੂੰ ਧੁਰ ਖੱਬੇਪੱਖੀ ਮੰਨਣ ਵਾਲੇ ਲੋਕ ਇਹ ਭੁੱਲ ਜਾਂਦੇ ਹਨ ਕਿ ਕੈਂਪਸ ਵਿਚ 2001 ਵਿਚ ਹੋਈਆਂ ਚੋਣਾਂ ਵਿਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ ਸੰਦੀਪ ਮਹਾਂਪਾਤਰ ਨੇ ਇਕ ਵੋਟ ਨਾਲ ਚੋਣ ਜਿੱਤੀ ਸੀ। ਕੈਂਪਸ ਵਿਚ ਵਿਦਿਆਰਥੀਆਂ ਨੂੰ ਬੋਲਣ ਦੀ ਆਜ਼ਾਦੀ ਦਾ ਆਲਮ ਕੁਝ-ਕੁਝ ਆਕਸਫੋਰਡ ਤੇ ਕੈਂਬਰਿਜ ਵਰਗਾ ਹੈ, ਜਿੱਥੇ ਸਰਕਾਰ ਦੀ, ਸਰਕਾਰੀ ਨੀਤੀਆਂ ਦੀ ਆਲੋਚਨਾ ਕਰਨ ਦੀ ਪੂਰੀ ਛੋਟ ਹੈ।

ਫ਼ੌਜ, ਰਾਸ਼ਟਰ, ਰਾਸ਼ਟਰਵਾਦ, ਲੋਕਤੰਤਰ ਦੀਆਂ ਧਾਰਨਾਵਾਂ 'ਤੇ ਸਿਹਤਮੰਦ ਬਹਿਸ ਨੂੰ ਚੰਗਾ ਮੰਨਿਆ ਜਾਂਦਾ ਹੈ ਤੇ ਵਿਦਿਆਰਥੀਆਂ ਨੂੰ ਅਜਿਹੀਆਂ ਬਹਿਸਾਂ ਵਿਚ ਹਿੱਸਾ ਲੈਣ ਦਾ ਸੱਦਾ ਦਿੱਤਾ ਜਾਂਦਾ ਹੈ। ਇਨ੍ਹਾਂ ਵਿਸ਼ਿਆਂ 'ਤੇ ਜੇ.ਐਨ.ਯੂ. ਵਿਚ ਆਏ ਦਿਨ ਪਰਚੇ ਛਪਦੇ ਹਨ ਤੇ ਕਈ ਵਾਰ ਦੂਸਰੇ ਨੂੰ ਇਤਰਾਜ਼ਯੋਗ ਲੱਗਣ ਵਾਲੀ ਸਮੱਗਰੀ ਵੀ ਛਪਦੀ ਹੈ, ਜਿਸ ਦਾ ਜਵਾਬ ਲੋਕ ਆਪਣੇ ਪਰਚਿਆਂ ਨਾਲ ਦੇ ਸਕਦੇ ਹਨ।

**ਲੜਕੀਆਂ ਲਈ ਸਾਜ਼ਗਾਰ ਮਾਹੌਲ :**

ਭਾਜਪਾ ਦੇ ਵਿਧਾਇਕ ਗਿਆਨ ਅਹੂਜਾ ਦੇ ਉਸ ਵਿਵਾਦਤ ਬਿਆਨ ਦੀ ਲੋਕ ਅਕਸਰ ਚਰਚਾ ਕਰਦੇ ਹਨ ਕਿ ਜੇ.ਐਨ.ਯੂ. ਵਿਚ ਕੰਡੋਮ ਸੁੱਟੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਜੇ.ਐਨ.ਯੂ. ਪਹਿਲੀ ਯੂਨੀਵਰਸਿਟੀ ਸੀ, ਜਿੱਥੇ ਕੰਡੋਮ ਦੀ ਵੈਂਡਿੰਗ ਮਸ਼ੀਨ ਲਾਈ ਗਈ ਸੀ। ਹਾਲਾਂਕਿ ਇਸਤੇਮਾਲ ਨਾ ਹੋਣ ਕਾਰਨ ਉਹ ਹਟਾ ਲਈ ਗਈ ਸੀ।

ਜੇ.ਐਨ.ਯੂ. ਦਾ ਮਾਹੌਲ ਅਜਿਹਾ ਹੈ ਕਿ ਰਾਤ ਦੇ 12 ਵਜੇ ਤਕ ਕੁੜੀਆਂ ਆਰਾਮ ਨਾਲ ਘੁੰਮਦੀਆਂ ਰਹਿੰਦੀਆਂ ਹਨ। ਛੇੜਛਾੜ ਦੀ ਘਟਨਾ ਸ਼ਾਇਦ ਹੀ ਕਦੇ ਹੋਈ ਹੋਵੇ ਰਾਤ ਨੂੰ। ਹਾਂ, ਪਰ ਜਿਵੇਂ ਕਿ ਯੌਨ ਸੋਸ਼ਣ ਦੀਆਂ ਘਟਨਾਵਾਂ ਹਰ ਥਾਂ ਹੁੰਦੀਆਂ ਹਨ, ਉਵੇਂ ਹੀ ਜੇ.ਐਨ.ਯੂ. ਵਿਚ ਵੀ ਹੁੰਦੀਆਂ ਹਨ ਤੇ ਇਨ੍ਹਾਂ ਨਾਲ ਨਜਿੱਠਣ ਦਾ ਜੇ.ਐਨ.ਯੂ. ਦਾ ਆਪਣਾ ਤਰੀਕਾ ਹੈ। ਜੀ.ਐਸ.ਕੈਸ਼ ਨਾਂ ਦਾ ਇਕ ਕਮਿਸ਼ਨ ਜੇ.ਐਨ.ਯੂ. ਵਿਚ ਹੀ ਸਭ ਤੋਂ ਪਹਿਲਾਂ ਬਣਿਆ ਸੀ, ਜਿੱਥੇ ਕੋਈ ਵੀ ਕੁੜੀ ਯੌਨ ਸੋਸ਼ਣ ਜਾਂ ਛੇੜਛਾੜ ਦੀ ਸ਼ਿਕਾਇਤ ਕਰ ਸਕਦੀ ਹੈ। ਇਸ ਕਮਿਸ਼ਨ ਵਿਚ ਅਧਿਆਪਕ, ਵਿਦਿਆਰਥੀ ਤੇ ਪ੍ਰਸ਼ਾਸਨ ਦੇ ਲੋਕ ਹੁੰਦੇ ਹਨ ਤੇ ਸ਼ਿਕਾਇਤਾਂ ਦੀ ਬਾਕਾਇਦਾ ਸੁਣਵਾਈ ਕਰਕੇ ਸਜ਼ਾ ਦੀ ਵਿਵਸਥਾ ਹੁੰਦੀ ਹੈ। ਇਹ ਆਪਣੇ ਆਪ ਵਿਚ ਅਨੋਖਾ ਕਿਹਾ ਜਾ ਸਕਦਾ ਹੈ।

ਜੇ.ਐਨ.ਯੂ. ਦੇ ਮਾਹੌਲ ਵਿਚ ਲੜਕੀਆਂ ਨਾਲ ਛੇੜਛਾੜ 'ਤੇ ਅਣਕਹੀ ਪਾਬੰਦੀ ਹੈ ਤੇ ਸ਼ਾਇਦ ਇਹੀ ਕਾਰਨ ਹੈ ਕਿ ਇਥੇ ਪੜ੍ਹਨ ਵਾਲੀਆਂ ਕੁੜੀਆਂ ਦਾ ਪ੍ਰਤੀਸ਼ਤ ਕਿਸੇ ਵੀ ਹੋਰ ਯੂਨੀਵਰਸਿਟੀ ਦੇ ਮੁਕਾਬਲੇ ਜ਼ਿਆਦਾ ਹੀ ਹੋਵੇਗਾ, ਘੱਟ ਨਹੀਂ।

ਯੂਨੀਵਰਸਿਟੀ ਦੇ ਲੋਕਪ੍ਰਿਯ ਗੰਗਾ ਢਾਬੇ 'ਤੇ ਰਾਤ ਦੇ 2 ਵਜੇ ਵੀ ਮੁੰਡੇ-ਕੁੜੀਆਂ ਨੂੰ ਗੰਭੀਰ ਵਿਸ਼ਿਆਂ 'ਤੇ ਬਹਿਸ ਕਰਦਿਆਂ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਕਈ ਲੋਕ ਇਹ ਪੁਛਦੇ ਹਨ ਕਿ ਜਦੋਂ ਖੱਬੇਪੱਖੀ ਪੂਰੇ ਦੇਸ਼ ਵਿਚ ਢਲਾਣ 'ਤੇ ਹਨ ਤਾਂ ਫਿਰ ਜੇ.ਐਨ.ਯੂ. ਵਿਚ ਇਸ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕ ਵੱਧ ਕਿਉਂ ਰਹੇ ਹਨ?

**ਇਸ ਦੇ ਕਈ ਜਵਾਬ ਹੋ ਸਕਦੇ ਹਨ, ਮਸਲਨ-**

ਪੱਛੜੇ ਇਲਾਕਿਆਂ ਤੋਂ ਆਉਣ ਵਾਲੇ ਗ਼ਰੀਬ ਵਿਦਿਆਰਥੀਆਂ ਨੂੰ ਖੱਬੇਪੱਖੀ ਨਾਅਰੇ ਚੰਗੇ ਲਗਣਾ ਸੁਭਾਵਕ ਹੈ ਜੋ ਗ਼ਰੀਬ-ਗੁਰਬਿਆਂ ਦੀ ਗੱਲ ਕਰਦੇ ਹਨ। ਉਨ੍ਹਾਂ ਦੀ ਸਿਆਸਤ ਕਿੰਨੀ ਗੈਰ ਵਿਹਾਰਕ ਹੈ, ਇਹ ਵਿਦਿਆਰਥੀਆਂ ਨੂੰ 2-4 ਵਰ੍ਹਿਆਂ ਵਿਚ ਸਮਝ ਆ ਜਾਂਦੀ ਹੈ ਤੇ ਇਹੀ ਕਾਰਨ ਹੈ ਕਿ ਕੈਂਪਸ ਵਿਚੋਂ ਨਿਕਲ ਕੇ ਜ਼ਿਆਦਾਤਰ ਵਿਦਿਆਰਥੀ ਖੱਬੇਪੱਖੀ ਸਿਆਸਤ ਵਿਚ ਸਰਗਰਮ ਨਹੀਂ ਹੁੰਦੇ।

ਅਕਾਦਮਿਕ ਤੌਰ 'ਤੇ ਦੇਖੀਏ ਤਾਂ ਪੂਰੀ ਦੁਨੀਆ ਦੀ ਅਕਾਦਮੀ ਵਿਚ ਖੱਬੇਪੱਖੀ ਵਿਚਾਰਧਾਰਾ ਦਾ ਅਸਰ ਹੈ। ਅਮਰੀਕਾ ਵਿਚ ਬਾਜ਼ਾਰਵਾਦੀ ਵਿਵਸਥਾ ਨੂੰ ਲੈ ਕੇ ਅਕਾਦਮਿਕ ਲੇਖਣੀਆਂ ਵੱਧ ਹਨ। ਪਰ ਪਿਛਲੇ ਕਈ ਦਹਾਕਿਆਂ ਤੋਂ ਖੱਬੇਪੱਖੀ ਵਿਚਾਰਧਾਰਾ ਹਾਵੀ ਹੋ ਰਹੀ ਹੈ ਤਾਂ ਜੇ.ਐਨ.ਯੂ. ਵਿਚ ਵੀ ਇਸ ਦਾ ਹਾਵੀ ਹੋਣਾ ਆਸਾਨ ਲਗਦਾ ਹੈ।

ਖੱਬੇਪੱਖੀ ਵਿਚਾਰਧਾਰਾ ਦਾ ਅਰਥ ਜੇ.ਐਨ.ਯੂ. ਵਿਚ ਵਿਆਪਕ ਹੈ। ਚੀਨ ਤੇ ਰੂਸ ਦੇ ਉਲਟ ਜੇ.ਐਨ.ਯੂ. ਵਿਚ ਖੱਬੇਪੱਖੀ ਦਰਅਸਲ ਵਿਵਸਥਾ ਵਿਰੋਧੀ ਸੋਚ ਹੈ। ਇਸ ਹਿਸਾਬ ਨਾਲ ਹਰ ਵਿਦਿਆਰਥੀ ਕਦੇ ਨਾ ਕਦੇ ਖੱਬੇਪੱਖੀ ਹੋ ਜਾਂਦਾ ਹੈ।

**ਮੌਜੂਦਾ ਸਰਕਾਰ ਚਿੜਦੀ ਕਿਉਂ ਹੈ ਜੇ.ਐਨ.ਯੂ. ਤੋਂ?**

ਕਿਸੇ ਵੀ ਸਿਆਸੀ ਦਲ ਲਈ ਦੂਸਰੇ ਦਲ ਦੀ ਵਿਚਾਰਧਾਰਾ ਨੂੰ ਖ਼ਤਮ ਕਰਨਾ ਇਕ ਚੁਣੌਤੀ ਹੁੰਦਾ ਹੀ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਦੱਖਣਪੰਥੀ ਮੰਨੀ ਜਾਣ ਵਾਲੀ ਭਾਜਪਾ ਲਈ ਧਰਮ ਨਿਰਪੱਖ ਦਲ ਤੇ ਖ਼ਾਸ ਕਰਕੇ ਖੱਬੇਪੱਖੀ ਵਿਚਾਰਧਾਰਾ ਇਕ ਚੁਣੌਤੀ ਰਹੀ ਹੈ। ਅਤੇ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਜੇ.ਐਨ.ਯੂ. ਉਸ ਖੱਬੇਪੱਖੀ ਵਿਚਾਰਧਾਰਾ ਦੇ ਪ੍ਰਤੀਕ ਵਜੋਂ ਉਭਰੀ ਹੈ, ਜਿੱਥੇ ਹਰ ਉਸ ਗੱਲ ਦੀ ਆਲੋਚਨਾ ਸੰਭਵ ਹੈ ਜੋ ਦੱਖਣਪੰਥੀ ਦਲਾਂ ਲਈ ਪਵਿੱਤਰ ਹੈ-ਮਸਲਨ, ਕਸ਼ਮੀਰ, ਗਾਂ, ਦੇਸ਼ ਭਗਤੀ, ਰਾਸ਼ਟਰਵਾਦ...।

ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਦੋਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਜੇ.ਐਨ.ਯੂ. ਸਰਕਾਰ ਤੇ ਸਰਕਾਰ ਸਮਰਥਕਾਂ ਦੇ ਨਿਸ਼ਾਨੇ 'ਤੇ ਰਹੀ ਹੈ। ਕਸ਼ਮੀਰ ਦੀ ਆਜ਼ਾਦੀ ਨੂੰ ਲੈ ਕੇ ਨਾਅਰੇਬਾਜ਼ੀ ਤੇ ਬਹਿਸਾਂ ਜੇ.ਐਨ.ਯੂ. ਵਿਚ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ ਤੇ ਇਸ ਨੂੰ ਕਿਸੇ ਸਰਕਾਰ ਨੇ ਏਨਾ ਤੂਲ ਨਹੀਂ ਦਿੱਤਾ, ਜਿੰਨਾ ਇਸ ਸਰਕਾਰ ਨੇ ਦਿੱਤਾ ਹੈ। ਹੁਣ ਜੇ.ਐਨ.ਯੂ. ਦੀਆਂ ਦਾਖ਼ਲਾ ਨੀਤੀਆਂ ਵਿਚ ਬਦਲਾਅ ਦੀਆਂ ਕੋਸ਼ਿਸ਼ਾਂ ਚੱਲ ਹੀ ਰਹੀਆਂ ਹਨ ਤੇ ਇਸ ਦੀ ਆਲੋਚਨਾ ਵੀ ਹੋ ਰਹੀ ਹੈ। ਪਰ ਇਹ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਜੇ.ਐਨ.ਯੂ. 'ਤੇ ਦਬਾਅ ਵਧੇਗਾ ਤੇ ਡਰ ਹੈ ਕਿ ਦੇਸ਼ ਦੀ ਸਭ ਤੋਂ ਬਿਹਤਰੀਨ ਯੂਨੀਵਰਸਿਟੀਆਂ ਵਿਚੋਂ ਇਕ ਗਿਣਿਆ ਜਾਣ ਵਾਲਾ ਜੇ.ਐਨ.ਯੂ. ਪਹਿਲਾਂ ਵਰਗਾ ਆਜ਼ਾਦ ਤੇ ਪ੍ਰਗਤੀਸ਼ੀਲ ਨਾ ਰਹਿ ਜਾਵੇ।



ਵਰਤਮਾਨ ਸਰਕਾਰ ਦੀਆਂ ਹੀ ਕਈ ਰਿਪੋਰਟਾਂ ਵਿਚ ਜੇ.ਐਨ.ਯੂ. ਨੂੰ ਬਿਹਤਰੀਨ ਖੋਜ ਸੰਸਥਾ ਮੰਨਿਆ ਗਿਆ ਹੈ ਤੇ ਜੇ.ਐਨ.ਯੂ. ਸਿਰਫ਼ ਕਿਤਾਬਾਂ ਪੜ੍ਹਨ ਨਾਲ ਬਿਹਤਰੀਨ ਨਹੀਂ ਬਣਿਆ ਹੈ, ਉਥੋਂ ਦਾ ਬੌਧਿਕ ਖੁੱਲ੍ਹਾਪਣ ਵਿਦਿਆਰਥੀਆਂ ਨੂੰ ਵੱਖਰੇ ਢੰਗ ਨਾਲ ਘੜਦਾ ਹੈ ਜੋ ਅਕਸਰ ਦੱਖਣਪੰਥੀ ਸਿਆਸਤ ਨੂੰ ਚੁਣੌਤੀ ਦਿੰਦੇ ਹਨ।

# ਚੋਣਾਂ 'ਚ ਰੂਸ ਦੀ ਦਖਲਅੰਦਾਜ਼ੀ ਦੀ ਜਾਂਚ ਸੁਤੰਤਰ ਵਕੀਲ ਤੋਂ ਕਰਵਾਈ ਜਾਵੇ : ਪ੍ਰੀਤ ਭਰਾੜਾ

**ਨਿਊਯਾਰਕ/ਬਿਊਰੋ ਨਿਊਜ਼ :**

ਅਮਰੀਕਾ ਦੇ ਸਾਬਕਾ ਉੱਚ ਸੰਘੀ ਵਕੀਲ ਰਹੇ ਪ੍ਰੀਤ ਭਰਾੜਾ ਦਾ ਕਹਿਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਰੂਸ ਦੀ ਦਖਲਅੰਦਾਜ਼ੀ ਦੀ ਜਾਂਚ ਦੀ ਨਿਗਰਾਨੀ ਲਈ ਸੁਤੰਤਰ ਅਤੇ ਨਿਰਪੱਖ ਵਕੀਲ ਦੀ ਨਿਯੁਕਤੀ ਦੀ ਮੰਗ ਕਰਨਾ ਉਚਿਤਤਾਪੂਰਨ ਹੈ। ਜ਼ਿਕਰਯੋਗ ਹੈ ਕਿ ਡੋਨਲਡ ਟਰੰਪ ਨੇ ਭਰਾੜਾ ਨੂੰ ਉਨ੍ਹਾਂ ਦੇ ਅਹੁਦੇ ਤੋਂ ਹੱਟਾ ਦਿੱਤਾ ਹੈ। 'ਦਿ ਵਾਸ਼ਿੰਗਟਨ ਪੋਸਟ' ਵਿਚ ਭਰਾਰਾ ਨੇ ਲਿਖਿਆ ਹੈ, "ਰੂਸੀ ਜਾਂਚ ਦੀ ਨਿਗਰਾਨੀ ਲਈ ਸੁਤੰਤਰ ਅਤੇ ਨਿਰਪੱਖ ਵਿਸ਼ੇਸ਼ ਵਕੀਲ ਦੀ ਨਿਯੁਕਤੀ ਦੇ ਉਚਿਤਤਾਪੂਰਨ ਮੰਗ ਵਿਚ ਮੈਂ ਨਾਲ ਹਾਂ। ਕੋਮੀ ਨੂੰ ਜਿਸ ਤਰ੍ਹਾਂ ਬਰਖਾਸਤ ਕੀਤਾ ਗਿਆ ਅਤੇ ਉਸ ਦੇ ਲਈ ਜਿਹੋ ਜਿਹੇ ਕਾਰਨ ਦੱਸੇ ਗਏ, ਇਸ ਨੂੰ ਦੇਖਦੇ ਹੋਏ ਹੋਰ ਕੋਈ ਰਾਹ ਨਹੀਂ ਹੈ।"



ਉਨ੍ਹਾਂ ਲਿਖਿਆ, "ਇਤਿਹਾਸ ਇਸ ਸਮੇਂ ਨੂੰ ਪਰਖੇਗਾ। ਇਸ ਨੂੰ ਸੁਧਾਰਨ ਲਈ ਹਾਲੇ ਬਹੁਤ ਦੇਰ ਨਹੀਂ ਹੋਈ ਹੈ ਅਤੇ ਨਿਆਂ ਇਸ ਦੀ ਮੰਗ ਕਰ ਰਿਹਾ ਹੈ।" ਦੇਸ਼ ਨੂੰ ਪੂਰੀ ਤਰ੍ਹਾਂ ਨਿਰਪੱਖ ਜਾਂਚ ਦੀ ਜ਼ਰੂਰਤ ਹੈ।

'ਮੈਨੂੰ ਆਪਣੇ ਵਿਰਸੇ ਉਤੇ ਮਾਣ' :

ਪ੍ਰੀਤ ਭਰਾੜਾ ਨੇ ਕਿਹਾ ਹੈ ਕਿ ਉਸ ਨੂੰ ਆਪਣੇ ਭਾਰਤੀ ਵਿਰਸੇ ਉਤੇ ਮਾਣ ਹੈ, ਜਿਸ ਨੇ ਉਸ ਨੂੰ ਹੋਰਾਂ ਪ੍ਰਤੀ ਜ਼ਿਆਦਾ ਦਿਆਲੂ ਅਤੇ ਸਹਿਣਸ਼ੀਲ ਬਣਾਇਆ। ਦੱਖਣੀ ਜ਼ਿਲ੍ਹੇ ਨਿਊਯਾਰਕ ਦੇ ਅਟਾਰਨੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਇਨਕਾਰ ਕਰਨ ਵਾਲੇ ਭਰਾੜਾ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਨੇ ਬਰਖਾਸਤ ਕਰ ਦਿੱਤਾ ਸੀ। ਭਰਾੜਾ ਹੁਣ 'ਨਿਊਯਾਰਕ ਯੂਨੀਵਰਸਿਟੀਜ਼ ਸਕੂਲ ਆਫ ਲਾਅ' ਵਿੱਚ 'ਸਕਾਲਰ ਇਨ ਰੈਜ਼ੀਡੈਂਸ' ਹਨ, ਜਿੱਥੇ ਉਹ ਫੌਜਦਾਰੀ ਤੇ ਸਮਾਜਿਕ ਨਿਆਂ, ਇਮਾਨਦਾਰ ਸਰਕਾਰ, ਕੌਮੀ ਸੁਰੱਖਿਆ ਅਤੇ ਕਾਰਪੋਰੇਟ ਜਵਾਬਦੇਹੀ ਵਰਗੇ ਮਸਲਿਆਂ ਉਤੇ ਕੰਮ ਕਰ ਰਹੇ ਹਨ। ਪਿਛਲੇ ਹਫ਼ਤੇ ਇੱਥੇ 'ਯੂਨੀਵਰਸਿਟੀਜ਼ ਸਕੂਲ ਆਫ ਲਾਅ' ਦੇ ਡੀਨ ਟਰੇਵਰ ਮੋਰੀਸਨ ਨਾਲ ਵਿਚਾਰ-ਵਟਾਂਦਰੇ ਦੌਰਾਨ ਸ੍ਰੀ ਭਰਾੜਾ ਨੇ ਕਿਹਾ, "ਮੈਂ ਅਮਰੀਕੀ ਹਾਂ। ਮੈਂ ਭਾਰਤੀ-ਅਮਰੀਕੀ ਬਣ ਗਿਆ। ਮੈਨੂੰ ਆਪਣੇ ਪਿਛੋਕੜ, ਆਪਣੀਆਂ ਜੜ੍ਹਾਂ ਅਤੇ ਆਪਣੇ ਵਿਰਸੇ ਉਤੇ ਬਹੁਤ ਮਾਣ ਹੈ। ਮੈਂ ਸਪਰਿੰਗਸਟੀਨ ਦਾ ਵੱਡਾ ਪ੍ਰਸੰਸਕ ਹਾਂ ਪਰ ਭੰਗੜਾ ਸੰਗੀਤ ਵੀ ਸੁਣਦਾ ਹਾਂ।" ਇਸ ਦੌਰਾਨ ਪ੍ਰੀਤ ਭਰਾੜਾ ਨੇ ਕਿਹਾ ਕਿ ਉਨ੍ਹਾਂ ਅਹੁਦੇ ਤੋਂ ਹਟਾਏ ਜਾਣ ਤੋਂ ਦੋ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਫੋਨ ਦਾ ਜਵਾਬ ਨਹੀਂ ਦਿੱਤਾ ਸੀ।




## ਇਸ ਮਹਾਨ ਨਗਰ ਕੀਰਤਨ 'ਚ ਹਿੱਸਾ ਲੈ ਰਹੇ ਗੁਰਦੁਆਰਾ ਸਾਹਿਬਾਨ

• Gurdwara Sahib Fremont : 5107900177 • Sikh Center of San Francisco Bay Area El Sobrante : (510) 223-9987 • Gurdwara Sahib of San Jose, Sukhdev Singh Beniwal : 4084219463 • Gurdwara Sahib of Hayward • Gurdwara Sahib Singh Sabha Bay Area Milpitas, Jaswant Singh Hothi : 4088987056 • Gurdwara Sahib South San Francisco • Sri Guru Ravidass Temple Pittsburg, Sikhdev Singh: 9253549025 • Gurudwara Sahib of Bay Point • Sikh Gurdwara Sahib Stockton, Jatinder Singh : 2099937954 • Sikh Temple Turlock, Gurjit Singh • Gurdwara Sacramento Sikh Society Bradshaw, Balwant Singh Virk : 9165294795 • Sikh Temple Fairfield • Capital Sikh Center Sacramento, Gurtej Singh : 9162761440 • Gurdwara Gur Nanak Prakash Tracy, Deep Singh : 2093464270 • Gurdwara Dashmesh Darbar Tracy, Surinder Singh Atwal : 2093215476 • Gurdwara Gurmat Parkash Manteca, Jarnail Singh : 2093211733 • Deshmesh Darbar Sikh Temple Lodi • Gurdwara Sri Sachkhand Sahib Roseville, Ravinder Singh : 9165210300 • Gurdwara Parmeshar Dawar Madera, Surinderpal Singh Nijjar : 5594791804 • Sikh Center of the Pacific Coast Selma, Charanjeet Singh Sahota : 5597798215 • Gurdwara Guru Kalgidhar Sahib Selma, Bhupinder Singh Khalsa : 5593526698 • Gurdwara Guru Nanak Prakash Fresno, Jagroop Singh : 2096484994 • Sikh Temple of Yuba City Tiera Buena • Sri Guru Nanak Sikh Temple Bogue Road Yuba City • Gurdwara Sahib Modesto • Gurdwara Sahib Sikh Temple West Sacramento, Darshan Singh Mundi : 9164178860



Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.




**REDUCE YOUR DEBT BY UP TO 60%**

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ

✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ

**ਕੋਈ ਫੀਸ ਨਹੀਂ**
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ

ਅੱਜ ਹੀ ਸਾਨੂੰ ਕਾਲ ਕਰੋ!
**1.888.888.9914**

ooraa

# ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ

## ਵਿਸ਼ੇਸ਼ ਕੀਰਤਨ ਸਮਾਗਮ

**ਭਾਈ ਬਲਦੇਵ ਸਿੰਘ ਵਡਾਲਾ ਅਤੇ ਕਵੀਸ਼ਰੀ ਜਥਾ ਭਾਈ ਮਹਿਲ ਸਿੰਘ ਚੰਡੀਗੜ੍ਹ**

**22 ਤੇ 23 ਮਈ 2017**
ਕੀਰਤਨ ਸ਼ਾਮ 6:30 ਤੋਂ 7:30 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ
ਕਵੀਸ਼ਰੀ 7:30 ਤੋਂ 8:45 ਵਜੇ ਤੱਕ ਭਾਈ ਮਹਿਲ ਸਿੰਘ ਚੰਡੀਗੜ੍ਹ

**24 ਮਈ (ਬੁੱਧਵਾਰ)**
ਸ਼ਾਮ 7:00 ਤੋਂ 8:30 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ

**25 ਮਈ (ਵੀਰਵਾਰ) ਅਤੇ 26 ਮਈ (ਸ਼ੁੱਕਰਵਾਰ)**
ਸ਼ਾਮ 6:30 ਤੋਂ 7:45 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ
ਸ਼ਾਮ 7:45 ਤੋਂ 9:30 ਵਜੇ ਤੱਕ ਰੈਣਸਬਾਈ ਕੀਰਤਨ

**27 ਮਈ (ਸਨਿਚਰਵਾਰ)**
ਸਵੇਰੇ 5 ਵਜੇ ਤੋਂ ਦੁਪਹਿਰ 12 ਵਜੇ ਤੱਕ ਆਸਾ ਦੀ ਵਾਰ
ਅਤੇ ਅਖੰਡ ਕੀਰਤਨੀ ਜਥਿਆਂ ਵਲੋਂ ਕੀਰਤਨ
ਸ਼ਾਮ 7 ਵਜੇ ਤੋਂ ਐਤਵਾਰ ਸਵੇਰ 6 ਵਜੇ ਤੱਕ ਰੈਣਸਬਾਈ ਕੀਰਤਨ



ਭਾਈ ਬਲਦੇਵ ਸਿੰਘ ਵਡਾਲਾ
ਸਾਬਕਾ ਹਜ਼ੂਰੀ ਰਾਗੀ, ਸ੍ਰੀ ਹਰਿਮੰਦਰ ਸਾਹਿਬ



ਕਵੀਸ਼ਰੀ ਜਥਾ ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ

**ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਵਧ ਚੜ੍ਹ ਕੇ ਹਾਜ਼ਰੀ ਭਰੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

SIKH Religious Society
PALATINE GURDWARA

**Sikh Religious Society**
1280 Winnetka St., Palatine IL 60067 Phone: (847) 358-1117
www.srschicago.org e-mail:contactus@srschicago.org



# Sikh Gurdwara of Los Angeles Lankershim

ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ ||
ਜਿਨਾਂ ਦੇਸ਼ ਦੀ ਸੇਵਾ ਵਿੱਚ ਪੈਰ ਪਾਇਆ, ਓਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ ||



ਸ਼ਹੀਦ ਸ.ਕਰਤਾਰ ਸਿੰਘ ਸਰਾਭਾ ਦਾ 121 ਸਾਲਾ
ਜਨਮ ਦਿਹਾੜਾ
**May 21, 2017 [ Sunday ]**
ਸਮਾ 9 ਵਜੇ ਤੋ 2 ਵਜੇ
ਗੁਰੂਦਵਾਰਾ ਲੈਕਰਸ਼ਿਮ ਵਿਖੇ ਮਨਾਇਆ
ਜਾ ਰਿਹਾ ਹੈ |

19 May and, 20 May From 6 PM to 8.30 PM



Dhadi Jatha Jarnail Singh Tuffan

| | | |
|---|---|---|
| Arambh of Shri Akhand Path Sahib | 10 AM | May 19, 2017 |
| Bhog of Shri Akhand Path Sahib | 10AM | May 21, 2017 |

ਹੋਰ ਜਾਣਕਾਰੀ ਲਈ ਫ਼ੋਨ ਕਰੋ :
Jatinder Singh Grewal 818-632-0701 Baldev Singh Grewal 818-456-6338
Shaheed Kartar Singh Memorial Society INC.

Chhole Bhature Seva By:
Sikh Welfare Organization

At
Sikh Gurdwara Of Los Angeles
7640 Lankershim BLVD,
North Hollywood, CA 91605
818-465-4692 818-423-8000

ਸਹਿਯੋਗੀ ਸੱਜਣ :

| | | |
|---|---|---|
| Dr.Jaswant Singh Dhillon | Gurpreet Singh | Ajit Singh Thind |
| Iqbal Singh Samra | Baldev Singh Grewal | Daljit Singh |
| Harjit Singh | Baljinder Singh Grewal | Jagtar Singh Samra |
| Ranjit Singh | Darshan Singh | Jatinder Singh Grewal |
| Dharminder Singh grerwal | Jasminder Singh Grewal | Gurcharan Singh Bains |
| | | Manjit Singh Pandher |



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

### IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

### STUDENT VISA (EDUCATE YOUR CHILDREN IN USA)

### DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

### VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL
LAX TO DEL




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



# Travel for Less Inc.



SPECIALIZED IN DISCOUNT FARES WORLDWIDE

INDIA | PAKISTAN | EUROPE

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية

BBB IATAN

8th time in a row

2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40

We have moved to

Serving the Bay Area Since 1996

32116-Alvarado Blvd. Union City, CA-94587

Email: info@travelforlessinc.com

CALL 510-791-3300 Book online 24x7 @ www.Letsflyhome.com

# ‘ਹੱਸਦਾ ਪੰਜਾਬ’ ਵਿੱਚ ਪੰਜਾਬੀ ਸਭਿਆਚਾਰ ਦੀਆਂ ਸ਼ਾਨਦਾਰ ਪੇਸ਼ਕਾਰੀਆਂ

## ਪੰਜਾਬੀ ਐਸੋਸੀਏਸ਼ਨ ਡੈਲਸ ਦੇ ਵਿਸਾਖੀ ਨੂੰ ਸਮਰਪਿਤ ਮੇਲੇ ’ਚ ਪੰਜਾਬੀ ਵਹੀਰਾਂ ਘੱਤ ਕੇ ਪਹੁੰਚੇ





















THATH
ਵੱਖਰੇ
BIKKAR
BADSHAH
ENTERTAINMENT
BULLET
JUS 24X7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24X7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com

# ਪਾਕਿਸਤਾਨ ਵਿਚ ਪਹਿਲੀ ਵਾਰ ਹੋਇਆ 'ਸਿੱਖ ਲਾੜਿਆਂ ਦਾ ਸ਼ੋਅ'

**ਲਾਹੌਰ/ਬਿਊਰੋ ਨਿਊਜ਼ :** ਪਾਕਿਸਤਾਨ ਵਿਚ ਪਹਿਲੀ ਵਾਰ ਕਿਸੇ ਵੱਡੇ ਪੱਧਰ ਦੇ ਫੈਸ਼ਨ ਸ਼ੋਅ ਵਿਚ ਸਿੱਖ ਵਿਆਹਾਂ ਦੇ ਲਿਬਾਜ਼ ਨੂੰ ਪ੍ਰਦਰਸ਼ਤ ਕੀਤਾ ਗਿਆ। ਪਾਕਿਸਤਾਨ ਦੇ ਪ੍ਰਸਿੱਧ ਫੈਸ਼ਨ ਡਿਜ਼ਾਈਨਰ ਖ਼ਦੀਜ਼ਾ ਅਤੇ ਉਬੈਦ ਦੁਆਰਾ ਲਾਹੌਰ ਦੇ ਹੋਟਲ ਵਿਚ ਕਰਾਏ ਗਏ ਉਪਰੋਕਤ ਫੈਸ਼ਨ ਸ਼ੋਅ ਵਿਚ ਪਾਕਿਸਤਾਨ ਦੇ ਪਹਿਲੇ ਸਿੱਖ ਮਾਡਲ ਤਰਨਜੀਤ ਸਿੰਘ ਨੇ ਸਿਰ 'ਤੇ ਦਸਤਾਰ ਸਜਾ ਕੇ ਅਤੇ ਹੱਥਾਂ ਵਿਚ ਤਲਵਾਰ ਫੜ ਕੇ ਰੈਂਪ ਵਾਕ ਕੀਤੀ। ਉਸ ਨੇ ਇਸ ਮੌਕੇ ਕੇਸਰੀ ਰੰਗ ਦੀ ਪਗੜੀ ਤੇ ਸ਼ੇਰਵਾਨੀ ਪਾਈ ਹੋਈ ਸੀ, ਜਦੋਂ ਕਿ ਇਸ ਰੈਂਪ ਵਾਕ ਵਿਚ ਉਸ ਦੀ ਸਾਥੀ ਮਹਿਲਾ ਮਾਡਲ ਨੇ ਲਾਲ ਸੁਰਖ਼ ਰੰਗ ਦਾ ਲਹਿੰਗਾ ਪਹਿਨਿਆ ਹੋਇਆ



ਸੀ। ਤਰਨਜੀਤ ਸਿੰਘ ਨੇ ਦੱਸਿਆ ਕਿ ਉਹ ਇਸ ਫੈਸ਼ਨ ਸ਼ੋਅ ਦੀ ਮਾਰਫ਼ਤ ਪਾਕਿਸਤਾਨੀਆਂ ਨੂੰ ਸਿੱਖ ਵਿਆਹਾਂ ਦੇ ਸ਼ਾਹੀ ਲਿਬਾਜ਼ ਦੀ ਇਕ ਝਲਕ ਵਿਖਾਉਣਾ ਚਾਹੁੰਦਾ ਸੀ, ਜਿਸ ਕਾਰਨ ਉਸ ਨੇ ਸ਼ੋਅ ਦੇ ਪ੍ਰਬੰਧਕਾਂ ਨੂੰ ਆਪਣੇ ਸ਼ੋਅ ਵਿਚ ਸਿੱਖ ਬ੍ਰਾਈਡ ਗਰੂਮ ਡ੍ਰੈੱਸ ਨੂੰ ਸ਼ਾਮਲ ਕਰਨ ਲਈ ਰਾਜ਼ੀ ਕਰਵਾਇਆ। ਫੈਸ਼ਨ ਸ਼ੋਅ ਦੇ ਪ੍ਰਬੰਧਕਾਂ ਨੇ ਐਲਾਨ ਕੀਤਾ ਕਿ ਪਾਕਿਸਤਾਨ ਵਿਚ ਸਿੱਖ ਵਿਆਹ ਦੀ ਉਪਰੋਕਤ ਸ਼ਾਹੀ ਅਤੇ ਵੱਖਰੀ ਦਿੱਖ ਵਾਲੇ ਲਿਬਾਜ਼ ਨੂੰ ਕਰਾਚੀ, ਇਸਲਾਮਾਬਾਦ ਸਹਿਤ ਹੋਰਨਾਂ ਵੱਡੇ ਸ਼ਹਿਰਾਂ ਵਿਚ ਕਰਾਏ ਜਾਣ ਵਾਲੇ ਫੈਸ਼ਨ ਸ਼ੋਅ ਵਿਚ ਵੀ ਸ਼ਾਮਲ ਕੀਤਾ ਜਾਵੇਗਾ।

## ਸੁਫ਼ਨੇ ਪੂਰੇ ਕਰਨ ਲਈ ਉਮਰ ਅੜਿੱਕਾ ਨਹੀਂ: ਮਾਨ ਕੌਰ



**ਚੰਡੀਗੜ੍ਹ/ਬਿਊਰੋ ਨਿਊਜ਼ :**
ਹਾਲ ਹੀ ਵਿਚ ਆਕਲੈਂਡ ਵਿੱਚ ਵਿਸ਼ਵ ਮਾਸਟਰਜ਼ ਖੇਡਾਂ ਵਿੱਚ 100 ਮੀਟਰ ਦੀ ਦੌੜ ਜਿੱਤਣ ਵਾਲੀ 101 ਵਰ੍ਹਿਆਂ ਦੀ ਮਾਨ ਕੌਰ ਨੇ ਕਿਹਾ ਕਿ ਸੁਫ਼ਨਿਆਂ ਨੂੰ ਪੂਰਾ ਲਈ ਉਮਰ ਅੜਿੱਕਾ ਨਹੀਂ ਹੁੰਦੀ। ਉਨ੍ਹਾਂ ਆਪਣਾ ਪਹਿਲਾ ਤਗਮਾ ਚੰਡੀਗੜ੍ਹ ਮਾਸਟਰਜ਼ ਅਥਲੈਟਿਕਸ ਮੁਕਾਬਲੇ ਵਿੱਚ 2007 ਵਿੱਚ ਜਿੱਤਿਆ ਸੀ ਅਤੇ ਹੁਣ ਉਸ ਦੀ ਅੱਖ ਅਗਲੇ ਸਾਲ ਮਲੇਸ਼ੀਆ ਵਿੱਚ ਹੋਣ ਵਾਲੀਆਂ ਵਿਸ਼ਵ ਮਾਸਟਰਜ਼ ਖੇਡਾਂ 'ਤੇ ਹੈ। ਕੌਰ ਨੇ ਕਿਹਾ ਕਿ ਉਹ ਆਪਣੇ ਪੁੱਤਰ ਗੁਰਦੇਵ ਸਿੰਘ ਨੂੰ ਵੇਖਣ ਤੋਂ ਬਾਅਦ 93 ਸਾਲ ਦੀ ਉਮਰ ਵਿੱਚ ਅਥਲੈਟਿਕਸ ਵਿੱਚ ਆਈ ਜੋ ਹੁਣ 79 ਵਰ੍ਹਿਆਂ ਦਾ ਹੈ।

ਨਿਊਜ਼ੀਲੈਂਡ ਦੇ ਆਕਲੈਂਡ ਵਿੱਚ ਬੀਤੇ ਮਹੀਨੇ ਤਗਮਾ ਜਿੱਤਣ ਵਾਲੀ ਮਾਨ ਕੌਰ ਦਾ ਇਹ 17ਵਾਂ ਸੋਨ ਤਗਮਾ ਸੀ। ਕੌਰ ਨੇ ਇਕ ਮਿੰਟ 14 ਸਕਿੰਟ ਦਾ ਸਮਾਂ ਲਿਆ ਸੀ। ਇਥੇ ਪੁੱਛੇ ਜਾਣ 'ਤੇ ਕਿ ਕੀ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਦਿਨਾਂ ਵਿੱਚ ਅਥਲੈਟਿਕਸ ਅਪਣਾਉਣ ਬਾਰੇ ਸੋਚਿਆ ਸੀ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਇਸ ਸਬੰਧੀ ਪਹਿਲਾਂ ਕਦੇ ਨਹੀਂ ਸੀ ਸੋਚਿਆ।

ਉਨ੍ਹਾਂ ਉਂਜ ਹੀ ਇਕ ਦਿਨ ਦੌੜਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਪਹਿਲਾਂ 100, ਮਗਰੋਂ 200 ਅਤੇ ਇਸ ਤੋਂ ਬਾਅਦ 400 ਮੀਟਰ ਦੌੜ ਵਿੱਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਮਰ ਸੁਫ਼ਨਿਆਂ ਨੂੰ ਸਾਕਾਰ ਕਰਨ ਵਿੱਚ ਅੜਿੱਕਾ ਨਹੀਂ ਹੁੰਦੀ।

## ਡਿਸਟ੍ਰਿਕ-19 ਤੋਂ ਅਮਰਜੀਤ ਕੌਰ ਰਿਆੜ ਰਿਪਬਲਿਕਨ ਪਾਰਟੀ ਦੀ ਉਮੀਦਵਾਰ

**ਨਿਊਜਰਸੀ/ਬਿਊਰੋ ਨਿਊਜ਼ :**
ਰਿਪਬਲਿਕਨ ਪਾਰਟੀ ਵਲੋਂ ਡਿਸਟ੍ਰਿਕ-19 ਤੋਂ ਸਿੱਖ ਔਰਤ ਅਮਰਜੀਤ ਕੌਰ ਰਿਆੜ ਨੂੰ ਵਿਧਾਨ ਸਭਾ ਚੋਣਾਂ ਲਈ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਪੰਜਾਬੀ



ਭਾਈਚਾਰੇ ਦੇ ਆਗੂਆਂ ਬਰਜਿੰਦਰ ਸਿੰਘ ਬਰਾੜ ਸਾਬਕਾ ਚੇਅਰਮੈਨ ਰਿਪਬਲਿਕਨ ਪਾਰਟੀ ਕਾਰਟਰੇਟ, ਜਸਵੰਤ ਸਿੰਘ ਚੀਮਾ, ਜੇ.ਪੀ. ਸਿੰਘ, ਹਰਜਿੰਦਰ ਸਿੰਘ ਬਾਹੀਆ, ਜਸਵਿੰਦਰ ਭੁੱਲਰ, ਲਾਡੀ ਬਾਜਵਾ, ਬਲਦੇਵ ਸਿੰਘ ਪੁਆਰ, ਖੁਸ਼ਵੰਤ ਸਿੰਘ ਨਿੱਝਰ, ਸੁਖਜਿੰਦਰ ਸਿੰਘ ਗੋਰਾਇਆ, ਓਂਕਾਰ ਸਿੰਘ ਨਿਊਜਰਸੀ ਨੇ ਸੁਆਗਤ ਕਰਦਿਆਂ ਕਿਹਾ ਕਿ ਇਹ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ ਕਿ ਇਕ ਸਿੱਖ ਔਰਤ ਨੂੰ ਰਿਪਬਲਿਕਨ ਪਾਰਟੀ ਵਲੋਂ ਚੋਣ ਲੜਨ ਦਾ ਮੌਕਾ ਦਿੱਤਾ ਗਿਆ ਹੈ। ਅਮਰਜੀਤ ਕੌਰ ਰਿਆੜ ਤੋਂ ਇਲਾਵਾ ਹਿੰਦੂ ਭਾਈਚਾਰੇ ਦੇ ਆਗੂ ਦੀਪਕ ਮਲਹੋਤਰਾ ਨੂੰ ਵੀ ਇਸੇ ਡਿਸਟ੍ਰਿਕ ਤੋਂ ਹੀ ਟਿਕਟ ਦਿੱਤੀ ਗਈ ਹੈ। ਰਿਪਬਲਿਕਨ ਪਾਰਟੀ ਦੀ ਇਸ ਸਮੇਂ ਪੂਰੇ ਅਮਰੀਕਾ ਵਿਚ ਲਹਿਰ ਹੈ ਅਤੇ ਆਸ ਜਤਾਈ ਜਾ ਰਹੀ ਹੈ ਕਿ ਟਰੰਪ ਲਹਿਰ ਇਨ੍ਹਾਂ ਚੋਣਾਂ ਵਿਚ ਵੀ ਬਰਕਰਾਰ ਰਹੇਗੀ ਅਤੇ ਇਹ ਦੋਵੇਂ ਭਾਰਤੀ ਮੂਲ ਦੇ ਉਮੀਦਵਾਰ ਜਿੱਤ ਪ੍ਰਾਪਤ ਕਰ ਕੇ ਇਤਿਹਾਸ ਰਚਣਗੇ।



# ਜ਼ਿੰਦਗੀ ਨੂੰ ਸੁਹਾਵਣੀ ਬਣਾਓ ‘ਦ ਕੰਪਨੀ ਯੂ ਕੀਪ’ ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ ’ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ ’ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

## ਸਿਮਰਨ ਕੌਰ ਅਟਵਾਲ

ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ ’ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ ’ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



# GRAND OPENING



We Specialize In Catering All Occasions
*50-1200 guests*
Call Or Email For Catering:
spicejargrill@gmail.com

spicejarfontana
@spice_jar

# Spice Jar
INDIAN CUISINE





· Specializing In Tandoor (Clay Oven)
· Vegetarian & Non-Vegetarian Curry

**17052 Slover Ave., Ste.J-110**
**Fontana · 909-350-7010**
Mon.- Sun. 11am-10pm · **www.spicejar.net**
**spicejargrill@gmail.com**

**$1 OFF** All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.

**$9.99** All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.

**20% OFF** Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.

# ਐਸਵਾਈਐਲ ਮਸਲੇ 'ਤੇ ਪੰਜਾਬ ਵਾਰਤਾ ਲਈ ਤਿਆਰ

## ਹਰਿਆਣਾ ਨੇ ਕਿਹਾ- ਗੱਲਬਾਤ ਦਾ ਸਵਾਲ ਹੀ ਨਹੀਂ

**ਚੰਡੀਗੜ੍ਹ/ਬਿਊਰੋ ਨਿਊਜ਼ :**
ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਸਤਲੁਜ ਯਮੁਨਾ ਲਿੰਕ ਨਹਿਰ ਵਿਵਾਦ ਨੂੰ ਪੰਜਾਬ ਤੇ ਹਰਿਆਣਾ ਆਪਸੀ ਸਹਿਮਤੀ ਨਾਲ ਸੁਲਝਾਉਣ ਦੀ ਪਹਿਲ ਕਰਦੇ ਹਨ ਤਾਂ ਕੇਂਦਰੀ ਵਿਚੋਲਗੀ ਲਈ ਤਿਆਰ ਹੈ। ਉਹ 6 ਸੂਬਿਆਂ ਤੇ ਚੰਡੀਗੜ੍ਹ ਨਾਰਥ ਜ਼ੋਨ ਕੌਂਸਲ ਦੀ ਮੀਟਿੰਗ ਵਿਚ ਬੋਲ ਰਹੇ ਸਨ। ਰਾਜਨਾਥ ਸਿੰਘ ਦੇ ਸੁਝਾਅ 'ਤੇ ਸਹਿਮਤੀ ਪ੍ਰਗਟਡਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕੌਮਾਂਤਰੀ ਪੱਧਰ 'ਤੇ ਮਨਜ਼ੂਰ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਨਦੀਆਂ ਦੇ ਪਾਣੀ ਦਾ ਮਸਲਾ ਆਪਸੀ ਗੱਲਬਾਤ ਨਾਲ ਹੱਲ ਹੁੰਦਾ ਹੈ ਤਾਂ ਠੀਕ ਹੈ, ਨਹੀਂ ਤਾਂ ਉਸ ਨੂੰ ਅਦਾਲਤ ਦੇ ਫਵੈਸਲੇ 'ਤੇ ਛੱਡ ਦੇਣਾ ਚਾਹੀਦਾ ਹੈ। ਉਧਰ ਇਸੇ ਮਸਲੇ 'ਤੇ ਹਰਿਆਣਾ ਦੇ ਖੇਤੀ ਮੰਤਰੀ ਓ.ਪੀ. ਧਨਖੜ ਨੇ ਕਿਹਾ ਕਿ ਐਸ.ਵਾਈ.ਐਲ. ਮੁੱਦੇ 'ਤੇ ਗੱਲਬਾਤ ਦਾ ਹੁਣ ਸਵਾਲ ਹੀ ਨਹੀਂ



ਉੱਤਰੀ ਰਾਜਾਂ ਦੀ ਕੌਂਸਲ ਦੀ ਮੀਟਿੰਗ ਦੇ ਆਗਾਜ਼ ਮੌਕੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਸਵਾਗਤ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ।

ਕਿਉਂਕਿ ਸੁਪਰੀਮਕੋਰਟ ਵਿਚ ਅਗਲੀ ਸੁਣਵਾਈ ਜੁਲਾਈ ਵਿਚ ਹੋਣੀ ਹੈ। ਉਨ੍ਹਾਂ ਸਾਫ਼ ਕੀਤਾ ਕਿ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੂਬਿਆਂ ਨੂੰ ਪਾਣੀ ਤੇ ਬਿਜਲੀ ਸ਼ੇਅਰਿੰਗ ਦੇ ਦੂਸਰੇ ਮਾਮਲੇ ਆਪਸੀ ਸਹਿਮਤੀ ਨਾਲ ਨਜਿੱਠਣ ਦਾ ਸੁਝਾਅ ਦਿੱਤਾ ਹੈ।

ਮੀਟਿੰਗ ਤੋਂ ਬਾਅਦ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਅਦਾਲਤ ਤੋਂ ਬਾਹਰ ਪਾਣੀਆਂ ਦੇ ਮਸਲੇ ਦਾ ਹੱਲ ਲੱਭਣ ਦੇ ਯਤਨ ਕੀਤੇ ਜਾਣਗੇ। ਮੁੱਖ ਮੰਤਰੀ ਨੇ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀ ਦਾ ਮੁੜ ਮੁਲਾਂਕਣ ਕੀਤੇ ਜਾਣ ਦੀ ਮੰਗ ਨੂੰ ਦੁਹਰਾਉਂਦਿਆਂ ਕਿਹਾ ਕਿ ਪਾਣੀ ਦਾ ਪੱਧਰ ਹੇਠਾਂ ਜਾਣ ਕਰ ਕੇ ਪੰਜਾਬ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਮਾਹਰਾਂ ਦੀ ਸਲਾਹ ਨਾਲ ਇਨ੍ਹਾਂ ਦਰਿਆਵਾਂ ਦੇ ਪਾਣੀ ਦੇ ਵਹਾਅ ਦਾ ਭਰੋਸੇਯੋਗ ਅਨੁਮਾਨ ਲਾਇਆ ਜਾਵੇ।

## ਗੰਦੇ ਪਾਣੀ ਨੂੰ ਦਰਿਆਵਾਂ ਵਿਚ ਸੁੱਟਣ ਦਾ ਮਾਮਲਾ ਉਠਿਆ

ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਵਿੱਚ ਦੇਰੀ ਦਾ ਜ਼ਿਕਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਜੰਮੂ-ਕਸ਼ਮੀਰ ਨੇ ਇਸ ਨੂੰ ਮੁਕੰਮਲ ਕਰਨ ਲਈ ਸਮਝੌਤਾ ਕੀਤਾ ਸੀ, ਜਿਸ ਨੂੰ ਸੂਬੇ ਨੇ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਜੰਮੂ-ਕਸ਼ਮੀਰ ਵੀ ਸਮਝੌਤੇ ਨੂੰ ਛੇਤੀ ਮਨਜ਼ੂਰੀ ਦੇਵੇ ਤਾਂ ਜੋ ਕੰਮ ਅੱਗੇ ਤੁਰ ਸਕੇ। ਉਨ੍ਹਾਂ ਹਿਮਾਚਲ ਪ੍ਰਦੇਸ਼ ਵਿੱਚ ਆਪਣੇ ਹਮਰੁਤਬਾ ਪਾਸੋਂ ਉਥੋਂ ਦੀਆਂ ਸਨਅੱਤਾਂ ਤੇ ਸ਼ਹਿਰਾਂ ਦੇ ਦੂਸ਼ਿਤ ਪਾਣੀ ਦਾ ਵਹਾਅ ਵੱਖ-ਵੱਖ ਨਦੀਆਂ-ਨਾਲਿਆਂ ਰਾਹੀਂ ਸਤਲੁਜ ਵਿੱਚ ਪੈਣ ਤੋਂ ਰੋਕਣ ਲਈ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ। ਦੋਵੇਂ ਸੂਬਿਆਂ ਨੇ ਫ਼ੈਸਲਾ ਕੀਤਾ ਕਿ ਅਗਲੇ ਤਿੰਨ ਸਾਲਾਂ ਵਿੱਚ ਕਿਸੇ ਵੀ ਸ਼ਹਿਰ ਅਤੇ ਸਨਅੱਤ ਦੇ ਗੰਦੇ ਪਾਣੀ ਨੂੰ ਦਰਿਆਵਾਂ ਵਿੱਚ ਜਾਣ ਤੋਂ ਰੋਕ ਦਿੱਤਾ ਜਾਵੇਗਾ। ਪੰਜਾਬ ਅਤੇ ਹਰਿਆਣਾ ਨੇ ਘੱਗਰ ਦਰਿਆ ਦੇ ਪਾਣੀ ਨੂੰ ਗੰਦੇ ਹੋਣ ਤੋਂ ਰੋਕਣ ਲਈ ਕਦਮ ਚੁੱਕਣ ਲਈ ਸਹਿਮਤੀ ਦਿੱਤੀ ਹੈ। ਸਰਹੱਦ 'ਤੇ ਪੈਟਰੋਲਿੰਗ ਵਧਾਉਣ ਦੀ ਮੰਗ: ਕੈਪਟਨ ਨੇ ਸਰਹੱਦ ਪਾਰੋਂ ਨਸ਼ਿਆਂ ਦੀ ਸਮਗਲਿੰਗ ਰੋਕਣ ਲਈ ਕੇਂਦਰ ਸਰਕਾਰ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਕੌਮਾਂਤਰੀ ਸਰਹੱਦ 'ਤੇ ਬੀਐਸਐਫ ਦੀ ਪੈਟਰੋਲਿੰਗ ਵਧਾਈ ਜਾਵੇ ਅਤੇ ਰਾਜਸਥਾਨ ਦੀ ਹੱਦ ਨਾਲ ਲਗਦੇ ਅਫੀਮ ਦੇ ਠੇਕੇ ਹਟਾ ਲਏ ਜਾਣ। ਉਨ੍ਹਾਂ ਗੁਆਂਢੀ ਸੂਬਿਆਂ ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਨੂੰ ਪੋਸਤ ਅਤੇ ਭੰਗ ਦੀ ਗ਼ੈਰ-ਕਾਨੂੰਨੀ ਤੌਰ 'ਤੇ ਹੋ ਰਹੀ ਖੇਤੀ ਨੂੰ ਖ਼ਤਮ ਕਰਨ ਲਈ ਪੁਖ਼ਤਾ ਯਤਨ ਕੀਤੇ ਜਾਣ ਦੀ ਅਪੀਲ ਕੀਤੀ। ਹਿਮਾਚਲ ਪ੍ਰਦੇਸ਼ ਦੇ ਸੀਨੀਅਰ ਕੈਬਨਿਟ ਮੰਤਰੀ ਠਾਕੁਰ ਕੌਲ ਸਿੰਘ ਨੇ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਨੂੰ ਰੋਕਣ ਲਈ ਪੰਜਾਬ ਦੇ ਪੱਖ ਦੀ ਹਮਾਇਤ ਕਰਦਿਆਂ ਕਿਹਾ ਕਿ ਇਹ ਗੰਭੀਰ ਮਸਲਾ ਹੈ ਅਤੇ ਇਸ ਨੂੰ ਰੋਕਣ ਵਿੱਚ ਕੇਂਦਰ ਨੂੰ ਮਦਦ ਕਰਨੀ ਚਾਹੀਦੀ ਹੈ।

**ਪਹਾੜੀ ਸੂਬਿਆਂ ਵਾਂਗ ਸਨਅਤੀ ਰਿਆਇਤਾਂ ਮੰਗੀਆਂ :**
ਕੇਂਦਰ ਸਰਕਾਰ ਵੱਲੋਂ ਗੁਆਂਢੀ ਸੂਬਿਆਂ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਨੂੰ ਦਿੱਤੀਆਂ ਜਾ ਰਹੀਆਂ ਵਿੱਤੀ ਅਤੇ ਸਨਅਤੀ ਰਿਆਇਤਾਂ ਦੀ ਤਰਜ਼ 'ਤੇ ਪੰਜਾਬ ਨੂੰ ਵੀ ਰਿਆਇਤਾਂ ਦੇਣ ਦੀ ਮੰਗ ਕੀਤੀ ਤਾਂ ਜੋ ਸੂਬੇ ਨੂੰ ਪਏ ਆਰਥਿਕ ਘਾਟੇ ਦੀ ਭਰਪਾਈ ਕੀਤੀ ਜਾ ਸਕੇ।

## ਚੰਡੀਗੜ੍ਹ ਵਿਚ ਪੰਜਾਬ ਦੇ ਅਫ਼ਸਰਾਂ ਦਾ ਮੁੱਦਾ ਵੀ ਉਭਰਿਆ

ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਸਾਰੇ ਵਿਭਾਗਾਂ ਅਤੇ ਮੁਲਾਜ਼ਮਾਂ ਦੀ ਭਰਤੀ ਮੌਕੇ 60:40 ਦੇ ਅਨੁਪਾਤ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਚੰਡੀਗੜ੍ਹ ਪ੍ਰਸ਼ਾਸਨ ਨੂੰ ਹੁਕਮ ਜਾਰੀ ਕੀਤੇ ਜਾਣ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸਾਰੇ ਸੂਬਿਆਂ ਦੇ ਆਗੂਆਂ ਨੂੰ ਕਿਹਾ ਕਿ ਜੰਮੂ-ਕਸ਼ਮੀਰ ਦੇ ਵਿਦਿਆਰਥੀਆਂ ਦੀ ਸੁਰੱਖਿਆ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤੇ ਉਨ੍ਹਾਂ ਨਾਲ ਕਿਸੇ ਤਰ੍ਹਾਂ ਵਿਤਕਰਾ ਨਹੀਂ ਹੋਣਾ ਚਾਹੀਦਾ। ਮੀਟਿੰਗ ਵਿੱਚ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ, ਦਿੱਲੀ ਦੇ ਲੈਫ਼ਟੀਨੈਂਟ ਜਨਰਲ ਅਨਿਲ ਬੈਜਲ, ਕੇਂਦਰੀ ਵਾਤਾਵਰਨ ਰਾਜ ਮੰਤਰੀ ਅਨਿਲ ਮਾਧਵ ਦਵੇ, ਜੰਮੂ-ਕਸ਼ਮੀਰ ਦੇ ਉਪ ਮੁੱਖ ਮੰਤਰੀ ਡਾ. ਨਿਰਮਲ ਸਿੰਘ ਅਤੇ ਰਾਜਸਥਾਨ ਦੇ ਜਲ ਵਸੀਲਿਆਂ ਬਾਰੇ ਮੰਤਰੀ ਡਾ. ਰਾਮ ਪ੍ਰਤਾਪ ਵੀ ਹਾਜ਼ਰ ਸਨ।

## *ਕਿਸਾਨਾਂ ਦੀਆਂ ਜ਼ਮੀਨਾਂ ਦੀ ਕੁਰਕੀ ਨਹੀਂ ਹੋਵੇਗੀ*

*ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕੁਰਕ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸਰਕਾਰ ਮੈਨੀਫੈਸਟੋ ਵਿੱਚ ਕੀਤੇ ਗਏ ਵਾਅਦਿਆਂ ਤੋਂ ਪਿੱਛੇ ਨਹੀਂ ਹਟੇਗੀ। ਸਹਿਕਾਰਤਾ ਵਿਭਾਗ ਵੱਲੋਂ ਵਿੱਤ ਵਿਭਾਗ ਪਾਸੋਂ ਸਹਾਇਤਾ ਮੰਗਣ ਬਾਰੇ ਮੁੱਖ ਮੰਤਰੀ ਨੇ ਆਖਿਆ ਕਿ ਮੰਤਰੀ ਮੰਡਲ ਦੀ ਅਗਲੀ ਮੀਟਿੰਗ ਵਿੱਚ ਇਹ ਮਾਮਲਾ ਲਿਜਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕੈਪਟਨ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ 'ਕਰਜ਼ਾ ਕੁਰਕੀ ਖ਼ਤਮ, ਫ਼ਸਲ ਦੀ ਪੂਰੀ ਰਕਮ' ਦੇ ਚੋਣ ਵਾਅਦੇ ਤੋਂ ਪਿੱਛੇ ਨਹੀਂ ਹਟੇਗੀ ਅਤੇ ਸਹਿਕਾਰਤਾ ਵਿਭਾਗ ਵੱਲੋਂ ਆਪਣੀਆਂ ਕਰਜ਼ਾ ਲੋੜਾਂ ਦੀ ਪੂਰਤੀ ਲਈ ਰਾਹ ਤਲਾਸ਼ਣਾ ਹੋਵੇਗਾ। ਪੰਜਾਬ ਸਹਿਕਾਰੀ ਸਭਾਵਾਂ ਐਕਟ-1961 ਦੀ ਧਾਰਾ 67-ਏ ਅਧੀਨ 'ਕੁਰਕੀ' (ਨਿਲਾਮੀ) ਦੀ ਧਾਰਾ ਖ਼ਤਮ ਹੋਵੇਗੀ।*

# ਐੱਸ.ਵਾਈ.ਐਲ.: ਦਫ਼ਾ 78 ਦਾ ਨਾਂਅ ਲੈਣੋਂ ਕਿਉਂ ਡਰਦੀ ਹੈ ਪੰਜਾਬ ਸਰਕਾਰ

**ਗੁਰਪ੍ਰੀਤ ਸਿੰਘ ਮੰਡਿਆਣੀ**

ਕੇਂਦਰੀ ਮੰਤਰੀ ਦੀ ਪ੍ਰਧਾਨਗੀ ਹੇਠ ਬੀਤੇ ਲੰਘੇ ਦਿਨੀਂ ਹੋਈ ਉਤਰੀ ਪੰਜ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ 'ਚ ਐਸ.ਵਾਈ.



ਐਲ. ਨਹਿਰ ਦੇ ਮੁੱਦੇ ਨੂੰ ਪੰਜਾਬ ਅਤੇ ਹਰਿਆਣਾ ਨੇ ਆਪਦੇ-ਆਪਦੇ ਪੱਖ ਤੋਂ ਉਭਾਰਿਆ। ਦੋਵਾਂ ਮੁੱਖ ਮੰਤਰੀਆਂ ਨੇ ਇਹਨੂੰ ਗੱਲਬਾਤ ਰਾਹੀਂ ਨਿਬੇੜਨ ਦੀ ਗੱਲ ਕਰਦਿਆਂ ਆਖਿਆ ਕਿ ਜੇ ਗੱਲਬਾਤ 'ਚ ਇਹਦਾ ਕੋਈ ਹੱਲ ਨਹੀਂ ਨਿਕਲਦਾ ਤਾਂ ਅਦਾਲਤ ਜਿਵੇਂ ਨਿਬੇੜੇਗੀ ਉਵੇਂ ਸਈ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਹ ਪੈਂਤੜਾ ਲਿਆ ਕਿ ਕੇਂਦਰ-ਪੰਜਾਬ ਅਤੇ ਹਰਿਆਣਾ ਦੀ ਤਿੰਨ ਧਿਰੀ ਗੱਲਬਾਤ ਪਾਣੀਆਂ ਬਾਬਤ ਬੀਤੇ ਸਮੇਂ 'ਚ ਹੋਏ ਸਮਝੌਤੇ ਹੀ ਗੱਲਬਾਤ ਦੀ ਬੁਨਿਆਦ ਬਣੇ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਸਲਾ ਰਾਈਪੇਰੀਅਨ ਕਾਨੂੰਨ ਮੁਤਾਬਿਕ ਹੱਲ ਹੋਵੇ। ਜਿਥੋਂ ਤੱਕ ਹਰਿਆਣੇ ਦੇ ਮੌਕੁਫ ਦਾ ਸੁਆਲ ਹੈ ਉਹ ਬਿਲਕੁਲ ਸਪੱਸ਼ਟ ਹੈ ਕਿ ਹਰਿਆਣਾ ਨੂੰ ਪਤਾ ਹੈ ਕਿ ਜੇ ਗੱਲ ਸਮਝੌਤਿਆਂ ਦੀ ਬੁਨਿਆਦ 'ਤੇ ਹੋਈ ਤਾਂ ਉਹਨਾਂ ਦੇ ਹੱਕ 'ਚ ਹੈ ਤੇ ਜੇ ਅਦਾਲਤੀ ਫੈਸਲੇ ਮੁਤਾਬਿਕ ਹੋਈ ਤਾਂ ਵੀ ਉਹਨਾਂ ਦੇ ਹੱਕ ਜਾਣੀ ਹੈ। ਪਰ ਪੰਜਾਬ ਦਾ ਪੈਂਤੜਾ ਸਮਝੋਂ ਬਾਹਰ ਹੈ।


ਉਤਰੀ ਖੇਤਰ ਦੇ ਮੁੱਖ ਮੰਤਰੀਆਂ ਦੀ ਮੀਟਿੰਗ 'ਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ

ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਗੱਲਬਾਤ ਨਾਲ ਕੋਈ ਨਿਬੇੜਾ ਨਾ ਹੋਇਆ ਤਾਂ ਗੱਲ ਅਦਾਲਤ 'ਤੇ ਛੱਡ ਦੇਣੀ ਹੈ। ਪਰ ਅਦਾਲਤ ਤਾਂ ਪਹਿਲਾਂ ਹੀ ਫੈਸਲਾ ਪੰਜਾਬ ਦੇ ਖਿਲਾਫ ਫੈਸਲਾ ਸੁਣਾਈ ਬੈਠੀ ਹੈ। ਸੁਪਰੀਮ ਕੋਰਟ ਦੇ ਬੈਂਚ ਨੇ ਸਪੱਸ਼ਟ ਲਹਿਜ਼ੇ ਵਿੱਚ ਪੰਜਾਬ ਨੂੰ ਆਖ ਦਿੱਤਾ ਹੈ ਕਿ ਤੁਹਾਨੂੰ ਨਹਿਰ ਤਾਂ ਪੁੱਟਣੀ ਹੀ ਪੈਣੀ ਹੈ। ਕੋਰਟ ਦਾ ਰਸਮੀ ਫੈਸਲਾ ਭਾਵੇਂ ਕੱਲ ਆਵੇ ਜਾਂ ਪਰਸੋਂ ਪੰਜਾਬ ਦੇ ਖਿਲਾਫ ਹੀ ਆਉਣਾ ਹੈ। ਸੋ ਅਜਿਹੀ ਸੂਰਤੇ ਹਾਲ ਵਿੱਚ ਪੰਜਾਬ ਵੱਲੋਂ ਅਦਾਲਤੀ ਫੈਸਲੇ ਵੱਲ ਝਾਕਣ ਦੀ ਗੱਲ ਸਮਝੋਂ ਬਾਹਰ ਹੈ। ਦੂਜੀ ਗੱਲ ਸਮਝੋਂ ਬਾਹਰ ਇਹ ਹੈ ਕਿ ਪੰਜਾਬ ਆਪਣੇ ਪਾਣੀਆਂ ਦੀ ਮਾਲਕੀ 'ਚ ਹਰਿਆਣਾ ਦੀ ਦਫਾ 78 ਦੇ ਤਹਿਤ ਬਣਾਈ ਗੈਰ ਸੰਵਿਧਾਨਿਕ ਹਿੱਸੇਦਾਰੀ 'ਤੇ ਕਿਉਂ ਨਹੀਂ ਉਂਗਲ ਧਰਦਾ। ਪੰਜਾਬ ਵੱਲੋਂ ਬਾਦਲ ਸਰਕਾਰ ਅਤੇ ਕੈਪਟਨ ਸਰਕਾਰ ਮੌਕੇ ਤਾਂ ਕਿਹਾ ਜਾਂਦਾ ਰਿਹਾ ਹੈ ਕਿ ਮਾਮਲਾ ਰਾਇਪੇਰੀਅਨ ਕਾਨੂੰਨ ਮੁਤਾਬਿਕ ਨਿੱਬੜੇ। ਪਰ ਰਾਇਪੇਰੀਅਨ ਸਿਧਾਂਤ ਮੁਤਾਬਿਕ ਬਣੀਆਂ ਭਾਰਤੀ ਸੰਵਿਧਾਨ ਦੀਆਂ ਧਾਰਾਵਾਂ ਦੀ ਉਲੰਘਣਾ ਕਰਕੇ ਬਣੀ ਦਫਾ 78 'ਤੇ ਸਿੱਧੀ ਉਂਗਲ ਧਰ ਕੇ ਪੰਜਾਬ ਨੂੰ ਕਹਿਣਾ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਦਫਾ 78 ਦੀ ਸੰਵਿਧਾਨਿਕ ਵਾਜਬੀਅਤ ਦਾ ਫੈਸਲਾ ਹੋਵੇ। ਜਿੰਨਾ ਚਿਰ ਦਫਾ 78 ਨੂੰ ਹੱਥ ਨਹੀਂ ਪਾਇਆ ਜਾਂਦਾ ਉਦੋਂ ਤੱਕ ਨਹਿਰ ਦੀ ਪੁਟਾਈ ਪੱਕੇ ਤੌਰ 'ਤੇ ਨਹੀਂ ਰੁਕ ਸਕਦੀ।

# ਬੇਅਦਬੀ ਮਾਮਲਿਆਂ 'ਚ ਉਮਰ ਕੈਦ ਦੀ ਸਜ਼ਾ ਖ਼ਤਮ ਕਰਨਾ ਚਾਹੁੰਦੀ ਹੈ ਕੈਪਟਨ ਸਰਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਰਾਜ ਵਿਚ ਮਗਰਲੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਤੋਂ ਬਾਅਦ ਸਾਬਕਾ ਅਕਾਲੀ-ਭਾਜਪਾ ਸਰਕਾਰ ਵੱਲੋਂ ਭਾਰਤੀ ਦੰਡਾਵਲੀ ਵਿਚ ਜੋ ਤਰਮੀਮਾਂ ਲਈ ਕਾਨੂੰਨ ਬਣਾਇਆ ਗਿਆ ਸੀ, ਉਸ ਨੂੰ ਮੋਦੀ ਸਰਕਾਰ ਵੱਲੋਂ ਪ੍ਰਵਾਨਗੀ ਨਾ ਮਿਲਣ ਕਾਰਨ ਹੁਣ ਮੌਜੂਦਾ ਕੈਪਟਨ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ ਦੇਣ ਸਬੰਧੀ ਕਾਨੂੰਨ ਵਾਪਸ ਲੈਣ ਸਬੰਧੀ ਵਿਚਾਰ ਕੀਤਾ ਜਾ ਰਿਹਾ ਹੈ। ਰਾਜ ਦੇ ਐਡਵੋਕੇਟ ਜਨਰਲ ਸ੍ਰੀ ਅਤੁੱਲ ਨੰਦਾ ਵੱਲੋਂ ਰਾਜ ਸਰਕਾਰ ਨੂੰ ਭੇਜੀ ਆਪਣੀ ਰਿਪੋਰਟ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਭਾਰਤੀ ਦੰਡਾਵਲੀ ਵਿਚ ਪੰਜਾਬ ਵਿਧਾਨ ਸਭਾ ਵੱਲੋਂ ਤਰਮੀਮ ਤਜਵੀਜ਼ ਕਰਕੇ ਸ਼ਾਮਲ ਕੀਤੀ ਨਵੀਂ ਧਾਰਾ 295ਏ-ਏ ਜਿਸ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ ਤਜਵੀਜ਼ ਕੀਤੀ ਗਈ ਹੈ, ਭਾਰਤੀ ਵਿਧਾਨ ਦੇ ਆਰਟੀਕਲ 14 ਦੇ ਵਿਰੁੱਧ ਹੈ ਕਿਉਂਕਿ ਹਿੰਦੁਸਤਾਨ ਧਰਮ ਨਿਰਪੱਖ ਦੇਸ਼ ਹੈ ਅਤੇ ਸਾਰੇ ਧਾਰਮਿਕ ਗ੍ਰੰਥਾਂ ਨੂੰ ਬਰਾਬਰੀ ਵਾਲਾ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ। ਆਪਣੀ ਰਿਪੋਰਟ ਵਿਚ ਉਨ੍ਹਾਂ ਦੱਸਿਆ ਕਿ ਉਕਤ ਧਾਰਾ 295 ਵਿਚ ਧਾਰਮਿਕ ਗ੍ਰੰਥਾਂ, ਸਥਾਨਾਂ ਨੂੰ ਨੁਕਸਾਨ ਪਹੁੰਚਾਉਣ ਵਾਲੀ ਕਾਰਵਾਈ ਲਈ ਸਜ਼ਾ ਵੀ 2 ਸਾਲ ਤੋਂ ਵਧਾ ਕੇ 10 ਸਾਲ ਕਰ ਦਿੱਤੀ ਗਈ ਹੈ ਅਤੇ ਉਕਤ ਧਾਰਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਸ਼ਾਮਲ ਹਨ। ਆਪਣੀ ਰਿਪੋਰਟ ਵਿਚ ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਉਕਤ ਧਾਰਾ 295 ਵਿਚ ਇਸ ਤਜਵੀਜ਼ 'ਤੇ ਕੋਈ ਇਤਰਾਜ਼ ਨਹੀਂ ਉਠਾਇਆ। ਪਰ ਉਨ੍ਹਾਂ ਵੱਲੋਂ ਇਹ ਬਿੱਲ ਰਾਸ਼ਟਰਪਤੀ ਨੂੰ ਅੱਗੇ ਪ੍ਰਵਾਨਗੀ ਲਈ ਨਹੀਂ ਭੇਜਿਆ ਗਿਆ, ਹਾਲਾਂਕਿ ਮੰਤਰੀ ਮੰਡਲ ਦੀ 2015 ਦੌਰਾਨ ਇੱਕ ਬੈਠਕ ਵੱਲੋਂ ਇਸ ਤਰਮੀਮ ਬਿੱਲ ਨੂੰ ਪਾਸ ਕੀਤਾ ਗਿਆ ਸੀ ਅਤੇ ਮਾਰਚ 2016 ਦੌਰਾਨ ਵਿਧਾਨ ਸਭਾ ਵੱਲੋਂ ਬਿੱਲ ਪਾਸ ਕਰਨ ਤੋਂ ਬਾਅਦ 28 ਅਪ੍ਰੈਲ, 2016 ਨੂੰ ਰਾਜਪਾਲ ਵੱਲੋਂ ਵੀ ਬਿੱਲ ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ ਸੀ ਅਤੇ ਕੇਂਦਰੀ ਐਕਟ ਵਿਚ ਤਰਮੀਮ ਹੋਣ ਕਾਰਨ ਰਾਜ ਸਰਕਾਰ ਵੱਲੋਂ ਇਹ ਤਰਮੀਮ ਬਿੱਲ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪ੍ਰਵਾਨਗੀ ਲਈ ਭੇਜ ਦਿੱਤਾ ਗਿਆ ਸੀ। ਐਡਵੋਕੇਟ ਜਨਰਲ ਦੀ ਰਿਪੋਰਟ ਅਨੁਸਾਰ ਗ੍ਰਹਿ ਮੰਤਰਾਲੇ ਦਾ ਇਤਰਾਜ਼ ਸੀ ਕਿ ਉਮਰ ਕੈਦ ਵਾਲੀ ਸਜ਼ਾ ਵਿਧਾਨ ਦੀ ਧਰਮ ਨਿਰਪੱਖ ਨੀਤੀ ਦੇ ਅਨੁਸਾਰ ਨਹੀਂ, ਜੋ ਕਿ ਕਾਨੂੰਨ ਅਨੁਸਾਰ ਬੇਲੋੜੀ ਅਤੇ ਜ਼ਿਆਦਾ ਹੈ। ਭਾਰਤ ਸਰਕਾਰ ਵੱਲੋਂ ਅਟਾਰਨੀ ਜਨਰਲ ਆਫ਼ ਇੰਡੀਆ ਦੀ ਵੀ ਇਸ ਸਬੰਧੀ ਰਾਏ ਲਈ ਗਈ। ਇਸ ਤੋਂ ਬਾਅਦ ਗ੍ਰਹਿ ਮੰਤਰਾਲੇ ਵੱਲੋਂ ਉਕਤ ਤਰਮੀਮ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਅੱਗੇ ਨਹੀਂ ਭੇਜਿਆ ਗਿਆ। ਐਡਵੋਕੇਟ ਜਨਰਲ ਸ੍ਰੀ ਅਤੁੱਲ ਨੰਦਾ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਸੈਕਸ਼ਨ 295ਏ-ਏ ਕੇਵਲ ਸਿੱਖਾਂ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਹੈ ਅਤੇ ਇਸ ਵਿਚ ਕਿਸੇ ਹੋਰ ਗ੍ਰੰਥ ਨੂੰ ਸ਼ਾਮਲ ਨਹੀਂ ਕੀਤਾ ਗਿਆ ਅਤੇ

**ਬਾਕੀ ਸਫ਼ਾ 31 'ਤੇ**

# ਅਪਰੇਸ਼ਨ ਬਲਿਊ ਸਟਾਰ ਦੇ ਖ਼ਤਰਿਆਂ ਬਾਰੇ ਜਾਣਦੀ ਸੀ ਇੰਦਰਾ : ਪ੍ਰਣਬ ਮੁਖਰਜੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਫ਼ੈਸਲੇ ਲੈਣ ਦੀ ਫ਼ੁਰਤੀ ਤੇ ਦ੍ਰਿੜ੍ਹਤਾ ਦਾ ਜ਼ਿਕਰ ਕਰਦਿਆਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਿਹਾ ਹੈ ਕਿ ਬੀਬੀ ਗਾਂਧੀ 1984 ਵਿੱਚ ਦਰਬਾਰ ਸਾਹਿਬ ਵਿੱਚ ਕੀਤੇ ਗਏ ਅਪਰੇਸ਼ਨ ਬਲਿਊ ਸਟਾਰ ਦੇ ਖ਼ਤਰਿਆਂ ਤੋਂ ਵਾਕਫ਼ ਸੀ। ਮਰਹੂਮ ਪ੍ਰਧਾਨ ਮੰਤਰੀ ਦੀ



100ਵੀਂ ਜੈਅੰਤੀ ਮੌਕੇ ਇਕ ਸਮਾਗਮ ਨੂੰ ਸੰਬੋਧਨ ਕਰਦੇ ਸਮੇਂ ਉਨ੍ਹਾਂ 1971 ਦੀ ਘਟਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕਿਵੇਂ ਉਨ੍ਹਾਂ 2 ਜਨਵਰੀ ਨੂੰ ਪਾਰਟੀ ਦੀ ਕਮਾਨ ਸੰਭਾਲੀ ਤੇ 6 ਮਾਰਚ ਤੱਕ ਸਮੁੱਚੇ ਪ੍ਰਧਾਨਾਂ ਦੀ ਟੀਮ ਬਣਾ ਕੇ ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਅਸਾਮ ਵਰਗੇ ਰਾਜਾਂ ਵਿੱਚ ਪਾਰਟੀ ਦੀ ਜਿੱਤ ਦੀ ਯਕੀਨੀ ਬਣਾ ਦਿੱਤੀ।

ਬਲਿਊ ਸਟਾਰ ਉਨ੍ਹਾਂ ਦੱਸਿਆ ਕਿ ਕਿਵੇਂ ਉਨ੍ਹਾਂ (ਪ੍ਰਣਬ) ਨੇ ਅਪਰੇਸ਼ਨ ਦੇ ਫ਼ੈਸਲੇ ਦੇ ਅੰਜਾਮ ਬਾਰੇ ਬੀਬੀ ਗਾਂਧੀ ਨਾਲ ਗੱਲ ਕੀਤੀ ਸੀ। ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਇਸ ਦੇ ਨਿਕਲਣ ਵਾਲੇ ਸਿੱਟਿਆਂ ਤੋਂ ਵਾਕਫ਼ ਨਹੀਂ ਸੀ, ਪਰ ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਉਨ੍ਹਾਂ ਇਹ ਫ਼ੈਸਲਾ ਲਿਆ ਸੀ। ਉਨ੍ਹਾਂ ਕਿਹਾ ਕਿ ਕੁਝ ਅਜਿਹੇ ਫ਼ੈਸਲੇ ਲੈਣੇ ਪੈਂਦੇ ਹਨ, ਜੋ ਅੱਗੇ ਜਾ ਕੇ ਗ਼ਲਤ ਸਾਬਤ ਹੁੰਦੇ ਹਨ ਪਰ ਉਹ ਸਮੇਂ ਦੀ ਮੰਗ ਹੁੰਦੇ ਹਨ। ਉਨ੍ਹਾਂ ਇੰਦਰਾ ਗਾਂਧੀ ਦੀ ਫੈਸਲੇ ਲੈਣ ਦੀ ਕਾਬਲੀਅਤ ਨੂੰ ਚੇਤੇ ਕੀਤਾ। ਉਨ੍ਹਾਂ ਇੰਦਰਾ ਗਾਂਧੀ ਦੀ ਯਾਦ ਵਿੱਚ ਪੁਸਤਕ ਜਾਰੀ ਕਰਨ ਮੌਕੇ ਕਾਂਗਰਸ ਲੀਡਰਸ਼ਿਪ ਨੂੰ ਗੁੱਝੇ ਸੁਨੇਹੇ ਵਿੱਚ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਦੀ ਕਾਰਜਪ੍ਰਣਾਲੀ ਨਾਲ ਸੂਬਾਈ ਚੋਣਾਂ ਵਿੱਚ ਪਾਰਟੀ ਨੂੰ ਜਿੱਤਾਂ ਮਿਲੀਆਂ ਸਨ।

## ਦਮਦਮੀ ਟਕਸਾਲ ਨੇ ਸਾਕਾ ਨੀਲਾ ਤਾਰਾ ਬਾਰੇ ਗੁਪਤ ਦਸਤਾਵੇਜ਼ ਜਨਤਕ ਕਰਨ ਦੀ ਕੀਤੀ ਮੰਗ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਹਰਨਾਮ ਸਿੰਘ ਖ਼ਾਲਸਾ ਨੇ ਯੂ.ਕੇ. ਦੀਆਂ 8 ਜੂਨ ਨੂੰ ਹੋ ਰਹੀਆਂ ਆਮ ਚੋਣਾਂ ਲਈ ਲੇਬਰ ਪਾਰਟੀ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਸਾਕਾ ਨੀਲਾ ਤਾਰਾ ਅਤੇ ਨਵੰਬਰ '84 ਦੇ ਸਿੱਖ ਨਸਲਕੁਸ਼ੀ ਦੇ ਮੁੱਦੇ ਨੂੰ ਸ਼ਾਮਲ ਕੀਤੇ ਜਾਣ ਦਾ



ਸਵਾਗਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਤੋਂ ਸਾਕਾ ਨੀਲਾ ਤਾਰਾ ਨਾਲ ਸਬੰਧਤ ਸਾਰੇ ਗੁਪਤ ਦਸਤਾਵੇਜ਼ ਜਨਤਕ ਕਰਵਾਏ ਜਾਣ। ਜੂਨ '84 ਦੇ ਸ਼ਹੀਦਾਂ ਦੇ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਦੀ ਤਿਆਰੀ ਨੂੰ ਲੈ ਕੇ ਪਿੰਡ ਪਿੰਡ ਸਮਾਗਮ ਕਰ ਰਹੀ ਦਮਦਮੀ ਟਕਸਾਲ ਵਲੋਂ ਪਿੰਡ ਊਧੋਨੰਗਲ ਵਿਚ ਸਮਾਗਮ ਕੀਤਾ ਗਿਆ ਸੀ। ਟਕਸਾਲ ਮੁਖੀ ਨੇ ਕਿਹਾ ਕਿ ਨਵੰਬਰ 1984 ਕਦੇ ਵੀ ਨਹੀਂ ਭੁੱਲਿਆ ਜਾ ਸਕਦਾ। ਇਸ ਤ੍ਰਾਸਦੀ ਬਾਰੇ ਹੁਣ ਕੌਮਾਂਤਰੀ ਪੱਧਰ ਉੱਤੇ ਨਵੀਂ ਬਹਿਸ ਛਿੜ ਚੁੱਕੀ ਹੈ । ਅਜੋਕੀ ਸਥਿਤੀ ਵਿਚ ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਦੁਖਾਂਤ ਨੂੰ ਅੰਜਾਮ ਦੇਣ ਵਾਲੀ ਇੰਦਰਾ ਗਾਂਧੀ ਹਕੂਮਤ ਦੀ ਕਾਰਵਾਈ ਸੰਸਾਰ ਸਾਹਮਣੇ ਲਿਆਵੇ ਅਤੇ ਸਬੰਧਤ ਸਾਰੇ ਗੁਪਤ ਦਸਤਾਵੇਜ਼ ਜਨਤਕ ਕੀਤੇ ਜਾਣ। ਉਨ੍ਹਾਂ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਇਹ ਮੁੱਦਾ ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਨਿਆਂ ਪ੍ਰਣਾਲੀ ਤੱਕ ਲਿਜਾਇਆ ਜਾਵੇ। ਉਨ੍ਹਾਂ ਕਿਹਾ ਕਿ ਇਹ ਨਸਲਕੁਸ਼ੀ ਯੋਜਨਾਬੱਧ ਸੀ, ਤਿੰਨ ਦਿਨ ਤੱਕ ਦਿੱਲੀ ਸਮੇਤ 18 ਰਾਜਾਂ ਦੇ ਕਈ ਸ਼ਹਿਰਾਂ ਵਿੱਚ ਅਮਨ ਕਾਨੂੰਨ ਨੂੰ ਛਿੱਕੇ ਤੇ ਟੰਗ ਕੇ ਹਜ਼ਾਰਾਂ ਬੇਕਸੂਰ ਸਿੱਖਾਂ ਨੂੰ ਮਾਰਿਆ ਗਿਆ। ਅੱਜ 33 ਸਾਲ ਬਾਅਦ ਵੀ ਨਸਲਕੁਸ਼ੀ ਦੇ ਪੀੜਤਾਂ ਨੂੰ ਨਿਆਂ ਨਹੀਂ ਮਿਲਿਆ।

# ਕੌਮਾਂਤਰੀ ਗੱਤਕਾ ਮੁਕਾਬਲੇ ਖ਼ਾਲਸਈ ਜਾਹੋ ਜਲਾਲ ਨਾਲ ਸਮਾਪਤ

### *ਇੱਕ ਲੱਖ ਰੁਪਏ ਦਾ ਪਹਿਲਾ ਇਨਾਮ ਚੱਪੜਚਿੜੀ ਵਾਰੀਅਰਜ਼ ਟੀਮ ਨੇ ਜਿੱਤਿਆ*

**ਫ਼ਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਹਿੰਦ ਫ਼ਤਹਿ ਦਿਵਸ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਕਰਵਾਏ ਗਏ ਦੋ ਰੋਜ਼ਾ ਸੱਤਵੇਂ ਕੌਮਾਂਤਰੀ ਗੱਤਕਾ ਮੁਕਾਬਲੇ ਖ਼ਾਲਸਈ ਜਾਹੋ ਜਲਾਲ ਨਾਲ ਸੰਪੰਨ ਹੋਏ। ਦੇਸ਼ ਵਿਦੇਸ਼ ਦੀਆਂ 30 ਟੀਮਾਂ ਨੇ ਗੱਤਕਾ ਪ੍ਰਦਰਸ਼ਨੀ ਜਦਕਿ 13 ਟੀਮਾਂ ਨੇ ਫਾਈਟ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਸੇ ਤਰ੍ਹਾਂ ਲੜਕੀਆਂ ਦੀਆਂ 10 ਟੀਮਾਂ ਨੇ ਵੀ ਗੱਤਕੇ ਦਾ ਬਾਖ਼ੂਬੀ ਪ੍ਰਦਰਸ਼ਨ ਕੀਤਾ।



ਗੱਤਕਾ ਮੁਕਾਬਲਿਆਂ ਦਾ ਫਾਈਨਲ ਮੈਚ ਸ਼ੁਰੂ ਕਰਵਾਉਂਦੇ ਹੋਏ ਕ੍ਰਿਪਾਲ ਸਿੰਘ ਬਡੂੰਗਰ।

ਲੜਕਿਆਂ ਦੇ ਫਾਈਟ ਮੁਕਾਬਲਿਆਂ ਵਿੱਚੋਂ ਇੱਕ ਲੱਖ ਰੁਪਏ ਦਾ ਪਹਿਲਾ ਇਨਾਮ ਚੱਪੜਚਿੜੀ ਵਾਰੀਅਰਜ਼ ਟੀਮ ਦੇ ਗੁਰਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਨਰਿੰਦਰ ਸਿੰਘ ਅਤੇ ਰਵਿੰਦਰਪਾਲ ਸਿੰਘ ਨੇ, 75 ਹਜ਼ਾਰ ਰੁਪਏ ਦਾ ਦੂਜਾ ਇਨਾਮ ਬਨੂੜ ਵਾਰੀਅਰਜ਼ ਦੇ ਗੁਰਪ੍ਰਤਾਪ ਸਿੰਘ, ਸੰਦੀਪ ਸਿੰਘ, ਪਰਮਜੀਤ ਸਿੰਘ ਅਤੇ ਅਜੈਪਾਲ ਸਿੰਘ ਨੇ, 50 ਹਜ਼ਾਰ ਰੁਪਏ ਦਾ ਤੀਜਾ ਇਨਾਮ ਰੈਸਟ ਆਫ਼ ਇੰਡੀਆ ਟੀਮ ਦੇ ਰਾਜਵਿੰਦਰ ਸਿੰਘ, ਹਰਮਨਜੋਤ ਸਿੰਘ, ਗੁਰਪ੍ਰੀਤ ਸਿੰਘ ਅਤੇ ਹਰਮਨ ਸਿੰਘ ਨੇ ਪ੍ਰਾਪਤ ਕੀਤਾ।ਦੂਜੇ ਪਾਸੇ ਲੜਕੀਆਂ ਦੇ ਫਾਈਟ ਮੁਕਾਬਲਿਆਂ ਵਿੱਚ ਗੱਤਕਾ ਅਖਾੜਾ ਮੁਕਤਸਰ ਦੀਆਂ ਲੜਕੀਆਂ ਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਹਰਸ਼ਰਨ ਕੌਰ ਅਤੇ ਲਵਪ੍ਰੀਤ ਕੌਰ ਨੇ ਇੱਕੀ ਹਜ਼ਾਰ ਰੁਪਏ ਦਾ ਪਹਿਲਾ ਇਨਾਮ, ਮਾਤਾ ਸਾਹਿਬ ਕੌਰ ਗੱਤਕਾ ਵਾਰੀਅਰਜ਼ ਦੀਆਂ ਲੜਕੀਆਂ ਸੁਖਪ੍ਰੀਤ ਕੌਰ, ਸਤਨਾਮ ਕੌਰ, ਸੰਦੀਪ ਕੌਰ ਅਤੇ ਭਾਮਤੀ ਕੌਰ ਨੇ ਪੰਦਰਾਂ ਹਜ਼ਾਰ ਰੁਪਏ ਦਾ ਦੂਜਾ ਇਨਾਮ ਅਤੇ ਦਿੱਲੀ ਤੋਂ ਪੁੱਜੀ ਗੱਤਕਾ ਟੀਮ ਦੀਆਂ ਲੜਕੀਆਂ ਇਸ਼ਮੀਤ ਕੌਰ, ਮਨਪ੍ਰੀਤ ਕੌਰ, ਸਿਮਰਨਜੀਤ ਕੌਰ ਅਤੇ ਸਰਬਜੀਤ ਕੌਰ ਨੇ ਗਿਆਰਾਂ ਹਜ਼ਾਰ ਰੁਪਏ ਦਾ ਤੀਜਾ ਇਨਾਮ ਹਾਸਲ ਕੀਤਾ। ਜੇਤੂ ਰਹੀਆਂ ਟੀਮਾਂ ਨੂੰ ਇਨਾਮ ਦੇਣ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੱਤਕਾ ਜੰਗ ਵਿੱਦਿਆ ਦਾ ਮੁੱਢਲਾ ਸਬਕ ਹੈ, ਜੋ ਨੌਜਵਾਨਾਂ ਅੰਦਰ ਜੁਝਾਰੂ ਜਜ਼ਬਾ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਗੱਤਕੇ ਨੂੰ ਹੋਰ ਪ੍ਰਫੁੱਲਤ ਕਰਨ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖਰਾ ਗੱਤਕਾ ਵਿੰਗ ਸਥਾਪਤ ਕੀਤਾ ਗਿਆ ਹੈ।

### *ਭਾਈਰੂਪਾ ਜ਼ਮੀਨੀ ਵਿਵਾਦ*

# ਪੁਲੀਸ ਨੇ ਲੰਗਰ ਕਮੇਟੀ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਗੱਲਬਾਤ ਦਾ ਰਾਹ ਖੋਲ੍ਹਿਆ

**ਬਠਿੰਡਾ/ਬਿਊਰੋ ਨਿਊਜ਼ :** ਬਠਿੰਡਾ ਪੁਲੀਸ ਨੇ ਪਿੰਡ ਭਾਈਰੂਪਾ ਵਿੱਚ ਵਿਵਾਦਤ ਜ਼ਮੀਨ 'ਤੇ ਪੁਲੀਸ ਪਹਿਰਾ ਲਾ ਦਿੱਤਾ। ਭਾਵੇਂ ਸ਼੍ਰੋਮਣੀ ਕਮੇਟੀ ਨੇ ਪਿੰਡ ਭਾਈਰੂਪਾ ਵਿੱਚ ਜਾਣ ਤੋਂ ਪਾਸਾ ਵੱਟ ਲਿਆ ਪਰ ਪੁਲੀਸ ਅਫ਼ਸਰਾਂ ਨੇ ਲੰਗਰ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਨਾਲ ਗੱਲਬਾਤ ਦਾ ਰਾਹ ਖੋਲ੍ਹਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਭਾਈਰੂਪਾ ਮਾਮਲੇ 'ਤੇ ਡੀਜੀਪੀ ਨਾਲ ਗੱਲਬਾਤ ਕੀਤੀ, ਜਿਸ ਮਗਰੋਂ ਪੁਲੀਸ ਅਫ਼ਸਰਾਂ ਨੇ ਦੋਵਾਂ ਧਿਰਾਂ ਨੂੰ ਮਨਾਉਣਾ ਸ਼ੁਰੂ ਕਰ ਦਿੱਤਾ। ਐਸਐਸਪੀ ਅਤੇ ਡਿਪਟੀ ਕਮਿਸ਼ਨਰ ਨੇ ਵਿਵਾਦਤ ਜ਼ਮੀਨ ਦਾ ਜਾਇਜ਼ਾ ਲੈਣ ਮਗਰੋਂ ਲੰਗਰ ਕਮੇਟੀ ਦੇ ਪ੍ਰਤੀਨਿਧਾਂ ਨਾਲ ਗੱਲਬਾਤ ਕੀਤੀ। ਗੌਰਤਲਬ ਹੈ ਕਿ ਲੰਗਰ ਕਮੇਟੀ ਨੇ ਸ਼੍ਰੋਮਣੀ ਕਮੇਟੀ ਦੇ ਕਬਜ਼ੇ ਹੇਠਲੀ 161 ਏਕੜ ਜ਼ਮੀਨ ਵਾਹ ਦਿੱਤੀ ਹੈ। ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਬੰਗੀ, ਸੁਖਦੇਵ ਬਾਹੀਆ, ਜੋਗਿੰਦਰ ਕੌਰ, ਅਮਰੀਕ ਸਿੰਘ ਅਤੇ ਤਿੰਨ ਸਕੱਤਰਾਂ ਨੇ ਬਠਿੰਡਾ ਵਿੱਚ ਪ੍ਰੈੱਸ ਕਾਨਫਰੰਸ ਕਰ ਕੇ ਆਖਿਆ ਕਿ ਇਸ ਜ਼ਮੀਨ ਦਾ ਇੰਤਕਾਲ ਸ਼੍ਰੋਮਣੀ ਕਮੇਟੀ ਦੇ ਨਾਮ ਹੈ ਅਤੇ ਅਦਾਲਤਾਂ ਵਿੱਚੋਂ ਸਭ ਫੈਸਲੇ ਉਨ੍ਹਾਂ ਦੇ ਹੱਕ ਵਿੱਚ ਹੋ ਚੁੱਕੇ ਹਨ। ਉਨ੍ਹਾਂ ਮੰਗ ਕੀਤੀ ਕਿ ਜ਼ਮੀਨ 'ਤੇ ਹੁੱਲੜਬਾਜ਼ੀ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕੀਤੇ ਜਾਣ। ਕਾਰਵਾਈ ਨਾ ਹੋਈ ਤਾਂ ਉਹ ਸੰਘਰਸ਼ ਵਿੱਢਣਗੇ ਅਤੇ ਫਿਲਹਾਲ ਉਨ੍ਹਾਂ ਨੂੰ ਆਈਜੀ ਬਠਿੰਡਾ ਨੇ ਰੋਕ ਦਿੱਤਾ ਹੈ। ਜ਼ਿਲ੍ਹਾ ਪੁਲੀਸ ਨੇ ਟਕਰਾਅ ਟਾਲਣ ਲਈ ਪਿੰਡ ਭਾਈਰੂਪਾ ਵਿੱਚ ਪੁਲੀਸ ਪਹਿਰਾ ਲਾ ਦਿੱਤਾ। ਵਿਵਾਦਤ ਜ਼ਮੀਨ ਦੇ ਹਰ ਰਾਹ 'ਤੇ ਪੁਲੀਸ ਬਿਠਾ ਦਿੱਤੀ ਗਈ। ਪਿੰਡ ਵਿੱਚ ਮਾਹੌਲ ਤਣਾਅਪੂਰਨ ਬਣਿਆ ਰਿਹਾ। ਐਸਡੀਐਮ ਰਾਮਪੁਰਾ ਨੇ ਲੰਗਰ ਕਮੇਟੀ ਦੇ ਆਗੂਆਂ ਨਾਲ ਮੀਟਿੰਗ ਕੀਤੀ, ਜੋ ਬੇਸਿੱਟਾ ਰਹੀ। ਲੰਗਰ ਕਮੇਟੀ ਦੇ ਆਗੂ ਧਰਮ ਸਿੰਘ ਦਾ ਕਹਿਣਾ ਹੈ ਕਿ ਉਹ ਜ਼ਮੀਨ ਵਿੱਚ ਕਿਸੇ ਨੂੰ ਦਾਖ਼ਲ ਨਹੀਂ ਹੋਣ ਦੇਣਗੇ ਕਿਉਂਕਿ ਜ਼ਮੀਨ ਲੰਗਰ ਕਮੇਟੀ ਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਗੱਲਬਾਤ ਲਈ ਸੱਦਿਆ ਹੈ। ਪਤਾ ਲੱਗਿਆ ਹੈ ਕਿ ਮਾਮਲਾ ਸੁਲਝਾਉਣ ਲਈ ਹਲਕਾ ਵਿਧਾਇਕ ਗੁਰਪ੍ਰੀਤ ਕਾਂਗੜ ਨੇ ਵੀ ਗੱਲਬਾਤ ਕੀਤੀ ਹੈ ਅਤੇ ਅਧਿਕਾਰੀਆਂ ਨਾਲ ਸਾਂਝੀ ਮੀਟਿੰਗ ਵੀ ਕੀਤੀ ਹੈ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਮਾਲਕੀ ਵਾਲੀ ਜ਼ਮੀਨ ਉਤੇ ਕੁਝ ਲੋਕਾਂ ਨੇ ਟਰੈਕਟਰ ਚਲਾਏ ਹਨ, ਜਿਸ ਬਾਰੇ ਉਨ੍ਹਾਂ ਡੀਜੀਪੀ ਦੇ ਧਿਆਨ ਵਿੱਚ ਮਾਮਲਾ ਲਿਆਂਦਾ ਹੈ। ਉਨ੍ਹਾਂ ਦੱਸਿਆ ਕਿ ਆਈਜੀ ਬਠਿੰਡਾ ਨਾਲ ਵੀ ਗੱਲ ਕੀਤੀ ਹੈ, ਜਿਨ੍ਹਾਂ ਮਾਮਲੇ ਦਾ ਸੁਖਾਵਾਂ ਹੱਲ ਕੱਢਣ ਦਾ ਭਰੋਸਾ ਦਿੱਤਾ ਹੈ। ਉਹ ਮਾਹੌਲ ਨੂੰ ਸ਼ਾਂਤ ਰੱਖਣ ਦੇ ਹੱਕ ਵਿੱਚ ਹਨ ਅਤੇ ਪ੍ਰਸ਼ਾਸਨ ਦੇ ਭਰੋਸੇ ਕਰ ਕੇ ਉਡੀਕ ਕਰਨਗੇ।



## ਸਿੱਖ ਵਿਦਵਾਨ ਪ੍ਰੋ. ਸੀਤਲ ਸਿੰਘ ਸਿਤਾਰਾ ਐਮ.ਬੀ. ਈ. ਐਵਾਰਡ ਨਾਲ ਸਨਮਾਨਿਤ



**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਵਿਚ ਸਿੱਖ ਵਿਰਾਸਤ ਅਤੇ ਸਭਿਆਚਾਰ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੇ ਪ੍ਰੋ. ਸੀਤਲ ਸਿੰਘ ਸਿਤਾਰਾ ਨੂੰ ਸ਼ਾਹੀ ਐਵਾਰਡ ਐਮ.ਬੀ.ਈ. ਬੀਤੇ ਦਿਨੀਂ ਪ੍ਰਦਾਨ ਕੀਤਾ ਗਿਆ। ਇਹ ਐਵਾਰਡ ਬਕਿੰਘਮ ਪੈਲਿਸ ਵਿਚ ਪ੍ਰਿੰਸਸ ਐਨਾ ਵੱਲੋਂ ਭੇਟ ਕੀਤਾ ਗਿਆ। ਜ਼ਿਕਰਯੋਗ ਹੈ ਕਿ 80 ਸਾਲਾ ਪ੍ਰੋ. ਸੀਤਲ ਸਿੰਘ ਸਿਤਾਰਾ 1970 ਵਿਚ ਯੂ.ਕੇ. ਆਏ ਅਤੇ ਇਥੇ ਉਨ੍ਹਾਂ ਜਿਥੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦਿਆਂ ਸਿੱਖ ਧਰਮ ਨਾਲ ਜੋੜਿਆ, ਉਥੇ ਹੀ ਉਨ੍ਹਾਂ ਅਣਗਿਣਤ ਪੰਜਾਬੀਆਂ ਅਤੇ ਗ਼ੈਰ-ਪੰਜਾਬੀਆਂ ਨੂੰ ਕਲਾਸੀਕਲ ਸੰਗੀਤ ਦੀ ਸਿੱਖਿਆ ਦਿੱਤੀ। ਵਰਨਣਯੋਗ ਹੈ ਕਿ ਪ੍ਰੋ. ਸਿਤਾਰਾ ਨੇਤਰਹੀਣ ਹੋਣ ਦੇ ਬਾਵਜੂਦ ਲੰਡਨ ਦੀ ਅੰਡਰਗਰਾਊਂਡ ਬਿਜਲੀ ਹੇਠ ਚੱਲਣ ਵਾਲੀ ਟਰੇਨ ਰਾਹੀਂ ਇਕੱਲੇ ਹੀ ਸਫ਼ਰ ਕਰਕੇ ਵੱਖ-ਵੱਖ ਥਾਵਾਂ 'ਤੇ ਪਹੁੰਚ ਕੇ ਕੀਰਤਨ ਸਿਖਾਇਆ ਕਰਦੇ ਸਨ। ਉਹ ਯੂ.ਕੇ. ਦੇ ਬਹੁਤ ਸਾਰੇ ਗੁਰੂ ਘਰਾਂ ਵਿਚ ਕੀਰਤਨ ਰਾਹੀਂ ਹਾਜ਼ਰੀ ਭਰਦੇ ਆ ਰਹੇ ਹਨ। ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅੰਤ ਬਾਣੀ ਕੰਠ ਹੈ। ਪ੍ਰੋ. ਸਿਤਾਰਾ ਨੇ ਅਨੇਕਾਂ ਕਿਤਾਬਾਂ ਲਿਖੀਆਂ ਅਤੇ ਬਹੁਤ ਸਾਰੀਆਂ ਗੁਰਬਾਣੀ ਦੀਆਂ ਸੀ.ਡੀ. ਅਤੇ ਕੈਸੇਟਾਂ ਰਿਕਾਰਡ ਕਰਵਾਈਆਂ। ਪ੍ਰੋ. ਸਿਤਾਰਾ ਨੇ ਇਹ ਐਵਾਰਡ ਆਪਣੀ ਪਤਨੀ ਬੀਬੀ ਪਰਮਿੰਦਰ ਕੌਰ ਸਿਤਾਰਾ ਅਤੇ ਸਿੱਖ ਭਾਈਚਾਰੇ ਨੂੰ ਸਮਰਪਿਤ ਕੀਤਾ ਹੈ।

## ਤਪਾ ਮੰਡੀ ਦੇ ਠਾਕੁਰਦੁਆਰੇ 'ਤੇ ਕਬਜ਼ੇ ਨੂੰ ਲੈ ਕੇ ਚੱਲੀਆਂ ਗੋਲੀਆਂ, 2 ਹਲਾਕ, 6 ਜ਼ਖ਼ਮੀ

**ਤਪਾ ਮੰਡੀ/ਬਿਊਰੋ ਨਿਊਜ਼ :** ਡੇਰਾ ਮਹੰਤ ਪਰਮਾਨੰਦ ਵਜੋਂ ਜਾਣੇ ਜਾਂਦੇ ਤਪਾ ਦੇ ਪਿੰਡ ਵਿਚਲੇ ਠਾਕੁਰਦੁਆਰੇ ਉਤੇ ਕਬਜ਼ੇ ਲਈ ਗੋਲੀ ਚੱਲਣ ਕਾਰਨ ਦੋ ਜਣੇ ਮਾਰੇ ਗਏ ਅਤੇ ਅੱਧੀ ਦਰਜਨ ਤੇ ਕਰੀਬ ਜ਼ਖ਼ਮੀ ਹੋ ਗਏ। ਇਸ ਠਾਕੁਰਦੁਆਰੇ ਦੇ ਮਹੰਤ ਪਰਮਾਨੰਦ ਬ੍ਰਹਮਚਾਰੀ ਸਨ। ਉਨ੍ਹਾਂ ਆਪਣੇ ਭਾਣਜੇ ਹਰਦੇਵ ਦਾਸ ਨੂੰ ਸੇਵਾ-ਸੰਭਾਲ ਲਈ ਆਪਣੇ ਪਾਸ ਰੱਖਿਆ ਹੋਇਆ ਸੀ। ਮਹੰਤ ਪਰਮਾਨੰਦ ਦਾ ਕੋਈ ਹੋਰ ਸਕਾ ਭਰਾ ਵੀ ਨਹੀਂ ਸੀ, ਜਿਸ ਕਾਰਨ ਉਨ੍ਹਾਂ ਆਪਣੇ ਭਾਣਜੇ ਦੇ ਮੁੰਡੇ ਗੋਪਾਲ ਦਾਸ ਨੂੰ ਆਪਣਾ ਗੱਦੀ ਨਸ਼ੀਨ ਥਾਪ ਦਿੱਤਾ ਸੀ। ਮਹੰਤ ਪਰਮਾਨੰਦ ਦੇ ਦੇਹਾਂਤ ਮਗਰੋਂ ਸ਼ਰੀਕੇ ਵਿਚੋਂ ਲਗਦੇ ਉਨ੍ਹਾਂ ਦੇ ਭਤੀਜੇ ਰਮੇਸ਼ਵਰ ਦਾਸ ਨੇ ਵੀ ਡੇਰੇ 'ਤੇ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਸਾਲ 2007 ਵਿੱਚ ਰਮੇਸ਼ਵਰ ਦਾਸ ਆਪਣਾ ਸਿਆਸੀ ਪ੍ਰਭਾਵ ਵਰਤ ਕੇ ਡੇਰੇ 'ਤੇ ਕਾਬਜ਼ ਹੋ ਗਿਆ। ਹੁਣ 30 ਮਾਰਚ 2017 ਨੂੰ ਸੀਜੇਐਮ ਬਰਨਾਲਾ ਦੀ ਅਦਾਲਤ ਵਿੱਚੋਂ ਗੋਪਾਲ ਦਾਸ ਦੇ ਹੱਕ ਵਿੱਚ ਫੈਸਲਾ ਸੁਣਾਇਆ ਗਿਆ।

ਇਸ ਫੈਸਲੇ ਦੇ ਮੱਦੇਨਜ਼ਰ ਮਹੰਤ ਗੋਪਾਲ ਦਾਸ ਦੇ ਭਰਾ ਲਕਸ਼ਮੀ ਨਾਰਾਇਣ ਦਾਸ ਆਪਣੇ ਕੁਝ ਸਮਰਥਕਾਂ ਨਾਲ ਡੇਰੇ ਦੇ ਮੰਦਰ ਵਿੱਚ ਆਰਤੀ ਕਰਨ ਗਏ ਤਾਂ ਮਹੰਤ ਰਮੇਸ਼ਵਰ ਦਾਸ ਦੇ ਭਤੀਜੇ ਭੁਵਨੇਸ਼ਵਰ ਦਾਸ ਅਤੇ ਉਸ ਦੇ ਚਚੇਰੇ ਭਰਾ ਹੇਮੰਤ ਦਾਸ ਉਰਫ਼ ਮਾਧੋ ਦਾਸ ਨੇ ਲਕਸ਼ਮੀ ਨਾਰਾਇਣ, ਗੁਲਾਬ ਦਾਸ ਅਤੇ ਰਾਮ ਦਿਆਲ ਉਤੇ ਗੋਲੀਆਂ ਚਲਾ ਦਿੱਤੀਆਂ। ਇਸ ਕਾਰਨ ਲਕਸ਼ਮੀ ਨਾਰਾਇਣ ਅਤੇ ਗੁਲਾਬ ਦਾਸ ਦੀ ਮੌਕੇ ਉਤੇ ਮੌਤ ਹੋ ਗਈ ਅਤੇ ਰਾਮ ਦਿਆਲ ਗੰਭੀਰ ਜ਼ਖ਼ਮੀ ਹੋ ਗਿਆ। ਦੋਵੇਂ ਧਿਰਾਂ ਨੇ ਇਕ ਦੂਜੇ 'ਤੇ ਇੱਟਾਂ ਰੋੜੇ ਵੀ ਵਰ੍ਹਾਏ। ਇਸ ਘਟਨਾ ਵਿੱਚ ਅੱਧੀ ਦਰਜਨ ਤੋਂ ਵੱਧ ਵਿਅਕਤੀ ਗੰਭੀਰ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚ ਰਘਵੀਰ ਦਾਸ, ਹੇਮੰਤ ਦਾਸ ਮਾਧੋ, ਮਹਿੰਗਾ ਰਾਮ, ਰਾਮ ਦਿਆਲ ਅਤੇ ਰਘੂਨੰਦਨ ਲਾਲ ਨੰਦੀ ਸ਼ਾਮਲ ਹਨ।

ਘਟਨਾ ਦਾ ਪਤਾ ਲੱਗਦੇ ਹੀ ਡੀਆਈਜੀ ਸੁਖਚੈਨ ਸਿੰਘ ਗਿੱਲ, ਜ਼ਿਲ੍ਹਾ ਪੁਲੀਸ ਮੁਖੀ ਬਲਤੇਜ ਸਿੰਘ ਰਾਠੌਰ ਸਮੇਤ ਹੋਰ ਅਧਿਕਾਰੀ ਮੌਕੇ ਉਤੇ ਪੁੱਜੇ। ਪੁਲੀਸ ਨੇ ਮਹੰਤ ਰਮੇਸ਼ਵਰ ਦਾਸ, ਰਘੂਨੰਦਨ ਲਾਲ, ਰਮੇਸ਼ ਕੁਮਾਰ, ਹੇਮੰਤ ਕੁਮਾਰ ਉਰਫ਼ ਮਾਧੋ, ਭੁਵਨੇਸ਼ਵਰ ਦਾਸ ਉਰਫ਼ ਸੁਦਾਮਾ, ਦਿਆਲ ਦਾਸ ਮਹੰਤ, ਵਰਿੰਦਰ ਕੁਮਾਰ ਅਤੇ ਕਪਿਲ ਕੁਮਾਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੀੜਤ ਧਿਰ ਨੇ ਮੌਜੂਦਾ ਥਾਣਾ ਮੁਖੀ ਸੰਜੀਵ ਸਿੰਗਲਾ ਨੂੰ ਇਸ ਘਟਨਾ ਲਈ ਜ਼ਿੰਮੇਵਾਰ ਦੱਸਦਿਆਂ ਕਾਰਵਾਈ ਦੀ ਮੰਗ ਕੀਤੀ। ਐਸਐਚਓ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਲਾਈਨ ਹਾਜ਼ਰ ਕਰ ਦਿੱਤਾ ਗਿਆ। ਡੇਰੇ 'ਤੇ ਮਹੰਤ ਗੋਪਾਲ ਦਾਸ ਦਾ ਕਬਜ਼ਾ ਹੋ ਗਿਆ ਹੈ।

# ਭਾਰਤ ਨੇ ਪ੍ਰਗਟਾਇਆ ਖ਼ਦਸ਼ਾ-ਪਾਕਿ ਸੁਣਵਾਈ ਮੁਕੰਮਲ ਹੋਣ ਤੋਂ ਪਹਿਲਾਂ ਹੀ ਜਾਧਵ ਨੂੰ ਦੇ ਸਕਦਾ ਹੈ ਫਾਂਸੀ

**ਹੇਗ/ਬਿਊਰੋ ਨਿਊਜ਼ :** ਭਾਰਤ ਨੇ ਇਥੇ ਕੌਮਾਂਤਰੀ ਨਿਆਇਕ ਅਦਾਲਤ (ਆਈਸੀਜੇ) ਵਿੱਚ ਮੰਗ ਕੀਤੀ ਕਿ ਪਾਕਿਸਤਾਨ ਵੱਲੋਂ ਭਾਰਤੀ ਸ਼ਹਿਰੀ ਕੁਲਭੂਸ਼ਣ ਜਾਧਵ ਨੂੰ ਸੁਣਾਈ ਗਈ ਸਜ਼ਾ-ਏ-ਮੌਤ ਫ਼ੌਰੀ ਮੁਅੱਤਲ ਕੀਤੀ ਜਾਵੇ। ਭਾਰਤ ਨੇ ਖ਼ਦਸ਼ਾ ਜ਼ਾਹਰ ਕੀਤਾ ਕਿ ਕੌਮਾਂਤਰੀ ਅਦਾਲਤ ਵਿੱਚ ਮਾਮਲੇ ਦੀ ਸੁਣਵਾਈ ਪੂਰੀ ਹੋਣ ਤੋਂ ਪਹਿਲਾਂ ਹੀ ਪਾਕਿਸਤਾਨ ਵੱਲੋਂ ਜਾਧਵ ਨੂੰ ਫਾਂਸੀ ਲਾਈ ਜਾ ਸਕਦੀ ਹੈ ਤੇ ਉਸ ਨੂੰ ਸਫ਼ਾਰਤੀ ਪਹੁੰਚ ਮੁਹੱਈਆ ਨਾ ਕਰਵਾਏ ਜਾਣ ਨੂੰ ਭਾਰਤ ਨੇ ਵੀਏਨਾ ਕਨਵੈਨਸ਼ਨ ਦਾ ਉਲੰਘਣ ਦੱਸਿਆ। ਦੂਜੇ ਪਾਸੇ ਭਾਰਤ ਦੇ ਸਾਰੇ ਦਾਅਵਿਆਂ ਨੂੰ ਖ਼ਾਰਜ ਕਰਦਿਆਂ ਪਾਕਿਸਤਾਨ ਨੇ ਕਿਹਾ ਕਿ ਵੀਏਨਾ ਕਨਵੈਨਸ਼ਨ ਤਹਿਤ ਦਹਿਸ਼ਤੀ ਸਰਗਰਮੀਆਂ ਵਿੱਚ ਸ਼ਾਮਲ 'ਜਾਸੂਸ' ਨੂੰ ਸਫ਼ਾਰਤੀ ਪਹੁੰਚ ਦੇਣੀ ਜ਼ਰੂਰੀ ਨਹੀਂ ਹੈ।

ਭਾਰਤੀ ਨਾਗਰਿਕ ਤੇ ਸਮੁੰਦਰੀ ਫ਼ੌਜ ਦੇ ਸਾਬਕਾ ਅਧਿਕਾਰੀ ਜਾਧਵ (46) ਨੂੰ ਪਾਕਿਸਤਾਨ ਵੱਲੋਂ ਸੁਣਾਈ ਸਜ਼ਾ-ਏ-ਮੌਤ ਖ਼ਿਲਾਫ਼ ਭਾਰਤੀ ਅਪੀਲ ਉਤੇ ਆਈਸੀਜੇ ਵਿੱਚ ਸੁਣਵਾਈ ਸ਼ੁਰੂ ਹੋਈ। ਸਜ਼ਾ ਦਾ ਵਿਰੋਧ ਕਰਦਿਆਂ ਭਾਰਤ ਨੇ ਕਿਹਾ ਕਿ ਇਸ ਮਾਮਲੇ ਵਿੱਚ ਸਥਿਤੀ ਇੰਨੀ ਨਾਜ਼ੁਕ ਹੈ ਕਿ ਉਸ ਨੂੰ 'ਬੜੇ ਘੱਟ ਸਮੇਂ' ਵਿੱਚ ਕੌਮਾਂਤਰੀ ਅਦਾਲਤ ਦਾ ਬੂਹਾ ਖੜਕਾਉਣਾ ਪਿਆ ਹੈ। ਭਾਰਤ ਦਾ ਪੱਖ ਰੱਖਦਿਆਂ ਵਿਦੇਸ਼ ਮੰਤਰਾਲੇ ਦੇ ਸੰਯੁਕਤ ਸਕੱਤਰ ਦੀਪਕ ਮਿੱਤਲ ਨੇ ਕਿਹਾ, "ਜਾਧਵ ਨੂੰ ਢੁਕਵੀਂ ਕਾਨੂੰਨੀ ਸਹਾਇਤਾ ਲੈਣ ਤੇ ਸਫ਼ਾਰਤੀ ਪਹੁੰਚ ਦਾ ਹੱਕ ਹਾਸਲ ਨਹੀਂ ਹੋਇਆ। ਉਸ ਨੂੰ ਇਸ ਅਦਾਲਤ ਵੱਲੋਂ ਫ਼ੈਸਲਾ ਸੁਣਾਏ ਜਾਣ ਤੋਂ ਪਹਿਲਾਂ ਹੀ ਪਾਕਿਸਤਾਨ ਵੱਲੋਂ ਫਾਂਸੀ ਦੇ ਦਿੱਤੇ ਜਾਣ ਦਾ ਖ਼ਤਰਾ ਬਣਿਆ ਹੋਇਆ ਹੈ।" ਦੋਵੇਂ ਮੁਲਕ 18 ਸਾਲ ਬਾਅਦ ਆਈਸੀਜੇ ਵਿੱਚ ਆਹਮੋ-ਸਾਹਮਣੇ ਹੋਏ ਹਨ। ਇਸ ਤੋਂ ਪਹਿਲਾਂ ਪਾਕਿਸਤਾਨ ਨੇ ਆਪਣੀ ਸਮੁੰਦਰੀ ਸੈਨਾ ਦੇ ਹਵਾਈ ਜਹਾਜ਼ ਨੂੰ ਭਾਰਤ ਵੱਲੋਂ ਫੁੰਡੇ ਜਾਣ ਖ਼ਿਲਾਫ਼ ਕੌਮਾਂਤਰੀ ਅਦਾਲਤ ਦਾ ਦਖ਼ਲ ਮੰਗਿਆ ਸੀ। ਭਾਰਤ ਨੇ ਕਿਹਾ ਕਿ ਪਾਕਿਸਤਾਨ ਨੇ ਵੀਏਨਾ ਕਨਵੈਨਸ਼ਨ ਦਾ ਉਲੰਘਣ ਕਰਦਿਆਂ ਜਾਧਵ ਨੂੰ ਸਫ਼ਾਰਤੀ ਰਸਾਈ ਨਹੀਂ ਦਿੱਤੀ ਅਤੇ ਉਸ ਖ਼ਿਲਾਫ਼ 'ਹਾਸੋਹੀਣੇ' ਤੇ 'ਬਨਾਵਟੀ' ਸਬੂਤਾਂ ਦੇ ਆਧਾਰ ਉਤੇ ਮੁਕੱਦਮਾ ਚਲਾਇਆ ਗਿਆ। ਭਾਰਤੀ ਵਕੀਲ ਹਰੀਸ਼ ਸਾਲਵੇ ਨੇ ਕਿਹਾ, "ਜਦੋਂ ਇਹ ਅਦਾਲਤ ਅਪੀਲ ਉਤੇ ਸੁਣਵਾਈ ਕਰ ਰਹੀ ਹੋਵੇ ਤਾਂ ਫਾਂਸੀ ਦੀ ਸਜ਼ਾ ਨੂੰ ਅਮਲ ਵਿੱਚ ਨਹੀਂ ਲਿਆਂਦਾ ਜਾ ਸਕਦਾ। ਨਹੀਂ ਤਾਂ ਇਹ ਵੀਏਨਾ ਕਨਵੈਨਸ਼ਨ ਦਾ ਉਲੰਘਣ ਹੋਵੇਗਾ।" ਗੌਰਤਲਬ ਹੈ ਕਿ ਭਾਰਤ ਦੀਆਂ ਸਫ਼ਾਰਤੀ ਪਹੁੰਚ ਦੀਆਂ 16 ਬੇਨਤੀਆਂ ਨੂੰ ਪਾਕਿਸਤਾਨ ਠੁਕਰਾ ਚੁੱਕਾ ਹੈ। ਬੀਤੇ ਹਫ਼ਤੇ ਆਈਸੀਜੇ ਨੇ ਸਜ਼ਾ ਉਤੇ ਰੋਕ ਲਾ ਦਿੱਤੀ ਸੀ, ਜਿਸ ਤੋਂ ਬਾਅਦ ਮਾਮਲੇ ਉਤੇ ਇਹ ਫ਼ੌਰੀ ਸੁਣਵਾਈ ਹੋ ਰਹੀ ਹੈ। ਪਾਕਿਸਤਾਨ ਨੇ ਜਦੋਂ ਆਪਣਾ ਪੱਖ ਪੇਸ਼ ਕਰਦਿਆਂ ਜਾਧਵ ਦੇ ਇਕਬਾਲੀਆ ਬਿਆਨ ਦੀ ਵੀਡੀਓ ਚਲਾਉਣੀ ਚਾਹੀ ਤਾਂ ਅਦਾਲਤ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ। ਪਾਕਿਸਤਾਨ ਨੇ ਉਸ ਦੀ ਸਜ਼ਾ ਖ਼ਿਲਾਫ਼ ਦਾਇਰ ਅਪੀਲ ਨੂੰ 'ਬੇਲੋੜੀ ਤੇ ਗ਼ਲਤ ਢੰਗ ਨਾਲ ਪੇਸ਼' ਕੀਤੇ ਜਾਣ ਦਾ ਦੋਸ਼ ਲਾਉਂਦਿਆਂ ਮੰਗ ਕੀਤੀ ਕਿ ਅਪੀਲ ਖ਼ਾਰਜ ਕਰ ਦਿੱਤੀ ਜਾਵੇ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਮੁਹੰਮਦ ਫ਼ੈਸਲ ਨੇ ਦੋਸ਼ ਲਾਇਆ ਕਿ ਜਾਧਵ ਕੋਲੋਂ ਮਿਲੇ ਪਾਸਪੋਰਟ ਵਿੱਚ ਉਸ ਦਾ ਮੁਸਲਮਾਨੀ ਨਾਂ ਲਿਖਿਆ ਹੈ, ਜਿਸ ਬਾਰੇ ਭਾਰਤ ਨੇ ਕੋਈ ਸਫ਼ਾਈ ਨਹੀਂ ਦਿੱਤੀ। ਉਨ੍ਹਾਂ ਜਾਧਵ ਨੂੰ ਭਾਰਤੀ ਖ਼ੁਫ਼ੀਆ ਏਜੰਸੀ 'ਰਾਅ' ਦਾ ਏਜੰਟ ਕਰਾਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਵੱਲੋਂ ਇਸ ਅਦਾਲਤ ਨੂੰ 'ਸਿਆਸੀ ਡਰਾਮੇ' ਵਜੋਂ ਵਰਤਿਆ ਜਾ ਰਿਹਾ ਹੈ। ਪਾਕਿਸਤਾਨ ਦੇ ਵਕੀਲ ਖ਼ਾਵਰ ਕੁਰੈਸ਼ੀ ਨੇ ਕਿਹਾ ਕਿ ਜਾਧਵ ਉਤੇ ਪਾਕਿਸਤਾਨ ਵੱਲੋਂ ਲਾਏ ਗਏ ਦੋਸ਼ਾਂ ਦਾ ਭਾਰਤ ਨੇ ਕੋਈ ਜਵਾਬ ਨਹੀਂ ਦਿੱਤਾ ਤੇ ਪੂਰੀ ਤਰ੍ਹਾਂ ਚੁੱਪ ਧਾਰ ਲਈ ਹੈ।



### ਭਾਰਤੀ ਸਫ਼ੀਰ ਨੇ ਦੂਰੋਂ ਹੀ ਕੀਤਾ ਨਮਸਕਾਰ

ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿਚ ਆ ਚੁੱਕੀ ਠੰਢਕ ਇਥੇ ਉਦੋਂ ਜ਼ਾਹਰ ਹੋਈ ਜਦੋਂ ਇਥੇ ਕੌਮਾਂਤਰੀ ਨਿਆਇਕ ਅਦਾਲਤ ਵਿੱਚ ਕੁਲਭੂਸ਼ਣ ਜਾਧਵ ਦੇ ਕੇਸ ਦੀ ਸੁਣਵਾਈ ਦੌਰਾਨ ਪਾਕਿਤਸਾਨੀ ਵਫ਼ਦ ਦੇ ਅਧਿਕਾਰੀ ਵੱਲੋਂ ਹੱਥ ਮਿਲਾਉਣ ਲਈ ਕੱਢੇ ਜਾਣ ਉਤੇ ਭਾਰਤੀ ਸਫ਼ੀਰ ਨੇ ਦੂਰੋਂ ਹੀ ਨਮਸਕਾਰ ਆਖ ਸਾਰ ਦਿੱਤਾ। ਭਾਰਤੀ ਵਿਦੇਸ਼ ਮੰਤਰਾਲੇ ਵਿੱਚ ਸੰਯੁਕਤ ਸਕੱਤਰ ਦੀਪਕ ਮਿੱਤਲ, ਜੋ ਭਾਰਤ ਦੀ ਨੁਮਾਇੰਦਗੀ ਕਰ ਰਹੇ ਹਨ, ਨਾਲ ਜਦੋਂ ਨੀਦਰਲੈਂਡ ਵਿੱਚ ਪਾਕਿਸਤਾਨੀ ਸਫ਼ਾਰਤਖ਼ਾਨੇ ਦੇ ਅਧਿਕਾਰੀ ਸੱਯਦ ਫ਼ਰਾਜ਼ ਹੁਸੈਨ ਜ਼ੈਦੀ ਨੇ ਹੱਥ ਮਿਲਾਉਣਾ ਚਾਹਿਆ ਤਾਂ ਸ੍ਰੀ ਮਿੱਤਲ ਮਹਿਜ਼ ਹੱਥ ਜੋੜ ਕੇ ਅੱਗੇ ਵਧ ਗਏ।

# ਪਾਕਿ ਫ਼ੌਜੀਆਂ ਵਲੋਂ ਗੋਲੀਬਾਰੀ ਕਾਰਨ ਰਾਜੌਰੀ ਵਿੱਚ 2000 ਲੋਕ ਹੋਏ ਬੇਘਰ

**ਜੰਮੂ/ਬਿਊਰੋ ਨਿਊਜ਼ :** ਪਾਕਿਸਤਾਨੀ ਫੌਜੀਆਂ ਨੇ ਲਗਾਤਾਰ ਦੂਜੇ ਦਿਨ ਰਾਜੌਰੀ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ ਨਾਲ ਲਗਦੇ ਇਲਾਕਿਆਂ ਵਿੱਚ ਭਾਰੀ ਗੋਲੀਬਾਰੀ ਕੀਤੀ। ਇਸ ਕਾਰਨ ਕਈ ਇਮਾਰਤਾਂ ਨੂੰ ਨੁਕਸਾਨ ਪੁੱਜਿਆ ਅਤੇ ਤਕਰੀਬਨ 2000 ਸਰਹੱਦੀ ਵਾਸੀਆਂ ਨੂੰ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਭਾਰਤੀ ਫੌਜ ਨੇ ਵੀ ਇਸ ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਜਵਾਬ ਦਿੱਤਾ। ਪਾਕਿ ਫੌਜ ਨੇ ਨੌਸ਼ਹਿਰਾ ਇਲਾਕੇ ਵਿੱਚ ਕੰਟਰੋਲ ਰੇਖਾ ਉਤੇ ਰਿਹਾਇਸ਼ੀ ਇਲਾਕਿਆਂ ਤੇ ਫੌਜੀ ਚੌਕੀਆਂ ਉਤੇ ਮੋਰਟਾਰ ਦਾਗ਼ੇ ਸਨ, ਜਿਸ ਕਾਰਨ ਦੋ ਨਾਗਰਿਕ ਮਾਰੇ ਗਏ ਅਤੇ ਤਿੰਨ ਜ਼ਖ਼ਮੀ ਹੋਏ। ਰੱਖਿਆ ਬੁਲਾਰੇ ਨੇ ਕਿਹਾ ਕਿ ਪਾਕਿਸਤਾਨ ਫੌਜ ਨੇ ਰਾਜੌਰੀ ਸੈਕਟਰ ਵਿੱਚ 82 ਐਮਐਮ ਤੇ 120 ਐਮਐਮ ਮੋਰਟਾਰ ਦਾਗੇ ਅਤੇ ਛੋਟੇ ਹਥਿਆਰਾਂ ਨਾਲ ਅੰਨ੍ਹੇਵਾਹ ਗੋਲੀਬਾਰੀ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਨੇ ਇਸ ਦਾ ਸਖ਼ਤੀ ਨਾਲ ਜਵਾਬ ਦਿੱਤਾ। ਰਾਜੌਰੀ ਦੇ ਡਿਪਟੀ ਕਮਿਸ਼ਨਰ ਸ਼ਾਹਿਦ ਇਕਬਾਲ ਚੌਧਰੀ ਨੇ ਕਿਹਾ ਕਿ ਰਾਜੌਰੀ ਵਿੱਚ ਚਿੰਗੁਸ ਦੇ 'ਚਿੱਟੀਬਕਰੀ' ਇਲਾਕੇ ਵਿੱਚ ਗੋਲੀਬੰਦੀ ਦੀ ਤਾਜ਼ਾ ਉਲੰਘਣਾ ਹੋਈ। ਉਨ੍ਹਾਂ ਕਿਹਾ ਕਿ ਗੋਲਾਬਾਰੀ ਕਾਰਨ ਇਮਾਰਤਾਂ ਨੂੰ ਕਾਫ਼ੀ ਨੁਕਸਾਨ ਪੁੱਜਿਆ। ਰਾਹਤ ਕੈਂਪਾਂ ਵਿੱਚ ਲੋਕਾਂ ਦੀ ਗਿਣਤੀ ਵਧ ਕੇ 978 ਹੋ ਗਈ। ਹੁਣ ਤੱਕ ਤਿੰਨ ਪਿੰਡਾਂ ਦੇ 259 ਪਰਿਵਾਰਾਂ ਨੂੰ ਕੱਢਿਆ ਗਿਆ ਹੈ। ਨੌਸ਼ਿਹਰਾ ਸੈਕਟਰ ਦੇ 51 ਸਕੂਲ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ, ਜਦੋਂ ਕਿ ਮੰਜਕੋਟ ਅਤੇ ਡੂੰਗੀ ਜ਼ੋਨਾਂ ਵਿੱਚ 36 ਸਕੂਲਾਂ ਨੂੰ ਤਿੰਨ ਦਿਨਾਂ ਲਈ ਬੰਦ ਕੀਤਾ ਗਿਆ ਹੈ। ਇਨ੍ਹਾਂ 87 ਸਕੂਲਾਂ ਵਿੱਚ 4600 ਵਿਦਿਆਰਥੀ ਪੜ੍ਹਦੇ ਹਨ।



ਪਾਕਿਸਤਾਨੀ ਗੋਲਾਬਾਰੀ ਮਗਰੋਂ ਰਾਜੌਰੀ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ ਨੇੜੇ ਪੈਂਦੇ ਇਲਾਕਿਆਂ ਵਿੱਚੋਂ ਇਕ ਹਜ਼ਾਰ ਬਸ਼ਿੰਦਿਆਂ ਨੂੰ ਸੁਰੱਖਿਅਤ ਥਾਵਾਂ ਉਤੇ ਪਹੁੰਚਾਇਆ ਗਿਆ ਹੈ। ਕੈਂਪਾਂ ਵਿੱਚ ਰਾਸ਼ਨ, ਖਾਣਾ ਬਣਾਉਣ, ਪੀਣ ਵਾਲੇ ਪਾਣੀ, ਸਫ਼ਾਈ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਪ੍ਰਬੰਧ ਕੀਤਾ ਗਿਆ ਹੈ। ਹੁਣ ਤੱਕ ਤਿੰਨ ਕੈਂਪ ਕਾਰਜਸ਼ੀਲ ਹਨ ਅਤੇ ਪ੍ਰਭਾਵਤ ਪਿੰਡਾਂ ਤੋਂ ਹਿਜਰਤ ਵਧਣ ਦੀ ਸੰਭਾਵਨਾ ਕਾਰਨ 28 ਹੋਰ ਕੈਂਪ ਨੋਟੀਫਾਈ ਕੀਤੇ ਗਏ ਹਨ।

# ਪੁਲੀਸ ਵਧੀਕੀ ਦਾ ਸ਼ਿਕਾਰ ਫੁਟਬਾਲਰ ਅਫ਼ਸ਼ਾਂ ਨੇ ਚੁੱਕੇ ਪੱਥਰ

*ਕਿਹਾ-ਜੇ ਅਗਾਂਹ ਵੀ ਅਜਿਹਾ ਹੋਇਆ ਤਾਂ ਪੱਥਰ ਚੁੱਕਣ ਤੋਂ ਸੰਗੇਗੀ ਨਹੀਂ*

**ਸ੍ਰੀਨਗਰ/ਬਿਊਰੋ ਨਿਊਜ਼ :** ਫੁਟਬਾਲਰ ਅਫ਼ਸ਼ਾਨ ਆਸ਼ਿਕ, ਜਿਸ ਨੂੰ ਇਸ ਖੇਡ ਦਾ ਹੁਨਰ ਰੱਬੀ ਦਾਤ ਹੈ, ਨੇ ਤਿੰਨ ਹਫ਼ਤੇ ਪਹਿਲਾਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਪੱਥਰ ਚੁੱਕਿਆ। ਪੁਲੀਸ ਮੁਲਾਜ਼ਮਾਂ 'ਤੇ ਪੱਥਰ ਸੁੱਟਦਿਆਂ ਦੀ ਕੈਮਰੇ ਵਿਚ ਕੈਦ ਉਹਦੀ ਤਸਵੀਰ ਵਾਦੀ ਵਿੱਚ ਪੱਥਰਬਾਜ਼ਾਂ ਦੀ ਦਿੱਖ ਨੂੰ ਨਵੇਂ ਰੂਪ ਵਿਚ ਪਰਿਭਾਸ਼ਤ ਕਰਦੀ ਹੈ। 21 ਸਾਲਾਂ ਨੂੰ ਢੁੱਕੀ ਫੁਟਬਾਲ ਕੋਚ ਨੇ ਬੀਤੇ ਦਿਨ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨਾਲ ਟੂਰਿਸਟ ਰਿਸੈਪਸ਼ਨ ਸੈਂਟਰ ਦੇ ਮੈਦਾਨ 'ਤੇ ਮੁਲਾਕਾਤ ਕੀਤੀ। ਰਾਜ ਦੀ ਮੁੱਖ ਮੰਤਰੀ ਨਾਲ ਗੁਫ਼ਤਗੂ ਦੌਰਾਨ ਅਫ਼ਸ਼ਾਨ ਨੇ ਜਿੱਥੇ ਉਸ ਨੇ ਪੱਥਰ ਚੁੱਕਣ ਨੂੰ ਲੈ ਕੇ ਆਪਣੇ ਹਿੱਸੇ ਦੀ ਕਹਾਣੀ ਬਿਆਨ ਕੀਤੀ, ਉਥੇ ਖਿਡਾਰੀਆਂ ਖ਼ਾਸ ਕਰਕੇ ਲੜਕੀਆਂ ਲਈ ਬਿਹਤਰ ਬੁਨਿਆਦੀ ਢਾਂਚਾ ਯਕੀਨੀ ਬਣਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਇਥੇ ਵਿਸ਼ੇਸ਼ ਬੱਚਿਆਂ ਤੇ ਫੁਟਬਾਲਰਾਂ ਲਈ ਲੱਗੇ ਵਿਸ਼ੇਸ਼ ਕੈਂਪ ਦੌਰਾਨ ਉਨ੍ਹਾਂ ਨੂੰ ਮਿਲਣ ਲਈ ਹੀ ਮੈਦਾਨ 'ਤੇ ਆਏ ਸਨ।



ਪਟਿਆਲਾ ਦੇ ਉੱਘੇ ਨੈਸ਼ਨਲ ਇੰਸਟੀਚਿਊਟਸ ਆਫ਼ ਸਪੋਰਟਸ (ਐਨਆਈਐਸ) ਤੋਂ ਸਿਖਲਾਈ ਯਾਫ਼ਤਾ ਆਸ਼ਿਕ ਨੇ ਕਿਹਾ, 'ਮੈਂ ਉਸ ਮੰਦਭਾਗੇ ਦਿਨ ਜੋ ਕੁਝ ਕੀਤਾ, ਮੈਨੂੰ ਉਸ ਬਾਰੇ ਕੋਈ ਪਛਤਾਵਾ ਨਹੀਂ। ਉਹ ਤਾਂ ਮੌਕੇ ਤੇ ਹਾਲਾਤ ਮੁਤਾਬਕ ਮੇਰੇ ਵੱਲੋਂ ਦਿੱਤਾ ਗਿਆ ਜਵਾਬ (ਪ੍ਰਤੀਕਰਮ) ਸੀ।' ਫੁਟਬਾਲਰ, ਜੋ ਕਿ ਕਸ਼ਮੀਰ ਐਫ਼ਸੀ ਅਕੈਡਮੀ ਨਾਂ ਦੀ ਸੰਸਥਾ ਚਲਾਉਂਦੀ ਹੈ, ਵੱਲੋਂ 70 ਨੌਜਵਾਨਾਂ (ਜਿਨ੍ਹਾਂ ਵਿੱਚ 40 ਲੜਕੀਆਂ ਤੇ 30 ਲੜਕੇ ਹਨ) ਨੂੰ ਕੋਚਿੰਗ ਦਿੱਤੀ ਜਾਂਦੀ ਹੈ। ਹਾਲਾਂਕਿ ਕੋਚਿੰਗ ਦੇ ਨਾਲ ਹੀ ਉਹ ਮੌਲਾਨਾ ਆਜ਼ਾਦ ਰੋਡ 'ਤੇ ਮਹਿਲਾ ਕਾਲਜ ਵਿੱਚ ਗਰੈਜੂਏਸ਼ਨ ਦੀ ਡਿਗਰੀ ਵੀ ਕਰ ਰਹੀ ਹੈ। ਵਿਦਿਆਰਥੀਆਂ ਤੇ ਸਲਾਮਤੀ ਦਸਤਿਆਂ ਦਰਮਿਆਨ ਸ਼ਹਿਰ ਦੇ ਵਿੱਚੋ ਵਿੱਚ ਹੋਏ ਟਕਰਾਅ ਮੌਕੇ ਖਿੱਚੀ ਗਈ ਉਹਦੀ ਤਸਵੀਰ ਕਈ ਮੁਕਾਮੀ ਤੇ ਕੌਮੀ ਅਖ਼ਬਾਰਾਂ ਵਿੱਚ ਨਸ਼ਰ ਹੋਣ ਦੇ ਨਾਲ ਸੋਸ਼ਲ ਨੈੱਟਵਰਕਿੰਗ ਸਾਈਟਾਂ 'ਤੇ ਵੀ ਵਾਇਰਲ ਹੋ ਚੁੱਕੀ ਹੈ।

ਆਸ਼ਿਕ ਨੇ ਦੱਸਿਆ, 'ਮੈਂ ਅਤੇ ਕੁਝ ਵਿਦਿਆਰਥੀਆਂ ਦਾ ਗੁੱਟ ਪ੍ਰੈਕਟਿਸ ਲਈ ਟੀਆਰਸੀ ਗਰਾਊਂਡ ਜਾ ਰਿਹਾ ਸੀ ਕਿ ਅਸੀਂ ਵਿਦਿਆਰਥੀਆਂ ਤੇ ਸਲਾਮੀ ਦਸਤਿਆਂ ਵਿੱਚ ਚੱਲ ਰਹੇ ਟਕਰਾਅ ਵਿੱਚ ਫ਼ਸ ਗਏ। ਇਕ ਪੁਲੀਸ ਮੁਲਾਜ਼ਮ ਨੇ ਸਾਨੂੰ ਕੁਝ ਬੁਰਾ ਭਲਾ ਕਿਹਾ ਤੇ ਮੇਰੇ ਇਕ ਵਿਦਿਆਰਥੀ ਨੂੰ ਥੱਪੜ ਜੜ ਦਿੱਤਾ। ਮੈਨੂੰ ਇਸ ਨਾਲ ਗੁੱਸਾ ਆ ਗਿਆ।' ਉਸ ਨੇ ਕਿਹਾ, 'ਅਸੀਂ ਪੱਥਰਬਾਜ਼ੀ ਆਪਣੇ ਬਚਾਅ ਅਤੇ ਇਹ ਸੁਨੇਹਾ ਦੇਣ ਲਈ ਕੀਤੀ ਸੀ ਕਿ ਲੜਕੀਆਂ ਨੂੰ ਕਿਸੇ ਪੱਖੋਂ ਵੀ ਕਮਜ਼ੋਰ ਨਾ ਸਮਝਿਆ ਜਾਵੇ।' ਆਸ਼ਿਕ ਨੇ ਕਿਹਾ ਕਿ ਉਸ ਨੂੰ ਵਧੇਰੇ ਪੀੜ ਇਸ ਗੱਲ ਦੀ ਹੋਈ ਕਿ ਬੁਰਾ ਭਲਾ ਕਹਿਣ ਵਾਲਾ ਪੁਲੀਸਵਾਲਾ ਕਸ਼ਮੀਰੀ ਹੋਣ ਦੇ ਨਾਲ ਨਾਲ ਮੁਸਲਮਾਨ ਵੀ ਸੀ। ਉਸ ਨੇ ਕਿਹਾ, 'ਅਸੀਂ ਕਿਸੇ ਸੀਆਰਪੀਐਫ਼ ਜਾਂ ਫ਼ੌਜੀ ਨੂੰ ਨਿਸ਼ਾਨਾ ਨਹੀਂ ਬਣਾਇਆ ਤੇ ਇਹ ਤਾਂ ਪੁਲੀਸ ਵਧੀਕੀਆਂ ਖ਼ਿਲਾਫ਼ ਸਾਡਾ ਸਹਿਜ ਸੁਭਾਅ ਪ੍ਰਤੀਕਰਮ ਸੀ।' ਅਫ਼ਸ਼ਾਨਾ ਨੇ ਕਿਹਾ, 'ਮੈਂ ਇਕ ਖਿਡਾਰੀ ਹਾਂ ਤੇ ਮੇਰਾ ਹੋਰ ਕਿਸੇ ਚੀਜ਼ ਨਾਲ ਕੋਈ ਲਾਗਾ ਦੇਗਾ ਨਹੀਂ। ਮੈਂ ਸਰਕਾਰ ਖ਼ਿਲਾਫ਼ ਨਹੀਂ ਹਾਂ।' ਹਾਲਾਂਕਿ ਨੌਜਵਾਨ ਕੋਚ ਨੇ ਕਿਹਾ ਕਿ ਜੇਕਰ ਉਸ ਨੂੰ ਲੱਗਿਆ ਕਿ ਉਸ ਦੇ ਵਿਦਿਆਰਥੀਆਂ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਹੈ ਤਾਂ ਉਹ ਮੁੜ ਪੱਥਰ ਚੁੱਕਣ ਤੋਂ ਨਹੀਂ ਸੰਗੇਗੀ। ਉਂਜ ਅਫ਼ਸ਼ਾਨਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਸ ਦੀ ਗੱਲ ਸੁਣਨ ਮਗਰੋਂ ਆਪਣੇ ਵਿਦਿਆਰਥੀਆਂ ਦੀ ਰੱਖਿਆ ਕਰਨ ਲਈ ਉਹਨੂੰ ਹੱਲਾਸ਼ੇਰੀ ਦਿੱਤੀ। ਮੁੱਖ ਮੰਤਰੀ ਨੇ ਮਹਿਲਾਵਾਂ ਨੂੰ ਖੇਡਾਂ ਵਿਚ ਵਧੇਰੇ ਬਿਹਤਰ ਸਹੂਲਤਾਂ ਤੇ ਪੱਕੀ ਨੌਕਰੀ ਦੇਣ ਦੀ ਅਫ਼ਸ਼ਾਨਾ ਦੀ ਮੰਗ ਨੂੰ ਵਿਚਾਰਨ ਦਾ ਵੀ ਭਰੋਸਾ ਦਿੱਤਾ ਹੈ।

# ਰਾਈਆ ਟਰਾਂਸਪੋਰਟ ਕੰਪਨੀ ਦੀ ਏ.ਸੀ. ਬੱਸ ਨੂੰ ਅੱਗ ਲੱਗਣ ਕਾਰਨ ਤਿੰਨ ਮੁਸਾਫਰ ਜਿਊਂਦੇ ਸੜੇ, ਦੋ ਦਰਜਨ ਤੋਂ ਵੱਧ ਜ਼ਖ਼ਮੀ

### ਬੱਸ ਮਾਲਕ ਤੇ ਡਰਾਈਵਰ ਗ੍ਰਿਫ਼ਤਾਰੀ ਮਗਰੋਂ ਤੁਰੰਤ ਜ਼ਮਾਨਤ 'ਤੇ ਰਿਹਾਅ

**ਰਾਮਪੁਰਾ ਫੂਲ/ਬਿਊਰੋ ਨਿਊਜ਼ :** ਇੱਥੇ ਰੇਲਵੇ ਫਾਟਕਾਂ ਕੋਲ ਇਕ ਪ੍ਰਾਈਵੇਟ ਕੰਪਨੀ ਦੀ ਏਅਰਕੰਡੀਸ਼ਿਨਡ ਬੱਸ ਨੂੰ ਅੱਗ ਲੱਗਣ ਕਾਰਨ ਤਿੰਨ ਮੁਸਾਫਰ ਜਿਊਂਦੇ ਸੜ ਗਏ, ਜਦੋਂ ਕਿ ਦੋ ਦਰਜਨ ਤੋਂ ਵੱਧ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿਚੋਂ ਸੱਤ ਮੁਸਾਫਰਾਂ ਦੀ ਹਾਲਤ ਨਾਜ਼ੁਕ ਦੱਸੀ ਗਈ ਹੈ, ਜਿਨ੍ਹਾਂ ਵਿਚੋਂ ਚਾਰ ਗੰਭੀਰ ਜ਼ਖ਼ਮੀਆਂ ਨੂੰ ਲੁਧਿਆਣਾ ਦੇ ਦਯਾਨੰਦ ਹਸਪਤਾਲ ਅਤੇ ਤਿੰਨ ਜ਼ਖ਼ਮੀਆਂ ਨੂੰ ਭੁੱਚੋ ਦੇ ਆਦੇਸ਼ ਹਸਪਤਾਲ ਭੇਜਿਆ ਗਿਆ ਹੈ। ਉਧਰ ਪੁਲੀਸ ਨੇ ਰਈਆ ਬੱਸ ਮਾਲਕ ਗੁਰਮੇਲ ਸਿੰਘ ਤੇ ਡਰਾਈਵਰ ਚਰਨਜੀਤ ਸਿੰਘ ਨੂੰ ਗ੍ਰਿਫ਼ਤਾਰੀ ਮਗਰੋਂ ਕੁਝ ਘੰਟਿਆਂ ਅੰਦਰ ਹੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਰਾਈਆ ਟਰਾਂਸਪੋਰਟ ਕੰਪਨੀ (ਆਰਟੀਸੀ) ਦੀ ਏਅਰਕੰਡੀਸ਼ਨਡ ਬੱਸ ਬਠਿੰਡਾ ਤੋਂ ਲੁਧਿਆਣਾ ਜਾ ਰਹੀ ਸੀ। ਸੂਤਰਾਂ ਮੁਤਾਬਕ ਯਾਤਰੀਆਂ ਨਾਲ ਭਰੀ ਹੋਈ ਇਹ ਬੱਸ ਜਿਉਂ ਹੀ ਰਾਮਪੁਰਾ ਫੂਲ ਰੇਲਵੇ ਫਾਟਕਾਂ ਕੋਲ ਪੁੱਜੀ ਤਾਂ ਇਸ ਵਿਚੋਂ ਅੱਗ ਦੇ ਭਾਂਬੜ ਨਿਕਲਦੇ ਦਿਖਾਈ ਦਿੱਤੇ। ਚਸ਼ਮਦੀਦਾਂ ਅਨੁਸਾਰ ਘਟਨਾ ਸਥਾਨ ਤੋਂ ਕਿਲੋਮੀਟਰ ਪਿੱਛੇ ਹੀ ਬੱਸ ਵਿਚੋਂ ਧੂੰਆਂ ਨਿਕਲਦਾ ਦਿਖਾਈ ਦਿੱਤਾ ਪਰ ਡਰਾਈਵਰ ਨੇ ਬੱਸ ਰੋਕ ਕੇ ਚੈੱਕ ਕਰਨ ਦੀ ਥਾਂ ਰਾਮਪੁਰਾ ਫੂਲ ਦਾ ਰੇਲਵੇ ਫਾਟਕ ਪਾਸ ਕਰਨ ਦੀ ਕਾਹਲ ਕੀਤੀ। ਲੋਕਾਂ ਦੇ ਦੱਸਣ ਮੁਤਾਬਕ ਇਸ ਕਥਿਤ ਲਾਪ੍ਰਵਾਹੀ ਕਾਰਨ ਬੱਸ ਜਿਉਂ ਹੀ ਰੇਲਵੇ ਫਾਟਕਾਂ ਤੱਕ ਪੁੱਜੀ ਤਾਂ ਅੱਗ ਦੀਆਂ ਉੱਚੀਆਂ ਉੱਚੀਆਂ ਲਾਟਾਂ ਦਿਖਾਈ ਦਿੱਤੀਆਂ। ਡਰਾਈਵਰ ਨੇ ਜਦੋਂ ਹਾਈਡਰੌਲਿਕ ਤਾਕੀਆਂ ਖੋਲ੍ਹੀਆਂ ਤਾਂ ਅੱਗ ਨੇ ਯਾਤਰੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਯਕਦਮ ਹਫੜਾ ਦਫੜੀ ਮੱਚਣ ਕਾਰਨ ਯਾਤਰੀ ਬੱਸ ਵਿੱਚੋਂ ਉਤਰਨ ਲਈ ਇਕ ਦੂਜੇ ਤੋਂ ਅੱਗੇ ਲੰਘਣ ਦਾ ਯਤਨ ਕਰਨ ਲੱਗੇ। ਜਿਉਂ ਹੀ ਇਸ ਘਟਨਾ ਦਾ ਪਤਾ ਆਮ ਲੋਕਾਂ ਨੂੰ ਲੱਗਿਆ ਤਾਂ ਵੱਡੀ ਗਿਣਤੀ ਲੋਕੀਂ ਜ਼ਖ਼ਮੀਆਂ ਦੀ ਸਹਾਇਤਾ ਲਈ ਪੁੱਜੇ। ਲੋਕਾਂ ਨੇ ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲਾਂ ਵਿੱਚ ਪਹੁੰਚਾਉਣ ਦੇ ਪ੍ਰਬੰਧ ਕੀਤੇ। ਰਾਮਪੁਰਾ ਫੂਲ ਦੇ ਹਸਪਤਾਲਾਂ ਵਿੱਚ ਲਿਆਂਦੇ ਗਏ ਜ਼ਖ਼ਮੀਆਂ ਦੇ ਇਲਾਜ ਲਈ ਵਧੀਆ ਪ੍ਰਬੰਧ ਨਾ ਹੋਣ ਕਾਰਨ ਚਾਰ ਜਣਿਆਂ ਨੂੰ ਦਯਾਨੰਦ ਹਸਪਤਾਲ ਲੁਧਿਆਣਾ ਅਤੇ ਤਿੰਨ ਨੂੰ ਆਦੇਸ਼ ਹਸਪਤਾਲ ਭੁੱਚੋ ਭੇਜਿਆ ਗਿਆ ਹੈ। ਹੋਰ ਮਰੀਜ਼ਾਂ ਨੂੰ ਵੀ ਬਾਹਰਲੇ ਹਸਪਤਾਲਾਂ ਵਿੱਚ ਭੇਜਣ ਦੇ ਯਤਨ ਕੀਤੇ ਜਾ ਰਹੇ ਹਨ। ਘਟਨਾ ਵਿੱਚ ਨਿੱਜੀ ਕੰਪਨੀ ਦੀ ਬੱਸ ਪੂਰੀ ਤਰ੍ਹਾਂ ਸੜ ਗਈ। ਰਾਮਪੁਰਾ ਫੂਲ ਤੋਂ ਇਲਾਵਾ ਤਾਪ ਬਿਜਲੀ ਘਰ ਲਹਿਰਾ ਮੁਹੱਬਤ ਤੋਂ ਆਈਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ। ਹਸਪਤਾਲ ਵਿੱਚ ਮਰੀਜ਼ਾਂ ਦਾ ਹਾਲ ਜਾਣਨ ਲਈ ਪੁਲੀਸ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ, ਐਸਪੀਡੀ ਬਿਕਰਮਜੀਤ ਸਿੰਘ ਅਤੇ ਹੋਰ ਅਧਿਕਾਰੀ ਪੁੱਜੇ। ਘਟਨਾ ਤੋਂ ਤੁਰੰਤ ਬਾਅਦ ਬੱਸ ਦਾ ਡਰਾਈਵਰ ਫਰਾਰ ਹੋ ਗਿਆ। ਜ਼ਿਕਰਯੋਗ ਹੈ ਕਿ 14 ਅਕਤੂਬਰ 1988 ਨੂੰ ਨਥਾਣਾ ਦੇ ਪਿੰਡ ਕਲਿਆਣ ਮਲਕਾ ਨੇੜੇ ਪੰਜਾਬ ਰੋਡਵੇਜ਼ ਦੀ ਜਲੰਧਰ ਤੋਂ ਬਠਿੰਡਾ ਜਾ ਰਹੀ ਬੱਸ ਨੂੰ ਵੀ ਅਚਾਨਕ ਅੱਗ ਲੱਗ ਗਈ ਸੀ, ਜਿਸ ਵਿੱਚ 14 ਯਾਤਰੀ ਜਿਊਂਦੇ ਸੜ ਗਏ ਸਨ।



ਬੱਸ ਦਾ ਚਾਲਕ ਤੇ ਮਾਲਕ ਦੋਵੇਂ ਰਿਹਾਅ ਕਿਉਂ ਕੀਤੇ ? : ਭਿਆਨਕ ਸੜਕ ਹਾਦਸੇ ਵਿਚ ਮੁਲਜ਼ਮ ਪਾਏ ਗਏ ਬੱਸ ਚਾਲਕ ਚਰਨਜੀਤ ਸਿੰਘ ਅਤੇ ਮਾਲਕ ਗੁਰਮੇਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਪਰ ਇਕ ਘੰਟੇ ਬਾਅਦ ਹੀ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਵੀ ਕਰ ਦਿੱਤਾ ਗਿਆ, ਜਦਕਿ ਕੰਡਕਟਰ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਸਬੰਧੀ ਇਕ ਕਾਂਗਰਸੀ ਆਗੂ ਮਨਦੀਪ ਝੁੰਬਾ ਨੇ ਕਿਹਾ ਕਿ ਉਕਤ ਹਾਦਸਾ ਬੱਸ ਚਾਲਕ ਦੀ ਲਾਪ੍ਰਵਾਹੀ ਕਾਰਨ ਵਾਪਰਿਆ ਪਰ ਉਸ ਵਿਰੁੱਧ ਮਾਮੂਲੀ ਧਾਰਾਵਾਂ ਤਹਿਤ ਹੀ ਮੁਕੱਦਮਾ ਦਰਜ ਕੀਤਾ ਗਿਆ, ਜਿਸ ਨੂੰ ਰਿਹਾਅ ਵੀ ਕਰ ਦਿੱਤਾ ਗਿਆ। ਚਾਲਕ ਨੇ ਨਾ ਸਿਰਫ਼ ਲਾਪ੍ਰਵਾਹੀ ਕੀਤੀ ਬਲਕਿ ਆਪਣੀ ਜਾਨ ਬਚਾਅ ਕੇ ਫਰਾਰ ਹੋ ਗਿਆ, ਜਦਕਿ ਉਸ ਦਾ ਫਰਜ਼ ਲੋਕਾਂ ਨੂੰ ਬਚਾਉਣ ਦਾ ਵੀ ਬਣਦਾ ਸੀ। ਇਸ ਤੋਂ ਇਲਾਵਾ ਕੰਡਕਟਰ ਨੇ ਵੀ ਸਿਰਫ ਆਪਣੀ ਜਾਨ ਬਚਾਉਣ ਨੂੰ ਹੀ ਤਰਜੀਹ ਦਿੱਤੀ, ਜਦਕਿ ਉਸ ਦਾ ਫਰਜ਼ ਵੀ ਸਵਾਰੀਆਂ ਨੂੰ ਬਚਾਉਣ ਦਾ ਹੀ ਬਣਦਾ ਸੀ। ਇਸ ਲਈ ਉਕਤ ਵਿਰੁੱਧ ਤਾਂ ਕਤਲ ਦਾ ਮਾਮਲਾ ਹੀ ਦਰਜ ਹੋਣਾ ਚਾਹੀਦਾ ਸੀ ਤੇ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

## ਮੁੰਨੀ ਵਿਚਾਰੀ ਕੀ ਕਰੇ

### ਇਹ ਮੇਰਾ ਨਾਨਕਾ ਘਰ ਹੈ -

### (ਭਾਗ ਚੌਥਾ)

ਖੁਲ੍ਹੀ ਜਿਹੀ ਡਿਓਢੀ ਲੰਘ – ਅੱਗੇ ਵੱਡਾ ਸਾਰਾ ਵਿਹੜਾ ਹੈ। ਵਿਹੜੇ ਵੜਦੇ ਸਾਰ – ਖੱਬੇ ਹੱਥ ਖ਼ੁਰਾ – ਨਾਲ ਟੋਕੇ ਵਾਲਾ ਛਤੜਾ – ਨਾਲ ਰਸੋਈ – ਝਰੋਖੇਦਾਰ ਓਟੇ ਵਾਲੀ – ਓਟੇ ਤੋਂ ਬਾਹਰਵਾਰ ਵੀ ਇਕ ਚੁੱਲ੍ਹਾ ਹੈ। ਆਮ ਇਹਦੇ ਉੱਤੇ ਡੰਗਰਾਂ ਜੋਗਾ ਕੁਝ ਰਿਝਦਾ ਪੱਕਦਾ ਰਹਿੰਦਾ ਹੈ – ਹਰ ਵੇਲੇ।

ਡਿਓਢੀ ਨਾਲ ਸੱਜੇ ਹੱਥ ਡੰਗਰਾਂ ਦਾ ਕੋਠਾ ਹੈ – ਤੇ ਮੂਹਰੇ ਵਰਾਂਡਾ – ਪੱਕੀਆਂ ਖ਼ੁਰਲੀਆਂ ਵਾਲਾ।

ਖ਼ੁਰਲੀਆਂ ਵਿਚ ਅਕਸਰ (ਪਾਕਿਸਤਾਨੀ) ਲੂਣ ਦੇ ਵੱਡੇ ਵੱਡੇ ਢੇਲੇ ਪਏ ਰਹਿੰਦੇ ਹਨ – ਜਿਨ੍ਹਾਂ ਨੂੰ ਬਲਦਾਂ ਨੇ ਚੱਟ ਚੱਟ ਕਟੋਰੀਆਂ ਵਿਚ ਬਦਲ ਦਿੱਤਾ ਹੋਇਆ ਹੈ – ਧੁੱਪ ਵਿਚ ਇਹ ਕਟੋਰੇ ਸ਼ੀਸ਼ਿਆਂ ਵਾਂਗ ਚਮਕਦੇ ਹਨ – ਇਨ੍ਹਾਂ ਮੁਲਾਇਮ ਮੁਲਾਇਮ ਕਟੋਰਿਆਂ ਵਿਚ ਹੱਥ ਫੇਰ ਫੇਰ ਖੇਡਣਾ ਮੈਨੂੰ ਬਹੁਤ ਚੰਗਾ ਲੱਗਦਾ ਹੈ – ਨਾਲ ਦੀ ਸੱਜੇ ਹੱਥ ਵਾਲੀ ਕੰਧ ਖੇਤਾਂ ਨੂੰ ਲਗਦੀ ਹੈ – ਕੰਧ ਦੇ ਅੰਦਰ ਵਾਲ ਇਕ ਵੱਡਾ ਸਾਰਾ ਸ਼ਹਿਤੂਤ ਹੈ – ਮੋਟੇ ਮੋਟੇ ਚਿੱਟੇ ਚਿੱਟੇ, ਮਿੱਠੇ ਮਿੱਠੇ ਸ਼ਹਿਤੂਤਾਂ ਵਾਲਾ – ਇੱਥੋਂ ਮੂਹਰਿਓਂ ਹੀ ਉਪਰ ਚੁਬਾਰੇ ਵੱਲ ਨੂੰ ਪੱਕੀ ਪੌੜੀ ਚੜ੍ਹਦੀ ਹੈ।

ਵਿਹੜੇ ਦੇ ਐਨ ਸਾਹਮਣੇ – ਵੱਡਾ ਸਾਰਾ ਵਰਾਂਡਾ ਹੈ – ਪਿੱਛੋਂ ਦੋ ਦਲਾਨ – ਦਲਾਨਾਂ ਪਿੱਛੋਂ ਕੋਠੜੀਆਂ – ਵਰਾਂਡਾ ਗੋਲ ਡਾਟਾਂ ਵਾਲਾ ਹੈ ਤੇ ਵਿਚਕਾਰ ਕਿੱਲੀਆਂ ਆਲ਼ਿਆਂ ਵਾਲੇ ਥਮਲੇ ਹਨ। ਡਾਟਾਂ ਉਪਰ ਤਿੰਨ ਵੱਡੀਆਂ ਵੱਡੀਆਂ ਗੂਹੜੇ ਰੰਗਾਂ ਦੀਆਂ ਪੱਥਰ ਦੀ ਨਿਕਾਸ਼ੀ ਵਾਲੀਆਂ ਚਮਕਦਾਰ ਤਸਵੀਰਾਂ ਬਣੀਆਂ ਹੋਈਆਂ ਹਨ।

ਖੱਬੇ ਹੱਥ ਵਾਲੀ ਪਹਿਲੀ ਤਸਵੀਰ – ਦੋ ਗੁਜਰੀਆਂ ਦੀ ਹੈ – ਸਿਰਾਂ 'ਤੇ ਘੜੇ ਚੁੱਕੇ ਹੋਏ ਲਹਿਲਾਉਂਦੇ ਘੱਗਰੇ ਤੇ ਦੁਪੱਟਿਆਂ ਸਣੇ। ਵਿਚਕਾਰ ਬਾਬੇ ਨਾਨਕ ਦੀ ਤਸਵੀਰ ਹੈ – ਤੇ ਸੱਜੇ ਹੱਥ ਵਾਲੀ ਤੀਸਰੀ ਤਸਵੀਰ ਵਿਚ ਦੋ ਮੋਟੇ ਮੋਟੇ ਮੱਲ ਘੁਲ, ਰਹੇ ਹਨ – ਲਾਲ ਲੰਗੋਟਾਂ ਵਾਲੇ।

ਉਂਜ ਇਹ ਤਿੰਨੇ ਤਸਵੀਰਾਂ ਹੀ ਮੈਨੂੰ ਬਹੁਤ ਚੰਗੀਆਂ ਲਗਦੀਆਂ ਹਨ ਪਰ ਸਭ ਤੋਂ ਸੁਹਣੀ ਤਸਵੀਰ ਮੈਨੂੰ ਉਨ੍ਹਾਂ ਦੋ ਗੁਜਰੀਆਂ ਵਾਲੀ ਲਗਦੀ ਹੈ।

ਵਰਾਂਡੇ ਦੇ ਖੱਬੇ ਹੱਥ ਰਸੋਈ ਵਾਲੀ ਕੰਧ ਵਿਚ ਇਕ ਪੱਕੀ ਘੜੌਂਜ ਬਣੀ ਹੋਈ ਹੈ – ਲੋਹੇ ਪਿੱਤਲ ਦੀਆਂ ਗਾਗਰਾਂ ਤੇ ਕੁਜੜਿਆਂ ਵਾਲੀ – ਵਿੱਚ ਵਿੱਚ ਮਿੱਟੀ ਦੇ ਘੜੇ – ਘੜੋਲੀਆਂ ਵੀ ਪਏ ਹਨ – ਚੱਪਣੀਆਂ ਸਣੇ – ਘੜੌਂਜ ਵਿਚ ਘੜਿਆਂ ਹੇਠਾਂ ਘਸ ਘਸ ਟੋਏ ਬਣੇ ਹੋਏ ਹਨ।

ਇਸੇ ਪਾਸੇ ਗੁਆਂਢੀਆਂ ਵਾਲੀ ਕੰਧ ਵਿਚ ਦੋ ਵੱਡੀਆਂ ਵੱਡੀਆਂ ਅਲਮਾਰੀਆਂ ਹਨ। ਲੱਕੜੀ ਦੇ ਤਖਤਿਆਂ ਵਾਲੀਆਂ – ਪਹਿਲੀ ਅਲਮਾਰੀ ਵਿਚ – ਰੋਟੀਆਂ ਦਾ ਬੋਈਆ, ਲੱਕੜੀ ਦੀ ਮਖਣੀ ਵਾਲੀ ਕੌਲੀ (ਜੋ ਥਿੰਦੇ ਨਾਲ ਕਾਲੀ ਹੋਈ ਪਈ ਹੈ) ਇਕ ਅਚਾਰ ਵਾਲੀ ਝੱਕਰੀ, ਦੋ ਚਾਰ ਖੱਦਰ ਦੇ ਮਟਮੈਲੇ ਜਿਹੇ ਪੌਣੇ ਤੇ ਕੁਝ ਨਿੱਕ ਸੁੱਕ ਦੀਆਂ ਪੁੜੀਆਂ – ਸਭ ਉਪਰਲੇ ਖਾਨੇ ਵਿਚ ਪਿਆ ਹੈ ਤੇ ਹੇਠਲੇ ਖਾਨੇ ਵਿਚ – ਦਸੌਰੀ (ਬਨਸਪਤੀ) ਘੀ ਦਾ ਡੱਬਾ ਤੇ ਇਕ ਸਰ੍ਹੋਂ ਦੇ ਤੇਲ ਦੀ ਪੀਪੀ ਪਈ ਹੈ।

ਦੂਸਰੀ ਅਲਮਾਰੀ ਦੇ ਤਿੰਨ ਖ਼ਾਨੇ ਹਨ ਉਪਰਲਾ ਖ਼ਾਨਾ – ਸ਼ੀਸ਼ੀਆਂ ਦਾ ਭਰਿਆ ਪਿਆ ਹੈ – ਲਾਲ, ਹਰੀਆਂ, ਨੀਲੀਆਂ, ਚਿੱਟੀਆਂ, ਗੋਲ ਚੌਰਸ, ਛੋਟੀਆਂ ਵੱਡੀਆਂ ਸ਼ੀਸ਼ੀਆਂ – ਮਾਨੋ 'ਦਵਾਖ਼ਾਨਾ' ਹੋਵੇ ਕੋਈ – ਖੋਲ੍ਹਦੇ ਸਾਰ ਹੀ – ਦੇਸੀ ਦਵਾਈਆਂ ਦੀ ਇਕ ਅਜੀਬ ਜਿਹੀ ਗੰਧ ਆਉਂਦੀ ਹੈ – ਵੱਖਰੀ ਤਰ੍ਹਾਂ ਦੀ – ਸਵਾਰ ਕੇ ਦੱਸ ਨਹੀਂ ਸਕਦੀ। ਉਹ ਹੁਣ ਵੀ ਆ ਰਹੀ ਹੈ ਜਦੋਂ ਲਿਖ ਰਹੀ ਹਾਂ – ਬਸ ਮਹਿਸੂਸ ਕਰ ਸਕਦੀ ਹਾਂ – ਬਾਖ਼ੂਬ।



ਸ. ਬਚਨ ਸਿੰਘ (ਮਾਮਾ ਜੀ) 1938, ਦੂਜੀ ਵੱਡੀ ਜੰਗ ਵੇਲੇ ਸਿੰਘਾਪੁਰ ਮਲਾਇਆ ਗਏ-ਪਰਤੇ ਨਾ

ਹੇਠਲੇ ਖ਼ਾਨੇ ਵਿਚ 'ਭਰਤ' ਦਾ ਇਕ ਵੱਡਾ ਸਾਰਾ ਗੜਵਾ ਪਿਆ ਹੈ – ਜੋ ਅਕਸਰ 'ਬੂਰੇ' ਦਾ ਭਰਿਆ ਰਹਿੰਦਾ ਹੈ – ਵਿਚ ਲੱਪ ਕੁ ਮੋਟੇ ਮੋਟੇ ਪਤਾਸਿਆਂ ਸਣੇ – ਜੋ ਬੂਰਾ ਦੇਣ ਵੇਲੇ ਰੋਪੜ ਦਾ 'ਭਾਨਾ' ਹਲਵਾਈ ਪਾ ਦਿੰਦਾ ਹੈ ਤੇ ਨਾਲ ਦੂਸਰਾ ਗੜਵਾ (ਛੋਟਾ) ਦੇਸੀ ਘੀ ਦਾ ਹੈ।

ਵਿਚਕਾਰਲੇ ਖਾਨੇ ਵਿਚ ਨੀਲੀ ਧਾਰੀ ਵਾਲੇ ਮੋਟੇ ਮੋਟੇ ਚੀਨੀ ਦੇ ਕੱਪ ਪਲੇਟਾਂ ਪਏ ਹਨ ਤੇ ਕੁਝ ਕੱਚ ਦੇ ਗਲਾਸ ਵੀ ਵੱਡੇ ਛੋਟੇ ਭਾਂਤ ਸਭਾਂਤੇ – ਆਏ ਗਏ ਵਾਸਤੇ।

ਖੱਬੇ ਹੱਥ ਵਾਲੇ ਦਲਾਨ ਦੇ ਦੋ ਦਰਵਾਜ਼ੇ ਹਨ – ਮੋਟੀਆਂ ਮੋਟੀਆਂ ਮੇਖਾਂ ਵਾਲੇ ਤਖ਼ਤਿਆਂ ਸਣੇ – ਜਿਨ੍ਹਾਂ ਨੂੰ ਬੰਦ ਕਰਨ ਲਈ ਉਪਰ ਮੋਟੇ ਮੋਟੇ ਲੋਹੇ ਦੇ ਗੁੰਦਵੇਂ ਕੁੰਡੇ ਲੱਗੇ ਹੋਏ ਹਨ – ਸੱਪਾਂ ਦੇ ਫਣਾਂ ਵਰਗੇ – ਦੋਹਾਂ ਦਰਵਾਜ਼ਿਆਂ ਵਿਚਕਾਰ ਇਕ ਆਲਾ ਹੈ – ਜਿਸ ਵਿਚ ਕੁਝ ਕੁੰਜੀਆਂ ਤਾਲੇ ਪਏ ਰਹਿੰਦੇ ਹਨ – ਤੇ 'ਰੇਪੜੀ' ਵੀ।

ਹੁਣ ਖੱਬੇ ਹੱਥ ਵਾਲੇ ਪਹਿਲੇ ਦਰਵਾਜ਼ਿਓਂ ਅੰਦਰ ਲੰਘ ਆਓ – ਅੰਦਰ ਵੜਦੇ ਸਾਰ ਕੰਧ ਨਾਲ ਪਹਿਲਾ ਅੰਮਾ (ਨਾਨੀ) ਦਾ ਸੰਦੂਕ ਹੈ, ਫੇਰ ਜਸਵੰਤ ਕੁਰ ਮਾਮੀ ਦਾ ਫੇਰ ਪ੍ਰੇਮ ਕੁਰ ਮਾਮੀ ਦਾ ਤੇ ਪਿੱਛੇ ਕੋਠੜੀ ਵਿਚ ਅਮਰੋ ਮਾਮੀ ਦਾ – ਦਰਜੇ ਵਾਰ ਪਏ ਹਨ।

ਦਲਾਨ ਦੇ ਐਨ ਵਿਚਕਾਰ ਦੋ ਥਮਲੇ ਹਨ – ਲਾਲ – ਗੇਰੂ–ਰੰਗੇ–ਆਲੀਆਂ 'ਤੇ ਕੱਲਿਆਂ ਵਾਲੇ (ਉਂਜ ਸਾਰੇ ਘਰ ਤੇ ਥਮਲੇ ਗੇਰੂ–ਰੰਗੇ ਹੀ ਹਨ ਤੇ ਕੰਧਾਂ ਪੀਲੀ ਮਿੱਟੀ ਦੀਆਂ ਪਾਂਡੂਏ ਰੰਗੀਆਂ – ਫੁੱਲਾਂ ਬੂਟਿਆਂ ਤੇ ਮੋਰ–ਮੋਰਨੀਆਂ ਦੇ ਉਘੜਵੇਂ ਚਿੱਤਰਾਂ ਵਾਲੀਆਂ – ਸਾਰਾ ਘਰ ਹੇਠਾਂ ਕੱਚਾ ਹੈ – ਗੋਹੇ ਮਿੱਟੀ ਦੀ ਲਿਪਾਈ ਵਾਲਾ – ਜੋ ਅਕਸਰ ਮਾਮੀ ਹੋਣੀ ਆਪ ਐਤਵਾਰ ਨੂੰ ਕਰਦੀਆਂ ਹਨ ਤੇ ਨਾਲ ਨਾਲ ਕੰਧ 'ਤੇ ਲਾਲ ਮਿੱਟੀ ਦੀ 'ਤੇਲੀ' ਵੀ ਦਿੰਦੀਆਂ ਹਨ – ਸਜਾਉਣ ਲਈ – ਘਰ ਦੀ ਰਸੋਈ ਸਣੇ – ਪਰ ਚੁੱਲ੍ਹੇ ਨੂੰ ਹਰ ਰੋਜ਼ ਸਵੇਰ ਉਠ ਕੇ 'ਪਰੋਲਾ' ਦੇਣ ਲਈ ਉਨ੍ਹਾਂ ਨੇ ਪੱਕੇ ਤੌਰ 'ਤੇ ਹੀ ਇਕ ਝੱਕਰੇ ਵਿਚ ਲਾਲ ਮਿੱਟੀ ਭਿਉਂ ਕੇ ਰੱਖੀ ਹੁੰਦੀ ਹੈ ਜੋ ਆਉਂਦੀਆਂ ਜਾਂਦੀਆਂ ਉਹ ਨਹਿਰ ਵੱਲੋਂ ਟਿੱਬੀਆਂ ਵਿਚੋਂ ਕੱਢ ਕੇ ਲਿਆਉਂਦੀਆਂ ਹਨ।

ਹਾਂ – ਵਿਚਕਾਰ ਥਮਲਿਆਂ ਦੇ ਨਾਲ ਨਾਲ ਦੋ ਵੱਡੇ ਵੱਡੇ ਮਿਟੀ ਦੇ ਕੁਠਲੇ (ਭੜੋਲੇ) ਪਏ ਹਨ ਕਣਕ ਦੇ ਗੁੜ ਦੇ ਭਰੇ – ਤੇ ਸੱਜੇ ਹੱਥ ਵਾਲੀ ਕੰਧ ਨਾਲ ਇਕ ਮਿੱਟੀ ਦੀ ਚੌਰਸ ਕੋਠੀ - ਦਰਵਾਜ਼ਿਆਂ ਵਾਲੀ – ਜਿਸ ਵਿਚ ਮੌਸਮ ਅਨੁਸਾਰ ਕਣਕ ਜਾਂ ਮੱਕੀ ਦਾ ਆਟਾ ਪਿਆ ਰਹਿੰਦਾ ਹੈ – ਇੱਧਰ ਹੀ ਨੁੱਕਰ ਵਿਚ ਪਏ ਹਨ ਚਾਟੀਆਂ, ਝੱਕਰੇ ਵੱਡੇ ਛੋਟੇ ਦਰਜੇ ਵਾਰ – ਚਿਣੇ ਹੋਏ – ਜੋ ਘਰ ਦੇ ਰਸੋਈ ਦੇ ਸੁੱਕੇ ਸਾਮਾਨ ਨਾਲ ਭਰੇ ਰਹਿੰਦੇ ਹਨ।

ਸੱਚ ਮੈਂ ਦੱਸਣਾ ਭੁੱਲ ਗਈ ਹਾਂ ਕਿ ਕੁਠਲਿਆਂ ਹੇਠ ਦੋ ਤਕੜੀਆਂ ਵੀ ਪਈਆਂ ਹਨ – ਵੱਡੀ ਤੇ ਛੋਟੀ। ਲੋਹੇ ਤੇ ਗੋਲ ਪੱਥਰਾਂ ਦੇ 'ਤੋਲਾਂ' ਸਣੇ – ਪਾਈਏ, ਅੱਧ ਪਾਈਏ – ਛਟਾਂਕੀਆਂ – ਸੇਰ, ਦੋਸੇਰੇ, ਪੰਸੇਰੇ, ਦਸੇਰੇ – ਕੱਚੇ ਤੋਲ ਵੀ ਤੇ ਪੱਕੇ ਵੀ।

ਦਲਾਨ ਦੇ ਪਿਛਲੇ ਹਿੱਸੇ ਵਿਚ ਸੱਜੇ ਹੱਥ ਇਕ ਸੂਤ ਦਾ ਮੰਜਾ ਪਿਆ ਹੈ ਜੋ ਅਕਸਰ ਬਿਸਤਰਿਆਂ ਨਾਲ ਲੱਦਿਆਂ ਰਹਿੰਦਾ ਹੈ।

ਪਿਛਲੀ ਕੋਠੜੀ ਵਿਚ ਅਮਰੋ ਮਾਮੀ ਦੇ ਸੰਦੂਕ ਤੋਂ ਬਿਨਾਂ – ਇਕ ਮੰਜੀ ਕੁਝ ਟਰੰਕ ਟਰੰਕੀਆਂ ਤੇ ਕੱਪੜਿਆਂ ਦਾ ਭਰਿਆ ਇਕ ਪੀਂਘ–ਨੁਮਾ ਬਾਂਸ ਦਾ ਡੰਡਾ (ਟੰਗਣਾ) ਲਟਕ ਰਿਹਾ ਹੈ – ਇੱਧਰ ਦੂਜੇ ਦਲਾਨ ਨਾਲ ਲਗਦੀ ਵਿਚਕਾਰਲੀ ਕੰਧ ਵਿਚ ਵੀ ਇਕ ਅਲਮਾਰੀ ਹੈ – ਅਲਮਾਰੀ ਕੀ ਜਿਵੇਂ ਕੋਈ ਜਾਦੂ ਦੀ ਪਟਾਰੀ ਹੋਵੇ – ਜਦੋਂ ਵੀ ਕੋਈ ਖ਼ਾਸ ਚੀਜ਼ ਚਾਹੀਦੀ ਹੋਵੇ – ਅੰਮਾ ਜਾਂ ਮਾਮੀ ਜੀ ਹੋਣੀ – ਹੱਥ ਨਾਲ ਟੋਹ ਕੇ ਹੀ ਕੱਢ ਲਿਆਉਂਦਿਆਂ ਹਨ – ਖ਼ਵਰੇ ਉਨ੍ਹਾਂ ਨੂੰ ਕਿਵੇਂ ਪਤਾ ਹੁੰਦਾ ਹੈ ਕਿ ਕਿੱਥੇ ਕੀ ਪਿਆ ਹੈ – ਝੱਟ ਹੀ ਟੋਲ ਲੈਂਦੀਆਂ ਹਨ – ਹਨੇਰੇ ਵਿਚ ਵੀ – ਇਹ ਮੈਂ ਸੋਚ ਸੋਚ ਕੇ ਹੈਰਾਨ ਹੁੰਦੀ ਹਾਂ – ਜਾਂ ਤਾਂ ਚੀਜ਼ਾਂ ਨੂੰ ਇਨ੍ਹਾਂ ਦੇ ਹੱਥਾਂ ਦੀ ਪਹਿਚਾਣ ਹੁੰਦੀ ਹੋਵੇਗੀ ਜਾਂ ਉਨ੍ਹਾਂ ਨੂੰ ਚੀਜ਼ਾਂ ਦੀ।

ਦਲਾਨ ਦੇ ਐਨ ਵਿਚਕਾਰ ਸਾਹਮਣੇ ਦਰਵਾਜ਼ੇ ਦੀ ਸੇਧ ਵਿਚ ਕੋਠੜੀ ਵਾਲੀ ਕੰਧ ਨਾਲ ਇਕ ਬਹੁਤ ਵੱਡੀ ਚੌੜੀ ਅਲਮਾਰੀ ਹੈ ਬਿਨਾਂ ਤਖਤਿਆਂ ਦੇ – ਕਿੰਨੇ ਹੀ ਖ਼ਾਨਿਆਂ ਦੀ – ਇਹ ਭਾਂਡਿਆਂ ਦੀ ਅਲਮਾਰੀ ਹੈ – ਪਿੱਤਲ ਕਾਂਸੀ ਤੇ ਭਰਤ ਦੇ ਭਾਂਡੇ – ਥਾਲ ਥਾਲੀਆਂ ਕੌਲੀਆਂ ਬਾਟੀਆਂ, ਕਟੋਰੇ ਗਲਾਸ ਵੱਡੇ ਛੋਟੇ, ਮੋਟੇ ਪਤਲੇ, ਲੰਮੇ 'ਕੰਗਣੀ' ਵਾਲੇ – ਪਤੀਲੇ ਪਤੀਲੀਆਂ ਦੇਗਚੇ ਵੱਡੇ ਛੋਟੇ ਮੂੰਹਾਂ ਵਾਲੇ – ਢੱਕਣਾਂ – ਬਿਨਾਂ ਢੱਕਣਾਂ ਦੇ – ਪਰਾਤਾਂ ਕੜਾਹੀਆਂ ਖੁਰਚਣੇ, ਖੁਰਚਣੀਆਂ, ਪੋਣੀਆਂ, ਝਰਨੀਆਂ, ਕੜਛੀਆਂ, ਪਲੇ, ਗੜਵੇ ਗੜਵੀਆਂ ਤੇ ਹੋਰ ਨਿੱਕੇ ਵੱਡੇ ਭਾਂਡੇ, ਚਮਚਿਆਂ ਸਣੇ – ਜੋ ਐਨ ਸਲੀਕੇ ਨਾਲ ਚਿਣ ਕੇ ਰੱਖੇ ਹੋਏ ਹਨ।

ਇਹ ਭਾਂਡਿਆਂ ਵਾਲੀ ਅਲਮਾਰੀ – ਹਰ ਰਾਤ ਮੇਰੇ ਲਈ ਇਕ ਡਰੌਣੀ ਸ਼ੈਅ ਬਣ ਜਾਂਦੀ ਹੈ – ਬਾਹਰ ਵਰਾਂਡੇ ਵਿਚ ਹੀ ਇਕ ਦੀਵਾ ਜਗਦਾ ਹੈ 'ਡਿਊਟ' (ਇਕ ਲੱਕੜੀ ਦੇ ਡੰਡੇ 'ਤੇ ਬਣਿਆ ਸਟੈਂਡ) ਤੇ ਅੰਦਰ ਘੁੱਪ ਹਨੇਰਾ – ਖ਼ਾਸ ਕਰ ਨਾਲ ਲਗਦੀ ਪਿਛਲੀ ਕੋਠੜੀ ਵਿਚ। ਰਾਤ ਦੀ ਰੋਟੀ ਵੇਲੇ – ਅਕਸਰ ਸਾਰੇ ਮੈਨੂੰ ਹੀ ਕਹਿੰਦੇ ਹਨ:

"ਜਾਹ ਮੁੰਨੀ ਅੰਦਰੋਂ ਥਾਲੀ ਚੁੱਕ ਲਿਆ –

ਜਾਹ ਮੁੰਨੀ ਕਟੋਰਾ – ਗਲਾਸ ਫੜ ਲਿਆ –

ਜਾਹ ਮੁੰਨੀ -----"

ਮੁੰਨੀ ਵਿਚਾਰੀ ਕੀ ਕਰੇ –

ਅੰਦਰ ਤਾਂ ਵੱਡਾ ਦੈਂਤ ਬੈਠਾ ਹੈ 'ਹਨੇਰੇ' ਦਾ।

ਮੈਂ ਗੋਲੀ ਦੀ ਮਾਰ ਅੰਦਰ ਜਾਂਦੀ ਹਾਂ – ਜਿਹੜਾ ਭਾਂਡਾ ਹੱਥ ਲੱਗਦਾ ਹੈ ਚੁੱਕ ਹਨੇਰੀ ਵਾਂਗ ਪਰਤ ਆਉਂਦੀ ਹਾਂ – ਧੱਕ ਧੱਕ ਕਰਦੇ ਕਾਲਜੇ ਨਾਲ – ਜੋ ਫੇਰ ਘੰਟਿਆਂ ਬੱਧੀ ਠਿਕਾਣੇ ਨਹੀਂ ਆਉਂਦਾ। ਹਰ ਵਾਰ ਇਹੋ ਸੋਚਦੀ ਹਾਂ – ਇਸ ਵਾਰ ਤਾਂ ਬਚ ਗਈ ਹਾਂ – ਜੇ ਇਸ ਵਾਰ – ਤੇ ਸਦਾ ਇਹੋ ਸੋਚਦੀ ਰਹਿੰਦੀ ਹਾਂ – ਜਦੋਂ ਵੀ ਅੰਦਰ ਜਾਵਾਂਗੀ ਕੋਠੜੀ ਵਿਚੋਂ ਕੋਈ ਨਾ ਕੋਈ ਮੈਨੂੰ ਬਾਹੋਂ ਫੜ ਅੰਦਰ ਧੂ ਲਵੇਗਾ ਤੇ ਫੇਰ – ਫੇਰ ਮੈਂ ਕਦੇਂ ਨਹੀਂ ਪਰਤਾਂਗੀ – ਜੇ ਇੰਜ ਹੋ ਗਿਆ – ਫੇਰ ਕੀ ਹੋਵੇਗਾ।



ਭਾਪਾ ਜੀ- ਨਾਨਕਾ ਘਰ ਸ਼ਿਮਲੇ ਜਾਣ ਤੋਂ ਪਹਿਲਾਂ

ਇੰਜ ਮੈਂ ਰੋਜ਼ ਮਰਦੀ ਵੀ ਰਹਿੰਦੀ ਹਾਂ ਤੇ ਜੀਉਂਦੀ ਵੀ – ਹੁਕਮ ਵੀ ਮੰਨਦੀ ਰਹਿੰਦੀ ਹਾਂ ਤੇ ਡਰਦੀ ਵੀ ਪਰ ਕਦੀ ਕਿਸੀ ਨੂੰ ਕੁਝ ਵੀ ਨਹੀਂ ਕਹਿੰਦੀ।

ਉਂਜ ਅੰਦਰ ਰੌਸ਼ਨੀ ਲਈ ਵਰਾਂਡੇ ਵੱਲ ਦੋ ਖਿੜਕੀਆਂ ਖੁਲ੍ਹਦੀਆਂ ਹਨ ਤੇ ਛੱਤਾਂ ਵਿਚ ਮੋਘੇ ਵੀ ਹਨ ਜੋ ਦਿਨੇ ਤਾਂ ਖੁੱਲ੍ਹੇ ਰਹਿੰਦੇ ਹਨ ਪਰ ਰਾਤ ਨੂੰ ਜਾਂ ਜਿੱਦਣ ਕਦੀ ਮੀਂਹ ਕਣੀ ਆਵੇ ਪੁਰਾਣੇ ਘੜਿਆ ਜਾਂ ਝੱਕਰਿਆਂ ਨਾਲ ਬੰਦ ਕਰ ਦਿੱਤੇ ਜਾਂਦੇ ਹਨ।

ਦਿਨ ਵੇਲੇ ਮੋਘਿਆਂ 'ਚੋਂ ਆਉਂਦੀ ਮੋਟੀ ਸਾਰੀ ਧੁੱਪ ਦੀ ਲਕੀਰ ਵਿਚ ਤੈਰਦੇ ਧੂੜ ਦੇ ਨਿੱਕੇ ਨਿੱਕੇ ਕਣ – ਅਬਰਕ ਵਾਂਗ ਚਮਕਦੇ ਖੇਡਾਂ ਖੇਡਦੇ ਮੈਨੂੰ ਬਹੁਤ ਹੀ ਚੰਗੇ ਲਗਦੇ ਹਨ – ਜਿਨ੍ਹਾਂ ਨੂੰ ਮੈਂ ਅਕਸਰ ਮੰਜੇ 'ਤੇ ਪਈ ਦੇਖਦੀ ਰਹਿੰਦੀ ਹਾਂ – ਇਹ ਝਿਲਮਿਲ ਝਿਲਮਿਲ ਕਰਦੀ ਧੁੱਪ ਦੀ ਲਕੀਰ – ਮੈਨੂੰ ਮੇਰੀ ਹਮਰਾਜ਼ ਲਗਦੀ – ਮੇਰੀਆਂ ਗੁਪਤ ਗੱਲਾਂ ਸੁਨਣ ਤੇ ਕਹਿਣ ਵਾਲੀ – ਜਿਵੇਂ ਮੇਰੀ ਕੋਈ ਸਹੇਲੀ ਹੋਵੇ ਇਹ – ਜਿਵੇਂ ਮੇਰੇ ਅੰਦਰ ਦੇ ਹਨੇਰੇ ਦੀ ਗੱਲ ਬਸ ਇਹੋ ਸਮਝ ਸਕਦੀ ਹੋਵੇ – ਕਾਂਸ਼! ਇਹ ਕਦੀ ਰਾਤ ਨੂੰ ਵੀ ਆ ਜਾਇਆ ਕਰੇ ਇਸੇ ਤਰ੍ਹਾਂ – ਮੈਂ ਸੋਚਦੀ ਰਹਿੰਦੀ ਹਾਂ।



ਇਸ ਦਲਾਨ ਦੇ ਸੱਜੇ ਹੱਥ ਇਕ ਹੋਰ ਦਲਾਨ ਹੈ – ਐਡਾ ਵੱਡਾ – ਇਸੇ ਤਰ੍ਹਾਂ ਦਾ ਪਿੱਛੇ ਕੋਠੜੀ ਵਾਲਾ – ਇਸ ਦਲਾਨ ਦੇ ਦੋ ਹਿੱਸੇ ਕੀਤੇ ਹੋਏ ਹਨ, ਵਿਚੋਂ ਦੀ ਰਾਹ ਛੱਡ ਕੇ – ਇਕ ਪਾਸੇ ਰੇਤ ਵਿਚ ਆਲੂ ਪਏ ਹਨ ਤੇ ਦੂਜੇ ਪਾਸੇ ਪਿਆਜ਼ ਤੇ ਸੁੱਕੀਆਂ ਭੂਕਾਂ ਨੂੰ ਗੱਠਾਂ ਮਾਰ ਮਾਰ ਕੇ ਲਸਣ ਵੀ ਰੱਖਿਆ ਹੋਇਆ ਹੈ।

ਪਿਛਲੀ ਕੋਠੜੀ ਖੇਤੀ ਦੇ ਨਿੱਕੇ ਵੱਡੇ ਸੰਦਾਂ ਨਾਲ ਭਰੀ ਪਈ ਹੈ – ਕਹੀਆਂ, ਖੁਰਪੇ, ਖੁਰਪੀਆਂ, ਦਾਤੀਆਂ ਦੰਦਲ ਵੀ ਤੇ ਪੱਠੀਆਂ ਵੀ ਸੰਲਘੇ–ਸੰਲਘੀਆਂ, ਤੰਗਲੀਆਂ ਪਰਾਣੀਆਂ – ਪੰਜਾਲੀ ਤੇ ਹੋਰ ਪਤਾ ਨੀ ਕੀ ਕੀ – ਸੱਚ ਇਕ ਗ੍ਰੀਸ ਦਾ ਡੱਬਾ ਇਕ ਮਿੱਟੀ ਦੇ ਤੇਲ ਦਾ ਪੀਪਾ ਤੇ ਵੱਡੀਆਂ ਛੋਟੀਆਂ ਮੇਖਾਂ, ਗੁੱਲ ਮੇਖਾ ਤੇ ਪੇਚਾਂ ਵਾਲਾ ਡੱਬਾ ਵੀ ਪਿਆ ਰਹਿੰਦਾ ਹੈ ਇੱਥੇ – ਬਿਨਾਂ ਢੱਕਣ ਦੇ।

ਦਲਾਨ ਦੇ ਸੱਜੇ ਹੱਥ ਦੀ ਕੰਧ – ਜੋ ਖੇਤਾਂ ਵੱਲ ਲਗਦੀ ਹੈ – ਉਸ ਕੰਧ ਨਾਲ ਲੱਗਿਆ ਇਕ ਮੋਟਰ ਸਾਈਕਲ ਵੀ ਪਿਆ ਹੈ – ਆਲੂਆਂ ਦੇ ਪਿੱਛੇ ਕਰਕੇ – ਇਹ ਇੱਥੇ ਹੀ ਪਿਆ ਰਹਿੰਦਾ ਹੈ – ਨਾ ਕਦੀ ਕਿਸੇ ਨੇ ਇਸ ਨੂੰ ਬਾਹਰ ਕੱਢਿਆ ਹੈ ਨਾ ਚਲਾਇਆ ਹੈ – ਪਤਾ ਨਹੀਂ ਕਿਉਂ – ਨਾ ਕੋਈ ਪੁੱਛਦਾ ਹੈ ਨਾ ਕੋਈ ਦਸਦਾ ਹੈ।

ਉਂਜ ਇਕ ਵਾਰ ਸੋਹਣ ਦੀਆਂ ਅੱਖਾਂ ਆ ਜਾਂਦੀਆਂ ਹਨ – ਕੁੱਕਰੇ ਪੈ ਗਏ ਅੱਖਾਂ ਵਿਚ – ਤੇ ਬਹੁਤ ਦੇਰ ਤੱਕ ਅਰਾਮ ਨਹੀਂ ਆਇਆ – ਉਸ ਨੂੰ 'ਰੜਕ' ਪੈਂਦੀ ਉਸ ਨੇ ਰੋਣਾ ਤੇ ਰੋਈ ਹੀ ਜਾਣਾ – ਤਾਂ ਅਸੀਂ – ਸੁਰਿੰਦਰ ਤੇ ਮੈਂ ਉਸ ਨੂੰ ਇਸ ਹਨੇਰੇ – ਠੰਢੇ ਕਮਰੇ ਵਿਚ ਲੈ ਆਉਂਦੀਆਂ – ਚੁੱਪ ਕਰਾਉਣ ਲਈ, ਖਿਡਾਉਣ ਲਈ, ਸੁਆਉਣ ਲਈ ਵੀ – ਕਿੰਨਾ ਕਿੰਨਾ ਚਿਰ ਮੋਡੇ ਨਾਲ ਲਾ ਲਾ – 'ਅੱਲੜ ਬੱਲੜ ਬਾਵੇ ਦੇ' ਗਾ ਗਾ ਜਦ ਅਸੀਂ ਥੱਕ ਜਾਂਦੀਆਂ ਤਾਂ ਇਸ ਮੋਟਰ ਸਾਈਕਲ ਦੀ ਸਵਾਰੀ ਕਰਵਾਉਂਦੀਆਂ ਉਸ ਨੂੰ – ਪਰਚਾਉਂਦੀਆਂ ਵੀ ਤੇ ਖਿਡਾਉਂਦੀਆਂ ਵੀ – ਬਸ ਇਸ ਤੋਂ ਵੱਧ ਮੈਂ ਕੁਝ ਨਹੀਂ ਜਾਣਦੀ ਹਾਂ – ਇਸ ਬਾਰੇ।

ਦੋਹਾਂ ਦਲਾਨਾਂ ਮੂਹਰੇ ਬਾਹਰਲੇ ਵਿਹੜੇ ਵੱਲ ਇਹ ਇਕ ਵੱਡਾ ਵਰਾਂਡਾ ਹੈ – ਥਾਂ ਥਾਂ 'ਤੇ ਕਿੱਲੇ ਕਿੱਲੀਆਂ ਲੱਗੀਆਂ ਹੋਈਆਂ ਹਨ – ਕੱਪੜੇ ਝੋਲੇ ਨਿੱਕ–ਸੁੱਕ ਟੰਗਣ ਲਈ – ਉਂਜ ਜਦੋਂ ਅਸੀਂ ਸ਼ਿਮਲੇ ਜਾਣਾ ਹੁੰਦਾ ਤਾਂ ਬਾਈ (ਨਾਨਾ ਜੀ) ਅਕਸਰ ਬੀਜੀ ਨੂੰ ਕਹਿੰਦੇ 'ਜਦ ਮੁੰਨੀ ਆਉਂਦੀ ਹੈ ਸਾਰੇ ਕਿੱਲੇ ਕਿੱਲੀਆਂ ਕੱਪੜਿਆਂ ਨਾਲ ਭਰ ਜਾਂਦੇ ਹਨ ਜਦ ਚਲੀ ਜਾਂਦੀ ਹੈ ਤਾਂ ਇਹੋ ਘਰ ਭਾਂਅ ਭਾਂਅ ਕਰਨ ਲੱਗ ਜਾਂਦਾ ਹੈ।"

ਵਰਾਂਡੇ ਵਿਚ ਹੀ ਐਧਰ ਘੜੌਂਜ ਵਾਲੇ ਪਾਸੇ – ਹੇਠਾਂ ਮੂਹਰੇ ਇਕ ਨਿੱਕੀ ਜੇਹੀ ਲੱਕੜੀ ਦੀ ਹੋਰ ਘੜੌਂਜੀ ਪਈ ਹੈ – ਮੋਟੇ ਸਾਰੇ ਡੰਡੇ ਵਾਲੀ – ਜਿਸ 'ਤੇ ਰੋਜ਼ ਸਵੇਰੇ ਉੱਠ ਕੇ ਦੁੱਧ ਰਿੜਕਦੀ ਹੈ – ਅੰਮਾ – ਉਸੇ ਪੀੜ੍ਹੀ 'ਤੇ ਬੈਠ ਕੇ ਜੀਹਦੇ ਤੇ ਰਾਤ ਨੂੰ ਦਹੀਂ ਜਮਾਉਂਦੀ ਹੈ – ਚਾਟੀ ਵਿਚ – ਵੱਡੀ ਸਾਰੀ ਰੱਸੀਆਂ ਦੀ ਛਿੱਕਲੀ ਬੰਨ੍ਹ ਕੇ।

ਮੱਖਣ ਕੱਢਣ ਤੋਂ ਪਹਿਲਾਂ ਅੰਮਾ, ਪਿਆਰੀ ਮਾਮਾ ਜੀ ਲਈ ਇਕ ਕਟੋਰਾ ਅੱਧ ਰਿੜਕਾ ਕੱਢਦੀ ਹੈ – ਖੇਤੀ ਦੇ ਨਾਲ ਨਾਲ ਮਾਮਾ ਜੀ ਕਦੇ ਕਦੇ ਪਹਿਲਵਾਨੀ ਵੀ ਕਰਦੇ ਹਨ – ਸ਼ੌਕੀਆਂ ਤੌਰ 'ਤੇ।

ਐਧਰ ਦਲਾਨ ਦੇ 'ਗਭਲੇ' ਦਰਵਾਜ਼ੇ ਨਾਲ ਬਾਹਰ ਨੁੱਕਰ ਵਿਚ ਚੱਕੀ ਪਈ ਹੈ – ਘਿਸ ਘਿਸ ਕੇ ਇਸ ਚੱਕੀ ਦੀ ਹੱਥੀਂ ਮੁਲਾਇਮ ਹੋਈ ਪਈ ਹੈ ਇਕ ਪਾਸੇ ਤੋਂ ਵੱਡੇ ਸਾਰੇ ਡੂੰਘ ਸਣੇ – ਜੇ ਦੋ ਵਾਰੀ ਨਹੀਂ ਤਾਂ ਇਕ ਵਾਰ ਤਾਂ ਇਹ ਹਰ ਰੋਜ਼ ਝੋਈ ਜਾਂਦੀ ਹੈ।

ਨੁੱਕਰ ਦੇ ਦੂਜੇ ਪਾਸੇ ਨਾਲ ਹੀ ਉੱਖਲੀ ਹੈ ਇਸ ਕੰਧ ਨਾਲ ਹੀ – ਤੇ ਨੁੱਕਰ ਵਿਚ ਹੀ ਪਏ ਹਨ ਤਿੰਨ ਚਾਰ ਮੂਹਲੇ – ਨਿੱਕੇ ਵਡੇ – ਨਵੇਂ ਪੁਰਾਣੇ – ਕੋਈ ਹੇਠੋਂ ਗੋਲ ਹੈ ਕਿਸੇ ਨੂੰ ਲੋਹੇ ਦਾ ਚੱਕਾ ਲੱਗਾ ਹੋਇਆ ਹੈ... ਅਲੱਗ ਅਲੱਗ ਚੀਜ਼ਾਂ ਕੁੱਟਣ ਛੜਣ ਲਈ।

ਇਥੇ ਮਾਮੀ ਹੋਣੀ ਕਦੀ ਕਈ ਇਕ ਜਣੀ ਦੇ ਕਦੇ ਦੋ ਜਣੀਆਂ ਇਕੱਠੀਆਂ ਵੀ ਕੁੱਟਦੀਆਂ ਹਨ ਧਾਨ ਆਦਿ – ਵਾਰੀ ਵਾਰੀ ਮੂਹਲੇ ਹੇਠਾਂ ਉਪਰ ਆਉਂਦੇ ਜਾਂਦੇ – ਧਮਕ ਪੈਂਦੀ ਵੱਖਰਾ ਹੀ ਨਜ਼ਾਰਾ ਹੁੰਦਾ ਹੈ ਇਹ ਦੇਖਣ – ਸੁਣਨ, ਜਾਨਣ – ਮਾਨਣ ਵਾਲਾ।

ਉੱਖਲੀ ਦੇ ਨਾਲ ਪਰ੍ਹਾਂ ਦੋ ਚਰਖੇ ਪਏ ਹਨ – ਪੀੜ੍ਹੀਆਂ ਸਣੇ ਤੇ ਇਕ ਛੋਟਾ ਜਿਹਾ ਸਟੂਲ ਵੀ ਜੋ ਵਿਚੋਂ ਦੀ ਬਣੇ (˘) ਹੋੜੇ ਨੁਮਾ ਨਿਸ਼ਾਨ ਵਿਚ ਹੱਥ ਪਾ ਕੇ ਚੁੱਕਿਆ ਜਾਂਦਾ ਹੈ – ਉਂਜ ਕਦੀ ਕਦੀ ਰੋਟੀ ਖਾਣ ਵੇਲੇ ਜਾਂ ਪਾਣੀ ਧਾਣੀ ਰੱਖਣ ਲਈ ਜਾਂ ਲਾਲਟੈਣ ਰੱਖਣ ਲਈ ਵਰਤਿਆ ਜਾਂਦਾ ਹੈ ਇਹ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

## ਭਾਈ ਹਰਜਿੰਦਰ ਸਿੰਘ ਸਭਰਾਅ ਵਲੋਂ ਗੁਰਦੁਆਰਾ ਸਿੰਘ ਸਭਾ 'ਚ ਕਥਾ ਪ੍ਰਵਾਹ

**ਮਿਲਪੀਟਸ/ਬਿਊਰੋ ਨਿਊਜ਼ :** ਸਿੱਖ ਪ੍ਰਚਾਰਕ ਭਾਈ ਹਰਜਿੰਦਰ ਸਿੰਘ ਸਭਰਾਅ ਨੇ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਵਿਖੇ



ਕਥਾ ਰਾਹੀਂ ਹਾਜ਼ਰੀ ਭਰੀ। ਉਨ੍ਹਾਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਆਸ਼ੇ ਅਨੁਸਾਰ ਕਥਾ ਸਰਵਣ ਕਰਵਾਈ। ਉਨ੍ਹਾਂ ਨੇ ਲਗਾਤਾਰ ਇਕ ਸਪਤਾਹ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਪੁਰਾਤਨ ਸਾਖੀਆਂ ਨੂੰ ਗੁਰਬਾਣੀ ਵਿਚਾਰਧਾਰਾ ਅਨੁਸਾਰ ਸੰਗਤ ਦੇ ਸਨਮੁਖ ਰੱਖਿਆ। ਸਮੂਹ ਕਥਾ ਦੀਵਾਨਾਂ ਵਿਚ ਕੰਮ ਵਾਲੇ ਦਿਨ ਹੋਣ ਦੇ ਬਾਵਜੂਦ ਸੰਗਤਾਂ ਵਲੋਂ ਭਰਪੂਰ ਹਾਜ਼ਰੀ ਭਰੀ ਗਈ। ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਵਲੋਂ ਅਜਿਹੇ ਸੁਘੜ ਪ੍ਰਚਾਰਕਾਂ ਦਾ ਹਮੇਸ਼ਾਂ ਹੀ ਸਵਾਗਤ ਕੀਤਾ ਗਿਆ ਹੈ। ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਨੂੰ ਭਵਿੱਖ ਵਿਚ ਵੀ ਗੁਰੂ ਘਰ ਆ ਕੇ ਕਥਾ ਕਰਨ ਦਾ ਸੱਦਾ ਦਿੱਤਾ। ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਨੂੰ ਵਿਸ਼ੇਸ਼ 'ਤੇ ਸਨਮਾਨਿਤ ਕੀਤਾ ਗਿਆ।

## ਗੁਰਦੁਆਰਾ ਲੈਂਕਰਸ਼ਿਮ ਵਿਖੇ ਮਨਾਇਆ ਜਾਵੇਗਾ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦਾ 121ਵਾਂ ਜਨਮ ਦਿਹਾੜਾ

**ਲੈਂਕਰਸ਼ਿਮ/ਬਿਊਰੋ ਨਿਊਜ਼ :**

ਸ਼ਹੀਦ ਕਰਤਾਰ ਸਿੰਘ ਮੈਮੋਰੀਅਲ ਸੁਸਾਇਟੀ ਵਲੋਂ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦਾ 121 ਸਾਲਾ ਜਨਮ ਦਿਹਾੜਾ 21 ਮਈ, ਐਤਵਾਰ ਨੂੰ ਗੁਰਦੁਆਰਾ ਲੈਂਕਰਸ਼ਿਮ ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ 19 ਮਈ ਨੂੰ ਸਵੇਰੇ 10:00 ਵਜੇ ਸ੍ਰੀ ਆਖੰਡ ਪਾਠ ਸਾਹਿਬ ਦਾ ਆਰੰਭ Sikh Gurdwara of Los Angeles, 7640 Lankershim Blvd. North Hollywood, CA. 91605 ਵਿਖੇ ਹੋਵੇਗਾ। ਸ੍ਰੀ ਆਖੰਡ ਪਾਠ ਦੇ ਭੋਗ 21 ਮਈ, ਐਤਵਾਰ ਨੂੰ ਸਵੇਰੇ 10:00 ਵਜੇ ਪਾਏ ਜਾਣਗੇ। ਇਸ ਤੋਂ ਇਲਾਵਾ 19 ਅਤੇ 20 ਮਈ ਨੂੰ ਸ਼ਾਮ 6:00 ਵਜੇ ਤੋਂ ਰਾਤ 8:30 ਵਜੇ ਤਕ ਦੀਵਾਨ ਸਜਾਏ ਜਾਣਗੇ। ਇਨ੍ਹਾਂ ਸਮਾਗਮਾਂ ਵਿਚ ਡਾ. ਜਸਵੰਤ ਸਿੰਘ ਢਿਲੋਂ, ਇਕਬਾਲ ਸਿੰਘ ਸਮਰਾ, ਹਰਜੀਤ ਸਿੰਘ, ਰਣਜੀਤ ਸਿੰਘ, ਧਰਮਿੰਦਰ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ, ਬਲਦੇਵ ਸਿੰਘ ਗਰੇਵਾਲ, ਬਲਜਿੰਦਰ ਸਿੰਘ ਗਰੇਵਾਲ, ਦਰਸ਼ਨ ਸਿੰਘ, ਜਸਮਿੰਦਰ ਸਿੰਘ ਗਰੇਵਾਲ, ਅਜੀਤ ਸਿੰਘ ਥਿੰਦ, ਦਲਜੀਤ ਸਿੰਘ, ਜਗਤਾਰ ਸਿੰਘ ਸਮਰਾ, ਜਤਿੰਦਰ ਸਿੰਘ ਗਰੇਵਾਲ, ਗੁਰਚਰਨ ਸਿੰਘ ਬੈਂਸ ਅਤੇ ਮਨਜੀਤ ਸਿੰਘ ਪੰਧੇਰ ਵਲੋਂ ਭਰਵਾਂ ਸਹਿਯੋਗ ਕੀਤਾ ਜਾ ਰਿਹਾ ਹੈ। ਇਸ ਮੌਕੇ ਸਿੱਖ ਵੈੱਲਫੇਅਰ ਆਰਗੇਨਾਈਜੇਸ਼ਨ ਵਲੋਂ ਛੋਲੇ-ਭਟੂਰਿਆਂ ਦਾ ਲੰਗਰ ਲਾਇਆ ਜਾਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਜਤਿੰਦਰ ਸਿੰਘ ਗਰੇਵਾਲ ਨਾਲ 818-632-0701 ਅਤੇ ਬਲਦੇਵ ਸਿੰਘ ਗਰੇਵਾਲ ਨਾਲ 818-456-6338 'ਤੇ ਕਾਲ ਕਰ ਸਕਦੇ ਹੋ।

## ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਗੁਰਦੁਆਰਾ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਇਲਾਕੇ ਦੀ ਸੰਗਤ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਉ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਏ ਗਏ। ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ, ਕਥਾ ਅਤੇ ਡਾ. ਅੰਬੇਡਕਰ ਦੀ ਜ਼ਿੰਦਗੀ ਅਤੇ ਸੰਵਿਧਾਨਕ ਦੇਣ ਸਬੰਧੀ ਵਿਚਾਰਾ ਹੋਈਆਂ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਰਾਮ ਸਿੰਘ ਦੇ ਜਥੇ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਇੰਦਰਜੀਤ ਸਿੰਘ ਅਤੇ ਅਮਨਜੋਤ ਸਿੰਘ ਮਾਛੀਵਾੜਾ ਨੇ ਸ਼ਬਦ ਗਾਇਨ ਕੀਤੇ। ਕਵੀਸ਼ਰ ਗੁਰਦੇਵ ਸਿੰਘ ਸਾਹੋਕੇ ਦੇ ਜਥੇ ਨੇ ਇਤਿਹਾਸਕ ਵਾਰਾਂ ਗਾਈਆਂ। ਇਸ ਮੌਕੇ



ਬੱਚੇ ਇੰਦਰਜੀਤ ਸਿੰਘ ਅਤੇ ਅਮਨਜੋਤ ਸਿੰਘ ਮਾਛੀਵਾੜਾ ਸ਼ਬਦ ਗਾਇਨ ਕਰਦੇ ਹੋਏ।

ਹਰਬਿਲਾਸ ਸਿੰਘ, ਮਲਕੀਤ ਸਿੰਘ ਬੰਗੜ, ਰਾਜ ਗੁਰੂ, ਅਮਰ ਦਰੌਚ, ਰਾਜ ਗੁਰੂ, ਰਾਜਿੰਦਰ ਗਨਜ਼ਰ, ਸ਼ੀਲਾਂ ਮਹੇ, ਜਸਵੀਰ ਮੰਮਨ, ਪ੍ਰਿਥੀਪਲ ਮਹਿੰਮੀ, ਮਨਦੀਪ ਕੌਰ, ਪਲਵਿੰਦਰ ਕੌਰ, ਡਾ. ਸਤਿਨਾਮ ਬੰਗੜ, ਪ੍ਰੇਮ ਸੋਢੀ, ਪਿਆਰਾ ਬਿਰਦੀ, ਸੁਰਜੀਤ ਸਿੰਘ ਮਾਛੀਵਾੜਾ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਅਤੇ ਸਿੱਖਿਆਵਾਂ 'ਤੇ ਅਮਲ ਕਰਨ ਲਈ ਪ੍ਰੇਰਿਆ। ਉਨ੍ਹਾਂ ਡਾ. ਅੰਬੇਡਕਰ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਭਾਈਚਾਰਕ ਸਾਂਝ ਅਤੇ ਜਾਤ-ਪਾਤ ਦੇ ਵਿਤਕਰੇ ਤੋਂ ਉੱਚਾ ਉੱਠ ਕੇ ਸਿੱਖਿਅਤ ਹੋਣ ਦੀ ਗੱਲ ਕੀਤੀ। ਇਸ ਸਮੇਂ 'ਮਦਰਜ਼ ਡੇ' 'ਤੇ ਸਮੂਹ ਮਾਂਵਾਂ ਨੂੰ ਵਧਾਈਆਂ ਦਿੱਤੀਆਂ ਗਈਆਂ। ਗੁਰੂ ਕਾ ਲੰਗਰ ਅਤੁੱਟ ਵਰਤਿਆ।

## 2020 ਦੀ ਜਨਗਣਨਾ 'ਚ ਸਿੱਖਾਂ ਨੂੰ ਵੱਖਰੀ ਸ਼੍ਰੇਣੀ 'ਚ ਸ਼ਾਮਲ ਕਰਨ ਦੀ ਮੰਗ

**ਨਾਰਵਿਚ (ਕਨੈਕਟੀਕਟ)/ਬਿਊਰੋ ਨਿਊਜ਼ :**

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲਾਨਿੰਗ ਬੋਰਡ ਨਾਰਵਿਚ ਕਨੈਕਟੀਕਟ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਨੇ ਅਮਰੀਕਾ ਵਿਚ ਨਸਲੀ ਹਮਲੇ ਰੋਕਣ ਲਈ ਟਰੰਪ ਸਰਕਾਰ ਨੂੰ ਅਪੀਲ ਕੀਤੀ ਕਿ ਅਮਰੀਕਾ ਵਿਚ ਹੋ ਰਹੀ 2020 ਦੀ ਜਨਗਣਨਾ ਵਿਚ ਸਿੱਖਾਂ ਨੂੰ ਵੱਖਰੀ




ਸ਼੍ਰੇਣੀ ਵਜੋਂ ਸ਼ਾਮਲ ਕੀਤਾ ਜਾਵੇ। ਸਵਰਨਜੀਤ ਸਿੰਘ ਖਾਲਸਾ ਨੇ ਸਮੁੱਚੀ ਦੁਨੀਆ ਵਿਚ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਨੇਕਾਂ ਦੇਸ਼ਾਂ ਵਿਚ ਸੱਜੇ ਪੱਖੀ ਤਾਕਤਾਂ ਭਾਰੂ ਪੈ ਰਹੀਆਂ ਹਨ ਜੋ ਜਾਤੀਵਾਦ ਤੇ ਨਸਲਵਾਦ ਦੀ ਸੋਚ ਅਧੀਨ ਸਭਿਆਚਾਰਕ ਬਹੁਲਤਾ ਤੇ ਸਰਬੱਤ ਦੀ ਆਜ਼ਾਦੀ ਨੂੰ ਢਾਅ ਲਗਾ ਰਹੀਆਂ ਹਨ ਤੇ ਇਸ ਨਾਲ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਹੈ। ਵਿਸ਼ਵ ਏਕਤਾ ਲਈ ਖ਼ਤਰਾ ਬਣ ਚੁੱਕੇ ਇਸ ਨਸਲਵਾਦ 'ਤੇ ਪਾਬੰਦੀ ਕਿਵੇਂ ਲੱਗੇ, ਇਸ ਸੰਦਰਭ ਵਿੱਚ ਸੰਯੁਕਤ ਰਾਸ਼ਟਰ ਸੰਘ ਜਿਹੀਆਂ ਸੰਸਥਾਵਾਂ ਨੂੰ ਸੋਚਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਸਿੱਖਾਂ ਬਾਰੇ ਬਣਾਈ ਕਾਲੀ ਸੂਚੀ ਰੱਦ ਕਰਨੀ ਚਾਹੀਦੀ ਹੈ ਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ, ਜੋ ਕਿ 20 ਸਾਲ ਤੋਂ ਵਧ ਸਜ਼ਾ ਭੁਗਤ ਚੁੱਕੇ ਹਨ। ਭਾਰਤ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ, ਘੱਟ ਗਿਣਤੀਆਂ 'ਤੇ ਹਮਲੇ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਮੋਦੀ ਦੇ ਰਾਜ ਦੌਰਾਨ ਇਹੋ ਜਿਹੇ ਨਸਲੀ ਹਮਲੇ ਵਧੇ ਹਨ। ਮੱਧ ਪ੍ਰਦੇਸ਼ ਵਿਚ ਪੁਲੀਸ ਵੱਲੋਂ ਸਿਕਲੀਗਰ ਸਿੱਖਾਂ 'ਤੇ ਹਮਲੇ ਅਤੇ ਤਸ਼ੱਦਦ ਕਾਰਨ ਅਨੇਕਾਂ ਸਿਕਲੀਗਰ ਸਿੱਖ ਆਪਣਾ ਧਰਮ ਛੱਡ ਰਹੇ ਹਨ। ਇਹ ਸੋਚੀ ਸਮਝੀ ਸਾਜ਼ਿਸ਼ ਤਹਿਤ ਹੋ ਰਿਹਾ ਹੈ। ਇਸ ਸੰਬੰਧ ਵਿਚ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵਿਚ ਸਮੀਖਿਆ ਦੌਰਾਨ ਭਾਰਤ ਨੂੰ 110 ਦੇਸ਼ਾਂ ਦੇ ਸਖਤ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਅਜਿਹਾ ਤੀਜੀ ਵਾਰ ਹੋਇਆ ਹੈ ਜਦੋਂ ਭਾਰਤ ਮਨੁੱਖੀ ਅਧਿਕਾਰਾਂ ਦੇ ਮਸਲੇ 'ਤੇ ਬੁਰੀ ਤਰ੍ਹਾਂ ਫਸਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕਾ, ਨਾਰਵੇ, ਆਸਟ੍ਰੇਲੀਆ, ਜਰਮਨੀ, ਆਇਰਲੈਂਡ ਅਤੇ ਚੈੱਕ ਗਣਰਾਜ ਨੇ ਇਹ ਵੀ ਮੱਸਲਾ ਚੁੱਕਿਆ ਹੈ ਕਿ ਭਾਰਤ ਵਿਚ ਘੱਟ ਗਿਣਤੀ ਕੌਮਾਂ ਨਾਲ ਸੰਬੰਧਤ ਸਮਾਜਸੇਵੀ ਸੰਸਥਾਵਾਂ ਲਈ ਵਿਦੇਸ਼ੀ ਫੰਡਾਂ 'ਤੇ ਰੋਕ ਲਗਾਈ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨਸਲਵਾਦ ਤੇ ਜਾਤੀਵਾਦ ਵੀ ਅੱਤਵਾਦ ਵਾਂਗ ਮਨੁੱਖਤਾ ਵਿਰੋਧੀ ਵਰਤਾਰਾ ਹੈ, ਜੋ ਕਿ ਮਾਨਵਤਾ ਦਾ ਨਾਸ਼ ਕਰਦਾ ਹੈ। ਇਸ ਨਾਲ ਵਿਸ਼ਵ ਸ਼ਾਂਤੀ ਖਤਰੇ ਵਿਚ ਪੈ ਸਕਦੀ ਹੈ।

## ਵਾਸ਼ਿੰਗਟਨ ਪੋਸਟ ਦਾ ਦਾਅਵਾ : ਟਰੰਪ ਨੇ ਰੂਸ ਨਾਲ ਸਾਂਝੀ ਕੀਤੀ ਸੰਵੇਦਨਸ਼ੀਲ ਜਾਣਕਾਰੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਰੋਜ਼ਨਾਮਚਾ ਵਾਸ਼ਿੰਗਟਨ ਪੋਸਟ ਨੇ ਦਾਅਵਾ ਕੀਤਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਹਫ਼ਤੇ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲੈਵਰੋਵ ਨਾਲ ਵ੍ਹਾਈਟ ਹਾਊਸ ਵਿੱਚ ਮੁਲਾਕਾਤ ਦੌਰਾਨ ਅਤਿ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕੀਤੀ ਹੈ। ਹਾਲਾਂਕਿ ਅਮਰੀਕੀ ਵਿਦੇਸ਼ ਮੰਤਰੀ ਰੈਕਸ ਟਿਲਰਸਨ ਤੇ ਕੌਮੀ ਸੁਰੱਖਿਆ ਸਲਾਹਕਾਰ ਐਚ.ਆਰ.ਮੈਕਮਾਸਟਰ ਨੇ ਫੌਰੀ ਇਸ ਖ਼ਬਰ ਦਾ ਖੰਡਨ ਕਰਦਿਆਂ ਕਿਹਾ ਕਿ ਰੂਸੀ ਵਿਦੇਸ਼ੀ ਮੰਤਰੀ ਨਾਲ ਅਜਿਹੀ ਕੋਈ ਚਰਚਾ ਨਹੀਂ ਹੋਈ ਜਿਸ ਨਾਲ ਮੁਲਕ ਨੂੰ ਖ਼ਤਰਾ ਦਰਪੇਸ਼ ਹੋਵੇ। ਰੋਜ਼ਨਾਮਚੇ ਨੇ ਕਿਹਾ ਕਿ ਉਸ ਨੂੰ ਇਹ ਜਾਣਕਾਰੀ ਅਮਰੀਕਾ ਦੇ ਇਕ ਭਾਈਵਾਲ ਨੇ ਖ਼ੁਫੀਆ ਜਾਣਕਾਰੀ ਸਾਂਝੀ ਕਰਨ ਦੇ ਕਰਾਰ ਤਹਿਤ ਦਿੱਤੀ ਹੈ। ਉਂਜ ਇਸ ਸਾਰੇ ਘਟਨਾਕ੍ਰਮ ਤੋਂ ਵਾਕਿਫ਼ ਬੇਨਾਮ ਅਮਰੀਕੀ ਅਧਿਕਾਰੀ ਦੇ ਹਵਾਲੇ ਨਾਲ ਰੋਜ਼ਨਾਮਚੇ ਨੇ ਕਿਹਾ, 'ਇਹ ਸਾਰੀ ਜਾਣਕਾਰੀ ਕੋਡ-ਵਰਡ ਵਿੱਚ ਸੀ।' ਰਿਪੋਰਟ ਮੁਤਾਬਕ ਕੋਡ-ਵਰਡ ਵਿੱਚ ਦਿੱਤੀ ਸੂਚਨਾ ਅਜਿਹੀ ਪਰਿਭਾਸ਼ਕ ਸ਼ਬਦਾਵਲੀ ਹੈ ਜਿਸ ਦਾ ਇਸਤੇਮਾਲ ਅਮਰੀਕੀ ਸੂਹੀਆ ਏਜੰਸੀਆਂ ਵੱਲੋਂ ਵਧੇਰੇ ਖ਼ੁਫੀਆ ਪੱਧਰ 'ਤੇ ਕਰਦੀਆਂ ਹਨ। ਰੋਜ਼ਨਾਮਚੇ ਦੀ ਰਿਪੋਰਟ ਮੁਤਾਬਕ ਟਰੰਪ ਨੇ ਰੂਸੀ ਰਾਜਦੂਤ ਨੂੰ ਵਾਧੂ ਜਾਣਕਾਰੀ ਦਿੱਤੀ, ਇੰਨੀ ਜਾਣਕਾਰੀ ਜੋ ਉਨ੍ਹਾਂ ਕਦੇ ਆਪਣੇ ਭਾਈਵਾਲਾਂ ਨਾਲ ਵੀ ਸਾਂਝੀ ਨਹੀਂ ਕੀਤੀ। ਰਿਪੋਰਟ ਵਿਚ ਅੱਗੇ ਕਿਹਾ ਗਿਆ ਕਿ ਇਸ ਤੋਂ ਬਾਅਦ ਅਮਰੀਕੀ ਅਧਿਕਾਰੀ ਨੁਕਸਾਨ ਦੀ ਪੂਰਤੀ ਦੇ ਯਤਨਾਂ ਵਿੱਚ ਲੱਗ ਗਏ ਹਨ। ਟਿਲਰਸਨ ਨੇ ਟਰੰਪ ਦਾ ਬਚਾਅ ਕਰਦਿਆਂ ਕਿਹਾ, 'ਰਾਸ਼ਟਰਪਤੀ ਟਰੰਪ ਦੀ ਵਿਦੇਸ਼ ਮੰਤਰੀ ਲੈਵਰੋਵ ਨਾਲ ਮੁਲਾਕਾਤ ਦੌਰਾਨ ਕਈ ਵਿਸ਼ਿਆਂ 'ਤੇ ਗੱਲਬਾਤ ਹੋਈ ਜਿਨ੍ਹਾਂ ਵਿਚ ਅਤਿਵਾਦ ਖ਼ਿਲਾਫ਼ ਲੜਾਈ ਵਿਚ ਦਰਪੇਸ਼ ਖ਼ਤਰਿਆਂ ਨਾਲ ਸਿੱਝਣਾ ਪ੍ਰਮੁੱਖ ਸੀ।' ਉਨ੍ਹਾਂ ਕਿਹਾ ਕਿ ਗੱਲਬਾਤ ਦੌਰਾਨ ਖਾਸ ਖ਼ਤਰਿਆਂ 'ਤੇ ਚਰਚਾ ਹੋਈ, ਪਰ ਸੂਤਰਾਂ, ਤੌਰ ਤਰੀਕਿਆਂ ਜਾਂ ਫੌਜੀ ਅਪਰੇਸ਼ਨਾਂ ਬਾਰੇ ਕੋਈ ਗੱਲ ਨਹੀਂ ਹੋਈ। ਮੀਟਿੰਗ ਵਿੱਚ ਸ਼ਾਮਲ ਕੌਮੀ ਸੁਰੱਖਿਆ ਸਲਾਹਕਾਰ ਐਚ.ਆਰ. ਮੈਕਮਾਸਟਰ ਨੇ ਕਿਹਾ ਕਿ ਰਾਸ਼ਟਰਪਤੀ ਤੇ ਵਿਦੇਸ਼ ਮੰਤਰੀ(ਰੂਸੀ) ਨੇ ਦਹਿਸ਼ਤੀ ਜਥੇਬੰਦੀਆਂ ਤੋਂ ਦਰਪੇਸ਼ ਸਾਂਝੇ ਖ਼ਤਰਿਆਂ 'ਤੇ ਹੀ ਨਜ਼ਰਸਾਨੀ ਕੀਤੀ।

# ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਵੱਲੋਂ ਫੈਮਲੀ ਪਿਕਨਿਕ ਅਤੇ ਵਿਸਾਖੀ ਟੂਰਨਾਮੈਂਟ

### ਓਪਨ ਕਬੱਡੀ ਮੁਕਾਬਲਿਆਂ 'ਚ 'ਮਲਟੀ ਸਪੋਰਟਸ ਕਲੱਬ ਟਰੇਸੀ' ਪਹਿਲੇ ਤੇ 'ਆਜ਼ਾਦ ਸਪੋਰਟਸ ਕਲੱਬ ਫਰਿਜ਼ਨੋ' ਦੂਜੇ ਸਥਾਨ 'ਤੇ ਰਿਹਾ







**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਸੈਂਟਰਲ ਵੈਲੀ ਕੈਲੀਫੋਰਨੀਆ ਦੇ ਸ਼ਹਿਰ ਸਨਵਾਕੀਨ ਦੇ ਸਟੇਡੀਅਮ ਵਿਚ ਗੁਰੂ ਨਾਨਕ ਸਪੋਰਟਸ ਕਲੱਬ ਕਰਮਨ ਅਤੇ ਸਨਵਾਕੀਨ ਵੱਲੋਂ ਫੈਮਲੀ ਪਿਕਨਿਕ ਅਤੇ ਦੋ ਦਿਨਾਂ ਟੂਰਨਾਮੈਂਟ ਕਰਵਾਇਆ ਗਿਆ। ਇਸ ਦੇ ਪਹਿਲੇ ਦਿਨ ਸ਼ੁਰੂਆਤ ਭਾਈ ਰਣਜੀਤ ਸਿੰਘ ਵਲੋਂ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ। ਫੈਮਲੀ ਪਿਕਨਿਕ ਵਿਚ ਗਿੱਧੇ, ਭੰਗੜੇ ਤੋਂ ਇਲਾਵਾ ਹੋਰ ਵਿਰਾਸਤੀ ਖੇਡਾਂ ਜਿਵੇਂ ਚਾਟੀ ਰੇਸ, ਬੋਰੀ ਰੇਸ, ਤਿੰਨ ਟੰਗੀ ਰੇਸ, ਰੱਸਾਕਸ਼ੀ, ਕੁੱਕੜ ਫੜਨਾ ਵਰਗੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਇਸ ਵਿਚ ਔਰਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਬੀਬੀਆਂ ਵਲੋਂ ਪੰਜਾਬੀ ਰਹੁ-ਰੀਤਾਂ ਨਾਲ ਸੰਬੰਧਤ ਗੀਤਾਂ ਤੋਂ ਇਲਾਵਾ ਨਾਨਕਾ ਮੇਲ ਅਤੇ ਦਾਦਕਾ ਮੇਲ ਦੇ ਗੀਤਾਂ ਦਾ ਮੁਕਾਬਲਾ ਬਹੁਤ ਸਲਾਹੁਣਯੋਗ ਸੀ। ਕਰਮਨ ਪੰਜਾਬੀ ਸਕੂਲ, ਜੀ.ਐਚ. ਜੀ. ਅਕੈਡਮੀ ਅਤੇ ਹੋਰ ਸਥਾਨਕ ਸਕੂਲਾਂ ਦੇ ਬੱਚਿਆਂ ਵਲੋਂ ਵਿਰਾਸਤੀ ਖੇਡਾਂ ਵਿਚ ਹਿੱਸਾ ਲੈ ਕੇ ਪੰਜਾਬੀ ਸਭਿਆਚਾਰ ਪ੍ਰਤੀ ਪਿਆਰ ਅਤੇ ਦਿਲਚਸਪੀ ਦਾ ਖ਼ੂਬ ਪ੍ਰਦਰਸ਼ਨ ਕੀਤਾ



ਗਿਆ। ਸਥਾਨਕ ਸਕੂਲਾਂ ਵਿਚ 4.0 ਜਾਂ ਵਧੀਕ ਜੀ.ਪੀ. ਏ. (4.0 or Plus G.P.A.) ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਬਾਕੀ ਖੇਡਾਂ ਵਾਂਗ ਨਕਦ ਇਨਾਮ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਟੂਰਨਾਮੈਂਟ ਵਿਚ ਦੂਸਰੇ ਦਿਨ ਕਬੱਡੀ ਦੇ ਅੰਡਰ ਇੱਕੀ ਸਾਲ ਉਮਰ ਅਤੇ ਓਪਨ ਕਬੱਡੀ ਦੇ ਮੁਕਾਬਲੇ ਕਰਵਾਏ ਗਏ। ਅੰਤਰ-ਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀਆਂ ਨੇ ਭਾਰਤ ਅਤੇ ਕੈਨੇਡਾ ਤੋਂ ਪਹੁੰਚ ਕੇ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ। ਓਪਨ ਕਬੱਡੀ ਦੇ ਮੁਕਾਬਲਿਆਂ ਵਿਚ 'ਮਲਟੀ ਸਪੋਰਟਸ ਕਲੱਬ ਟਰੇਸੀ' ਪਹਿਲੇ ਸਥਾਨ ਅਤੇ 'ਆਜ਼ਾਦ ਸਪੋਰਟਸ ਕਲੱਬ ਫਰਿਜ਼ਨੋ' ਦੂਜੇ ਸਥਾਨ 'ਤੇ ਰਿਹਾ। ਇਸੇ ਤਰ੍ਹਾਂ ਅੰਡਰ ਇੱਕੀ ਸਾਲ ਕਬੱਡੀ ਮੁਕਾਬਲਿਆਂ ਵਿਚ ਪਹਿਲਾ ਸਥਾਨ 'ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ' ਅਤੇ ਦੂਸਰਾ ਸਥਾਨ 'ਯੂਬਾ ਬ੍ਰਦਰਜ਼ ਯੂਬਾ ਸਿਟੀ' ਨੇ ਪ੍ਰਾਪਤ ਕੀਤਾ। ਬੱਚਿਆਂ ਦੀ ਬਾਸਕਟ ਬਾਲ ਅਤੇ ਬਜ਼ੁਰਗਾਂ, ਬੱਚਿਆਂ ਅਤੇ ਬੀਬੀਆਂ ਦੁਆਰਾ ਰੱਸਾਕਸ਼ੀ ਦੇ ਮੁਕਾਬਲੇ ਵੀ ਹੋਏ। ਇਸ ਸਮੇਂ ਦੋਨੋਂ ਦਿਨ ਪੰਜਾਬੀ ਗਾਇਕੀ ਦੀ ਬੁਲੰਦ ਆਵਾਜ਼ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਪ੍ਰਸਿੱਧ ਗਾਇਕਾ ਜੋਤ ਰਣਜੀਤ ਅਤੇ ਦਿਲਦਾਰ ਮਿਊਜ਼ੀਕਲ ਗਰੁੱਪ ਕੈਲੀਫੋਰਨੀਆ ਵੱਲੋਂ ਖੁੱਲ੍ਹੇ ਅਖਾੜੇ ਦੇ ਰੂਪ ਵਿਚ ਆਪਣੀ ਗਾਇਕੀ ਰਾਹੀਂ ਹਾਜ਼ਰੀਨ ਦਾ ਮਨੋਰੰਜਨ ਵੀ ਕੀਤਾ ਗਿਆ। ਕਬੱਡੀ ਟੂਰਨਾਮੈਂਟ ਦੌਰਾਨ ਸਟੇਜ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਕੀਤਾ ਅਤੇ ਇਸੇ ਦੌਰਾਨ ਸਮੇਂ-ਸਮੇਂ ਗੁਰਬਿੰਦਰ ਧਾਲੀਵਾਲ ਅਤੇ ਬਲਵੀਰ ਢਿੱਲੋਂ ਨੇ ਉਨ੍ਹਾਂ ਦਾ ਸਾਥ ਦਿੱਤਾ। ਜਦ ਕਿ ਫੈਮਲੀ ਪਿਕਨਿਕ ਦੌਰਾਨ ਸਟੇਜ ਸੰਚਾਲਨ ਗੁਲਬਿੰਦਰ ਗੈਰੀ ਢੇਸੀ ਨੇ ਕੀਤਾ। ਲੰਗਰ ਅਤੇ ਮੁਫ਼ਤ ਪਾਰਕਿੰਗ ਦਾ ਪ੍ਰਬੰਧ ਸੀ। ਪ੍ਰਬੰਧਕਾ ਵੱਲੋਂ ਜੇਤੂ ਟੀਮਾਂ ਨੂੰ ਦਿਲਕਸ਼ ਇਨਾਮ ਅਤੇ ਸਨਮਾਨ ਦੇਣ ਤੋਂ ਇਲਾਵਾ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਵਰਨਣਯੋਗ ਹੈ ਕਿ 1970 ਦੇ ਦਹਾਕੇ ਦੌਰਾਨ ਸੈਂਟਰਲ ਵੈਲੀ ਵਿਚ ਕਬੱਡੀ ਦੀ ਸ਼ੁਰੂਆਤ ਕਰਨ ਵਾਲੇ ਗੁਰੂ ਨਾਨਕ ਸਪੋਰਟਸ ਕਲੱਬ ਦੀ ਆਪਣੀ ਕਬੱਡੀ ਦੀ ਕਈ ਸਾਲਾ ਤੋਂ ਕੋਈ ਟੀਮ ਨਹੀਂ ਹੈ, ਪਰ ਖੇਡਾਂ ਨੂੰ ਸਮਰਪਿਤ ਹੋਣ ਕਰਕੇ ਹਰ ਸਾਲ ਇਹ ਕਲੱਬ ਸਹਿਯੋਗੀਆਂ ਦੀ ਮਦਦ ਨਾਲ ਸ਼ਾਨਦਾਰ ਟੂਰਨਾਮੈਂਟ ਕਰਵਾਉਂਦੇ ਹਨ। ਅੰਤ ਆਪਣੀਆਂ ਯਾਦਗਾਰੀ ਅਮਿੱਟ ਪੈੜਾ ਛੱਡਦਾ ਹੋਇਆ ਅੰਤਰ-ਰਾਸ਼ਟਰੀ ਕਬੱਡੀ ਟੂਰਨਾਮੈਂਟ ਅਤੇ ਖੇਡ ਮੇਲਾ ਯਾਦਗਾਰੀ ਹੋ ਨਿੱਬੜਿਆ।

# Sir Speedy Tustin
*Printers to the Community*

**Outdoor 3'x11' Promo Flag**
**Only $29/-**
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

**11" Printed Balloons**
Printed with your logo and info. One color, one location. Min. qty 1000
**19¢ each**

**Your Printed T-Shirts**
White T-Shirts, 1 color screen printing in 1 position. Min Qty. 100
**Only $4.99**

**Your Printed Caps**
1 color in 1 position. Min Qty. 100
**Only $4.99**

**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW

### ਵਿਚਾਰ ਆਪੋ ਅਪਣੇ

# ਸਿੱਖ ਪੰਥ ਵਿੱਚ ਇਸਤਰੀਆਂ ਨਾਲ ਵਿਤਕਰਾ ਕਿਉਂ ?

**'ਸੱਚਖੰਡ' ਸ੍ਰੀ ਹਰਿਮੰਦਰ ਸਾਹਿਬ ਵਿਖੇ ਜੇ ਪੁਰਸ਼ ਕੀਰਤਨੀ ਜਥੇ ਕੀਰਤਨ ਕਰ ਸਕਦੇ ਹਨ ਤਾਂ ਫਿਰ ਇਸਤਰੀ ਜਥੇ ਕੀਰਤਨ ਕਿਉਂ ਨਹੀਂ ਕਰਦੇ? ਕੀ ਕਿਸੇ ਗੁਰੂ ਸਾਹਿਬ ਦੇ ਹੁਕਮ ਜਾਂ ਕਿਸੇ ਗੁਰ-ਮਰਿਆਦਾ ਤਹਿਤ ਇੱਥੇ ਇਸਤਰੀਆਂ ਨੂੰ ਕੀਰਤਨ ਨਹੀਂ ਕਰਨ ਦਿੱਤਾ ਜਾਂਦਾ? ਸਿੱਖਾਂ ਦੀ ਇਸ ਸਰਬਉੱਚ ਧਾਰਮਿਕ ਸੰਸਥਾ ਵਿੱਚ ਇਸਤਰੀ ਨਾਲ ਇੰਨਾ ਵੱਡਾ ਵਿਤਕਰਾ ਕਿਉਂ ਹੈ ਤੇ ਇਹ ਕਿਵੇਂ ਦੂਰ ਹੋ ਸਕਦਾ ਹੈ?**

**ਪਰਮਜੀਤ ਸਿੰਘ ਨਿੱਕੇ ਘੁੰਮਣ**
(ਮੋਬਾਈਲ : 97816-46008)

ਮੁਸਲਮਾਨਾਂ ਵਿੱਚ ਔਰਤਾਂ ਨੂੰ ਤਿੰਨ ਵਾਰੀ ਤਲਾਕ ਆਖ ਕੇ ਤਲਾਕ ਦੇਣ ਦਾ ਮਾਮਲਾ ਹੋਵੇ, ਮੁਸਲਿਮ ਔਰਤਾਂ ਨੂੰ ਕੁਝ ਖ਼ਾਸ ਮਸਜਿਦਾਂ ਅਤੇ ਜਾਂ ਫਿਰ ਦਲਿਤ ਹਿੰਦੂ ਔਰਤਾਂ ਨੂੰ ਕੁਝ ਖ਼ਾਸ ਮੰਦਿਰਾਂ ਵਿੱਚ ਦਾਖ਼ਲ ਨਾ ਹੋਣ ਦੇਣ ਦੀ ਗੱਲ ਹੋਵੇ। ਔਰਤਾਂ ਨਾਲ ਹਰੇਕ ਧਰਮ, ਪੈਰੋਕਾਰਾਂ ਵੱਲੋਂ ਧਾਰਮਿਕ ਜਾਂ ਸਮਾਜਿਕ ਪੱਧਰ 'ਤੇ ਵਿਤਕਰਾ ਕਰਨ ਦੇ ਪ੍ਰਮਾਣ ਮੌਜੂਦ ਹਨ। ਸਿੱਖ ਧਰਮ ਨੂੰ ਦੁਨੀਆ ਦਾ ਅਜਿਹਾ ਧਰਮ ਕਿਹਾ ਜਾਂਦਾ ਹੈ, ਜਿਸ ਦੇ ਮੋਢੀਆਂ ਨੇ ਨਾ ਕੇਵਲ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ" ਉਚਾਰ ਕੇ ਔਰਤ ਨਾਲ ਧਰਮ ਤੇ ਸਮਾਜ ਵੱਲੋਂ ਕੀਤੇ ਜਾਂਦੇ ਵਿਤਕਰੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ, ਸਗੋਂ ਸਾਰੇ ਦਸ ਗੁਰੂ ਸਾਹਿਬਾਨ ਨੇ ਆਪੋ ਆਪਣੇ ਜੀਵਨ ਕਾਲ ਦੌਰਾਨ ਨਾਰੀ ਨੂੰ ਪੂਰਾ ਮਾਣ ਸਤਿਕਾਰ ਅਤੇ ਬਰਾਬਰੀ ਦਾ ਦਰਜਾ ਵੀ ਦਿੱਤਾ। ਸਿੱਖ ਧਰਮ ਵਿੱਚ ਹਰੇਕ ਔਰਤ ਨੂੰ ਸਿੱਖ ਮਰਿਆਦਾ ਅਨੁਸਾਰ ਗੁਰਦੁਆਰਿਆਂ ਵਿੱਚ ਜਾਣ, ਪਾਠ ਕਰਨ, ਚੌਰ ਕਰਨ, ਕੀਰਤਨ ਸੁਣਨ ਜਾਂ ਹੋਰ ਕਿਰਿਆਵਾਂ ਕਰਨ ਦਾ ਅਧਿਕਾਰ ਹੈ ਤੇ ਸੰਗਤ ਜਾਂ ਪੰਗਤ ਵਿੱਚ ਨਾਰੀ ਨਾਲ ਕਿਸੇ ਕਿਸਮ ਦਾ ਵੀ ਵਿਤਕਰਾ ਨਜ਼ਰ ਨਹੀਂ ਪੈਂਦਾ, ਪਰ ਜਦੋਂ ਸਿੱਖਾਂ ਦਾ 'ਮੱਕਾ' ਕਹੇ ਜਾਣ ਵਾਲੇ 'ਸੱਚਖੰਡ' ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵੱਲ ਨਜ਼ਰ ਜਾਂਦੀ ਹੈ ਤਾਂ ਔਰਤ ਨਾਲ ਵਿਤਕਰਾ ਸਪਸ਼ਟ ਨਜ਼ਰ ਆਉਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਫ਼ਿਜ਼ਾ ਵਿੱਚ ਹਰ ਸਮੇਂ ਅੰਮ੍ਰਿਤਮਈ ਗੁਰਬਾਣੀ ਦਾ ਰਸਭਿੰਨਾ ਕੀਰਤਨ ਗੂੰਜਦਾ ਹੈ ਤੇ ਲੱਖਾਂ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਇਸ ਪਾਵਨ ਅਸਥਾਨ 'ਤੇ ਪੁੱਜ ਕੇ ਪ੍ਰਭੂ ਜਸ ਸਰਵਣ ਕਰਦੀਆਂ ਹਨ। ਪਰ ਮਨ ਨੂੰ ਉਸ ਵੇਲੇ ਬੜੀ ਠੇਸ ਪੁੱਜਦੀ ਹੈ ਜਦੋਂ ਇੱਥੇ ਸਦੀਆਂ ਤੋਂ ਚੱਲਦੀ ਆ ਰਹੀ ਕੀਰਤਨ ਪਰੰਪਰਾ ਵਿੱਚ ਅੱਜ ਤਕ ਕਿਸੇ ਵੀ ਪੁਰਬ ਮੌਕੇ ਕੋਈ ਇਸਤਰੀ ਜਥਾ ਜਾਂ ਕੋਈ ਨਾਰੀ ਕੰਠ ਗੁਰਬਾਣੀ ਗਾਇਨ ਕਰਦਾ ਹੋਇਆ ਸੁਣਨ ਨੂੰ ਨਹੀਂ ਮਿਲਦਾ।

ਪ੍ਰਮਾਣਿਕ ਤੱਥਾਂ ਅਨੁਸਾਰ ਸਿੱਖਾਂ ਕੋਲ ਅੰਮ੍ਰਿਤਧਾਰੀ ਅਤੇ ਪੂਰਨ ਗੁਰ ਮਰਿਆਦਾ ਤੇ ਰਾਗਬੱਧ ਸ਼ੈਲੀ ਵਿੱਚ ਕੀਰਤਨ ਕਰਨ ਵਾਲੇ ਰਾਗੀ ਜਥਿਆਂ ਦੀ ਕੋਈ ਕਮੀ ਨਹੀਂ ਹੈ, ਪਰ ਫਿਰ ਵੀ ਇਸ ਪਾਵਨ ਅਸਥਾਨ ਤੋਂ ਕਿਸੇ ਵੀ ਨਾਰੀ ਕੰਠ ਤੋਂ ਉਚਾਰਿਆ ਹੋਇਆ ਅੰਮ੍ਰਿਤਮਈ ਬਾਣੀ ਦਾ ਕੀਰਤਨ ਸੁਣਨ ਨੂੰ ਨਹੀਂ ਮਿਲਦਾ ਹੈ। ਸਵਾਲ ਇਹ ਹੈ ਕਿ ਇਸ ਅਸਥਾਨ 'ਤੇ ਜੇ ਪੁਰਸ਼ ਕੀਰਤਨੀ ਜਥੇ ਕੀਰਤਨ ਕਰ ਸਕਦੇ ਹਨ ਤਾਂ ਫਿਰ ਇਸਤਰੀ ਜਥੇ ਕੀਰਤਨ ਕਿਉਂ ਨਹੀਂ ਕਰਦੇ? ਕੀ ਕਿਸੇ ਗੁਰੂ ਸਾਹਿਬ ਦੇ ਹੁਕਮ ਜਾਂ ਕਿਸੇ ਗੁਰ-ਮਰਿਆਦਾ ਤਹਿਤ ਇੱਥੇ ਇਸਤਰੀਆਂ ਨੂੰ ਕੀਰਤਨ ਨਹੀਂ ਕਰਨ ਦਿੱਤਾ ਜਾਂਦਾ? ਸਿੱਖਾਂ ਦੀ ਇਸ ਸਰਬਉੱਚ ਧਾਰਮਿਕ ਸੰਸਥਾ ਵਿੱਚ ਇਸਤਰੀ ਨਾਲ ਇੰਨਾ ਵੱਡਾ ਵਿਤਕਰਾ ਕਿਉਂ ਹੈ ਤੇ ਇਹ ਕਿਵੇਂ ਦੂਰ ਹੋ ਸਕਦਾ ਹੈ? ਇਸ ਸਬੰਧੀ ਸਮੂਹ ਪੰਥ ਹਿਤੈਸ਼ੀ ਜਥੇਬੰਦੀਆਂ, ਸਿੱਖ ਬੁੱਧੀਜੀਵੀਆਂ ਅਤੇ ਨਾਰੀ ਸੰਗਠਨਾਂ ਨੂੰ ਮਿਲ ਬੈਠ ਕੇ ਵਿਚਾਰ ਕਰਨ ਦੀ ਲੋੜ ਹੈ।

ਦੂਜਾ ਮਹੱਤਵਪੂਰਨ ਮਸਲਾ ਜਾਂ ਵਿਤਕਰਾ ਇਹ ਵੀ ਹੈ ਕਿ ਸਿੱਖਾਂ ਕੋਲ ਪੰਜ ਤਖ਼ਤ ਹਨ ਤੇ ਕਿਸੇ ਵੀ ਇੱਕ ਤਖ਼ਤ ਦੀ ਕਮਾਨ ਕਿਸੇ ਪੂਰਨ ਗੁਰਸਿੱਖ ਔਰਤ ਦੇ ਹੱਥ ਵਿੱਚ ਨਹੀਂ ਹੈ ਜਦੋਂ ਕਿ ਸਿੱਖਾਂ ਦੀ ਅੱਧੀ ਦੇ ਕਰੀਬ ਆਬਾਦੀ ਬੱਚੀਆਂ ਅਤੇ ਔਰਤਾਂ ਦੀ ਹੈ। ਕੀ ਇਸ ਅਹੁਦੇ ਜਾਂ ਪਦਵੀ ਦੇ ਲਾਇਕ ਕੋਈ ਸਿੱਖ ਇਸਤਰੀ ਨਹੀਂ ਹੈ? ਜਾਂ ਫਿਰ ਸਿੱਖ ਪੁਰਸ਼ ਹੀ ਸਿੱਖ ਇਸਤਰੀ ਨਾਲੋਂ ਵੱਧ ਧਾਰਮਿਕ, ਮਰਿਆਦਾ ਵਾਲੇ ਅਤੇ ਸੂਝਵਾਨ ਹਨ? ਕੀ ਸਿੱਖ ਇਸਤਰੀਆਂ ਵਿੱਚ ਕੋਈ ਊਣਤਾਈ ਹੈ ਜਿਸ ਕਰਕੇ ਉਨ੍ਹਾਂ ਨੂੰ ਇਸ ਪਦਵੀ ਲਈ ਚੁਣਨਾ ਤਾਂ ਦੂਰ ਵਿਚਾਰਨਾ ਵੀ ਉਚਿੱਤ ਨਹੀਂ ਸਮਝਿਆ ਜਾਂਦਾ? ਸਵਾਲ ਇਹ ਵੀ ਹੈ ਕਿ ਜੇਕਰ ਕੋਈ ਸਿੱਖ ਇਸਤਰੀ ਸਮੁੱਚੇ ਸਿੱਖ ਗੁਰਦੁਆਰਾ ਸਾਹਿਬਾਨ ਦੀ ਸਾਂਝੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬਣ ਸਕਦੀ ਹੈ ਤਾਂ ਫਿਰ ਕੋਈ ਇਸਤਰੀ ਕਿਸੇ ਤਖ਼ਤ ਦੀ ਮੁਖੀ ਕਿਉਂ ਨਹੀਂ ਥਾਪੀ ਜਾ ਸਕਦੀ? ਅੱਜ ਵੱਡੀ ਲੋੜ ਹੈ ਕਿ ਸਮੂਹ ਸਿੱਖ ਵਿਚਾਰਕ, ਪ੍ਰਚਾਰਕ, ਵਿਦਵਾਨ ਅਤੇ ਜਥੇਦਾਰ ਸਾਹਿਬਾਨ ਮਿਲ ਬੈਠ ਕੇ ਇਸ ਵਿਤਕਰੇ ਭਰੇ ਵਰਤਾਰੇ ਨੂੰ ਖ਼ਤਮ ਕਰਨ ਲਈ ਹੰਭਲਾ ਮਾਰਨ।

# ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਸੰਗਤ ਵਲੋਂ ਜਪੁਜੀ ਸਾਹਿਬ ਦੇ ਪਾਠ ਅਤੇ ਅਰਦਾਸ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਦੀ ਮੰਗ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਦੀ ਅਗਵਾਈ ਹੇਠ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਸਮੇਤ ਦੇਸ਼ ਵਿਦੇਸ਼ ਦੀ ਸੰਗਤ ਵਲੋਂ ਗੁਰਦੁਆਰਿਆਂ ਵਿਚ ਜਪੁਜੀ ਸਾਹਿਬ ਦੇ ਪਾਠ ਅਤੇ ਅਰਦਾਸ ਕੀਤੀ ਗਈ ਹੈ। ਜਿਸ ਤਹਿਤ ਇਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਜਪੁਜੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਅਰਦਾਸ ਕੀਤੀ ਗਈ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਨੂੰ ਲੈ ਕੇ ਸੰਘਰਸ਼ ਦੀ ਅਗਲੀ ਰੂਪ ਰੇਖਾ ਉਲੀਕਣ ਲਈ ਸਿੱਖ ਜਥੇਬੰਦੀਆਂ ਦੀ ਇਕ ਮੀਟਿੰਗ 24 ਮਈ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸੱਦੀ ਹੈ।

ਮਿੱਥੇ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਜਪੁਜੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਅਰਦਾਸ ਕੀਤੀ ਗਈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਸਮੂਹ ਗੁਰਦੁਆਰਿਆਂ ਵਿਚ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਅਨੁਸਾਰ ਪਾਠ ਅਤੇ ਅਰਦਾਸ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵਲੋਂ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਸਮੁੱਚੀ ਸਿੱਖ ਕੌਮ ਨੂੰ ਇਕਜੁਟ ਹੋਣ ਦੀ ਅਪੀਲ ਕੀਤੀ ਗਈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਬੋਧਨ ਕਰਦਿਆਂ ਗੁਰਦੁਆਰਾ ਗਿਆਨ ਗੋਦੜੀ ਦੇ ਇਤਿਹਾਸ ਬਾਰੇ ਸਿੱਖ ਸੰਗਤਾਂ ਨੂੰ ਜਾਣੂ ਕਰਾਇਆ। ਉਨ੍ਹਾਂ ਦੱਸਿਆ ਕਿ ਸਿੱਖ ਸੰਗਤ ਲੰਮੇ ਸਮੇਂ ਤੋਂ ਮੰਗ ਕਰ ਰਹੀ ਹੈ ਕਿ ਇਸ ਗੁਰਦੁਆਰੇ ਦੀ ਮੁੜ ਹਰਿ ਕੀ ਪਉੜੀ ਵਿਖੇ ਹੀ ਸਥਾਪਨਾ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਇਹ ਮੰਦਭਾਗੀ ਗੱਲ ਹੈ ਕਿ ਸਿੱਖ ਧਰਮ ਦੇ ਬਾਨੀ ਨਾਲ ਸਬੰਧਤ ਗੁਰਦੁਆਰੇ ਨੂੰ ਨੁਕਸਾਨ ਪੁਚਾਇਆ ਗਿਆ ਹੈ ਜਦੋਂਕਿ ਸਿੱਖ ਕੌਮ ਨੇ ਦੇਸ਼ ਦੀ ਆਜ਼ਾਦੀ ਵਾਸਤੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ, ਦਮਦਮੀ ਟਕਸਾਲ, ਸੰਤ ਸਮਾਜ, ਨਾਨਕਸਰ ਸੰਪਰਦਾ, ਹੋਰ ਸਭਾ ਸੁਸਾਇਟੀਆਂ, ਨਿਹੰਗ ਸਿੰਘ ਜਥੇਬੰਦੀਆਂ ਸਮੇਤ ਸਮੂਹ ਸਿੱਖਾਂ ਨੂੰ ਅਪੀਲ ਕੀਤੀ ਕਿ ਇਸ ਮੀਟਿੰਗ ਵਿਚ ਸ਼ਾਮਲ ਹੋਣ। ਉਨ੍ਹਾਂ ਆਖਿਆ ਕਿ ਇਹ ਕੋਈ ਸਿਆਸੀ ਪ੍ਰੋਗਰਾਮ ਨਹੀਂ ਹੈ ਅਤੇ ਨਾ ਹੀ ਕਿਸੇ ਇਕ ਸਿਆਸੀ ਪਾਰਟੀ ਦਾ ਪ੍ਰੋਗਰਾਮ ਹੈ, ਇਸ ਲਈ ਸਮੂਹ ਪਾਰਟੀਆਂ ਦੇ ਨੁਮਾਇੰਦੇ ਸਿਆਸਤ ਤੋਂ ਉੱਪਰ ਉੱਠ ਕੇ ਇਸ ਸਮਾਗਮ ਵਿਚ ਸ਼ਾਮਲ ਹੋਣ। ਇਸ ਮੌਕੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ, ਅਮਰਜੀਤ ਸਿੰਘ ਚਾਵਲਾ, ਸਕੱਤਰ ਡਾ. ਰੂਪ ਸਿੰਘ ਨੇ ਵੀ ਸੰਬੋਧਨ ਕੀਤਾ।

## ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਪਾਕਿ ਸੰਗਤ ਵਲੋਂ ਜਪੁਜੀ ਸਾਹਿਬ ਦੇ ਪਾਠ



**ਕਰਾਚੀ/ਬਿਊਰੋ ਨਿਊਜ਼ :** ਪਾਕਿਸਤਾਨ ਸਿੱਖ ਕੌਂਸਲ ਦੇ ਪੈਟਰਨ-ਇਨ-ਚੀਫ਼ ਰਮੇਸ਼ ਸਿੰਘ ਖਾਲਸਾ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਤਾਮੀਲ ਕਰਦੇ ਹੋਏ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਸਿੰਧ, ਬਲੋਚਿਸਤਾਨ, ਪੰਜਾਬ, ਪਿਸ਼ਾਵਰ ਦੇ ਗੁਰਦੁਆਰਿਆਂ ਵਿਚ ਜਪੁਜੀ ਸਾਹਿਬ ਦੇ ਪਾਠ ਅਤੇ ਅਰਦਾਸ ਲਈ ਵਿਸ਼ੇਸ਼ ਸਮਾਗਮ ਕੀਤੇ ਗਏ। ਰਮੇਸ਼ ਸਿੰਘ ਖਾਲਸਾ ਜੀ ਨੇ ਵਿਸ਼ੇਸ਼ ਤੌਰ 'ਤੇ ਕਰਾਚੀ ਦੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਸਿੱਖ ਸਭਾ ਅਤੇ ਗੁਰੂ ਨਨਕ ਦਰਬਾਰ ਕਰਾਚੀ ਵਿਖੇ ਸੰਗਤਾਂ ਨਾਲ ਹਾਜ਼ਰੀ ਭਰਦੇ ਹੋਏ ਅਰਦਾਸ ਤੋਂ ਬਾਅਦ ਦੱਸਿਆ ਕਿ ਉੱਤਰਾਖੰਡ ਦੀ ਸਰਕਾਰ ਵੱਲੋਂ ਸੁੰਦਰੀਕਰਨ ਦੇ ਨਾਂਅ 'ਤੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਹੋਂਦ ਨੂੰ ਖਤਮ ਕਰ ਦਿੱਤਾ ਗਿਆ ਸੀ। ਇਸ ਪਿੱਛੇ ਉਨ੍ਹਾਂ ਦਾ ਮਕਸਦ ਸੁੰਦਰੀਕਰਨ ਨਹੀਂ ਸੀ, ਸਗੋਂ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਹੋਂਦ ਨੂੰ ਮਿਟਾਉਣਾ ਸੀ। ਅੱਜ ਸੰਗਤਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਹਿੰਦੋਸਤਾਨ ਵਿਚ 1984 ਵਿਚ ਅਪਰੇਸ਼ਨ ਬਲੂਸਟਾਰ ਦੇ ਨਾਂਅ ਹੇਠ ਕਈ ਸੌ ਇਤਿਹਾਸਕ ਗੁਰਦੁਆਰਿਆਂ ਨੂੰ ਮਿਟਾਉਣ ਦੇ ਮਨਸੂਬੇ ਤਹਿਤ ਹਮਲੇ ਕੀਤੇ ਗਏ ਅਤੇ ਸਿੱਖ ਰੈਫਰੰਸ ਲਾਇਬਰੇਰੀ ਨੂੰ ਤਬਾਹ ਕੀਤਾ ਗਿਆ। ਗੁਰਦੁਆਰਾ ਗਿਆਨ ਗੋਦੜੀ ਸਾਹਿਬ ਨੂੰ ਮੁੜ ਸਥਾਪਤ ਕਰਨ ਲਈ ਪੰਥਕ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ-ਨਾਲ ਸਿੱਖ ਸਭਾਵਾ, ਸੁਸਾਇਟੀਆਂ, ਟਕਸਾਲਾਂ, ਸਿੱਖ ਸੰਪਰਦਾਵਾਂ ਦੇ ਮੁਖੀਆਂ ਤੋਂ ਇਲਾਵਾ ਇਸ ਪੰਥਕ ਕਾਰਜ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਤਾਰਾ ਸਿੰਘ ਵੱਲੋਂ ਵੀ ਸਮਰਥਨ ਦਿੱਤਾ ਗਿਆ। ਸ੍ਰੀ ਨਨਕਾਣਾ ਸਾਹਿਬ, ਪੰਜਾ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ, ਪਿਸ਼ਾਵਰ ਤੇ ਗੁਰਦੁਆਰਾ ਭਾਈ ਜੋਗਾ ਸਿੰਘ ਵਿਖੇ ਜਪੁਜੀ ਸਾਹਿਬ ਦੇ ਪਾਠ ਕਰਵਾ ਕੇ ਪੰਥਕ ਹਿੱਤਾਂ ਦਾ ਸਮਰਥਨ ਕੀਤਾ। ਰਮੇਸ਼ ਸਿੰਘ ਖਾਲਸਾ ਨੇ ਇਸ ਕਾਰਜ ਵਿਚ ਸ਼ਮੂਲੀਅਤ ਕਰਨ ਵਾਲੀਆਂ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਦਾ ਧੰਨਵਾਦ ਕੀਤਾ।

## ਪਾਕਿ : ਗੁਰੂ ਰਾਮਦਾਸ ਸਾਹਿਬ ਗੋਤਖੀ ਨੂੰ ਲੈ ਕੇ ਸੰਗਤ ਤੇ ਪ੍ਰਬੰਧਕਾਂ ਵਿਚਾਲੇ ਮਸਲਾ ਹੱਲ



**ਕਰਾਚੀ/ਬਿਊਰੋ ਨਿਊਜ਼ :**

ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਗੋਤਖੀ ਨੂੰ ਲੈ ਕੇ ਸੰਗਤ ਤੇ ਪ੍ਰਬੰਧਕਾਂ ਵਿਚਾਲੇ ਚੱਲ ਰਿਹਾ ਮਸਲਾ ਹੱਲ ਹੋ ਗਿਆ। ਇਸ ਗੁਰੂਘਰ ਵਿੱਚ ਲੰਬੇ ਸਮੇਂ ਤੋਂ ਆਪੋ-ਧਾਪੀ ਚੱਲ ਰਹੀ ਸੀ। ਸੰਗਤਾਂ ਦਾ ਤਾਲਮੇਲ ਪ੍ਰਬੰਧਕਾਂ ਨੂੰ ਨਹੀਂ ਮਿਲ ਰਿਹਾ ਸੀ ਜਿਸ ਕਾਰਨ ਗੁਰੂਘਰ ਵਿੱਚ ਸੰਗਤ ਦੀ ਕਮੀ ਅਤੇ ਸਮਾਗਮਾਂ ਦੇ ਪ੍ਰਬੰਧ ਵਿੱਚ ਦਿਨੋਂ ਦਿਨ ਨਿਘਾਰ ਆ ਰਿਹਾ ਸੀ। ਇਸ 'ਤੇ ਪਾਕਿਸਤਾਨ ਸਿੱਖ ਕੌਂਸਲ ਦੇ ਚੇਅਰਮੈਨ ਰਮੇਸ਼ ਸਿੰਘ ਖਾਲਸਾ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਸ਼ਮੂਲੀਅਤ ਨਾਲ ਇਸ ਮਸਲੇ ਨੂੰ ਸੰਗਤਾਂ ਅਤੇ ਪ੍ਰਬੰਧਕਾਂ ਦੀ ਸਾਂਝੀ ਮਿਲਣੀ ਕਰਵਾ ਕੇ ਹੱਲ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਹੁਣ 13 ਮੈਂਬਰੀ ਕਮੇਟੀ ਸਾਰੇ ਪ੍ਰਬੰਧਾਂ ਦੀ ਦੇਖ ਰੇਖ ਕਰੇਗੀ ਜਿਸ ਨੂੰ ਸੰਗਤਾਂ ਨੇ ਪ੍ਰਵਾਨ ਕਰ ਲਿਆ ਹੈ। ਹੁਣ ਪ੍ਰਬੰਧਕਾਂ ਨੇ ਗੁਰਪੁਰਬ ਸਬੰਧੀ ਅਖੰਡ ਪਾਠ ਰੱਖ ਦਿੱਤਾ ਹੈ। ਇੱਥੇ ਹੁਣ ਲੜੀਵਾਰ ਸਮਾਗਮ 15 ਜੂਨ ਤੱਕ ਚੱਲਣਗੇ। ਇਸ ਵਿੱਚ ਸੰਗਤਾਂ ਭਰਵੀਂ ਹਾਜ਼ਰੀ ਭਰਨਗੀਆਂ। ਇਸ ਮਸਲੇ ਨੂੰ ਹੱਲ ਕਰਵਾਉਣ ਵਿੱਚ ਭਾਈ ਜਾਨਮ ਸਿੰਘ, ਰਾਜਵੀਰ ਸਾਬਕਾ ਹੈੱਡ ਗ੍ਰੰਥੀ ਜਨਮ ਅਸਥਾਨ ਨਨਕਾਣਾ ਸਾਹਿਬ, ਪਾਕਿਸਤਾਨ ਸਿੱਖ ਕੌਂਸਲ ਦੇ ਉਪ ਪ੍ਰਧਾਨ ਭਾਈ ਅਰਸ਼ਜੀਤ ਸਿੰਘ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਦਾ ਵੀ ਭਰਪੂਰ ਯੋਗਦਾਨ ਰਿਹਾ। ਉਨ੍ਹਾਂ ਕਾਨਫਰੰਸ ਕਾਲ ਰਾਹੀਂ ਸਾਰੀ ਕਾਰਵਾਈ ਵਿੱਚ ਹਾਜ਼ਰ ਭਰੀ। ਸੰਗਤਾਂ ਅਤੇ ਪ੍ਰਬੰਧਕਾਂ ਵਲੋਂ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ ਗਿਆ।

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਮੈਡੀਕਲ ਅਤੇ ਇਮੀਗ੍ਰੇਸ਼ਨ ਸੈਮੀਨਾਰ 21 ਮਈ ਅਤੇ 28 ਮਈ ਨੂੰ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ 21 ਮਈ ਐਤਵਾਰ ਅਤੇ 28 ਮਈ ਐਤਵਾਰ ਨੂੰ ਕ੍ਰਮਵਾਰ 11:30 ਵਜੇ ਸਵੇਰ ਤੋਂ ਲੈ ਕੇ 2:30 ਵਜੇ ਦੁਪਹਿਰ ਤੱਕ ਮੀਨੂ ਜੇਠੀ ਅਤੇ ਪ੍ਰੇਮ ਜਲੋਟਾ ਵੱਲੋਂ ਸੰਗਤਾਂ ਨੂੰ ਮੈਡੀਕਲ ਅਤੇ ਇਮੀਗ੍ਰੇਸ਼ਨ ਪ੍ਰਤੀ ਜਾਣਕਾਰੀ ਦਿੱਤੀ ਜਾਵੇਗੀ। ਇਹ ਸੈਮੀਨਾਰ ਨੂੰ ਯੂਨਾਈਟਿਡ ਸੀਨੀਅਰ ਸਿਟੀਜਨ ਐਸੋਸੀਏਸ਼ਨ ਪੈਲਾਟਾਈਨ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਹ ਸੈਮੀਨਾਰ ਬਜ਼ੁਰਗਾਂ ਵਾਲੇ ਕਮਰੇ ਵਿਚ ਕੀਤਾ ਜਾਵੇਗਾ। ਇਸ ਸੈਮੀਨਾਰ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣੀ ਹੋਵੇ ਤਾਂ ਆਪ ਪਰਮਜੀਤ ਸਿੰਘ ਪੰਦੇਰ ਨਾਲ 847-687-5722 ਅਤੇ ਅਮਰਜੀਤ ਸਿੰਘ ਜੌਹਰ ਦੇ ਨਾਲ 847-207-3752 'ਤੇ ਸੰਪਰਕ ਕਰ ਸਕਦੇ ਹੋ।

# ‘ਛੋਟਾ ਘੱਲੂਘਾਰਾ’

**ਪ੍ਰਮਿੰਦਰ ਸਿੰਘ ‘ਪ੍ਰਵਾਨਾ’**

‘ਛੋਟਾ ਘੱਲੂਘਾਰਾ’ ਸਿੱਖਾਂ ਅਤੇ ਮੁਗ਼ਲਾਂ ਦਰਮਿਆਨ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ਵਿਚ ਵਾਪਰਿਆ ਜੋ ਖ਼ੂਨੀ ਦੁਖਾਂਤ ਹੈ। ਇਤਿਹਾਸ ਵਿਚ ਇਹ ਦੁਖਾਂਤ ਛੋਟੇ ਘੱਲੂਘਾਰੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਦੂਸਰੇ ਘੱਲੂਘਾਰੇ ਸਮੇਂ ਵੱਡਾ ਕਤਲੇਆਮ ਹੋਇਆ ਸੀ। ਇਸ ਲਈ ਉਸ ਨੂੰ ਵੱਖਰਾ ਦਰਸਾਉਣ ਲਈ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਕਾਹਨੂੰਵਾਨ ਛੰਭ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ ਉੱਤੇ 8 ਕਿੱਲੋਮੀਟਰ ਦੂਰ ਫ਼ੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿੱਲੋਮੀਟਰ ਦੂਰ ਸਥਿਤ ਹੈ। ਛੋਟੇ ਘੱਲੂਘਾਰੇ ਦੇ ਇਤਿਹਾਸ ਵਿਚ ਜੋ ਜੁਲਾਈ 1745 ਈਸਵੀ ਵਿਚ ਜਕਰੀਆ ਖ਼ਾਨ ਦੀ ਮੌਤ ਪਿੱਛੋਂ ਉਸ ਦਾ ਲੜਕਾ ਯਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ। ਉਸ ਨੇ ਲਖਪਤ ਰਾਏ ਨੂੰ ਆਪਣਾ ਗਵਰਨਰ ਨਿਯੁਕਤ ਕੀਤਾ। ਮਈ 1946 ਦੇ ਸ਼ੁਰੂ ਵਿਚ ਐਮਨਾਬਾਦ ਸੈਦਪੁਰ ਪੱਛਮੀ ਪੰਜਾਬ ਪਾਕਿਸਤਾਨ ਨੇੜੇ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਲਈ ਸਿੱਖ ਜਥੇ ਦੇ ਆਉਣ ਦੀ ਖ਼ਬਰ ਜਦ ਲਖਪਤ ਰਾਏ ਨੂੰ ਮਿਲੀ, ਉਸ ਨੇ ਸਿੰਘਾਂ ਨੂੰ ਦਰਸ਼ਨ ਤੋਂ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਹੇਠ ਫ਼ੌਜ ਲਾਹੌਰ ਭੇਜੀ। ਜਥੇ ਨੂੰ ਐਮਨਾਬਾਦ ਤੋਂ 25 ਕਿੱਲੋਮੀਟਰ ਦੂਰ ਪਿੰਡ ਗੁਸਾਈਆਂ ਨੇੜੇ ਰੋਕਿਆ ਗਿਆ। ਸਿੰਘ ਪਹਿਲਾਂ ਤੋਂ ਹੀ ਭੁਖਣ ਭਾਣੇ ਸਨ, ਸਿਰਫ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਅਤੇ ਆਰਾਮ ਲਈ ਰਾਤ ਕੱਟਣੀ ਚਾਹੁੰਦੇ ਸਨ। ਪਰ ਜਸਪਤ ਰਾਏ ਨੇ ਇਕ ਨਾ ਸੁਣੀ। ਇਸ ਝੜਪ ਵਿਚ ਨਿਭਾਗੂ ਸਿੰਘ ਯੋਧੇ ਨੇ ਹਾਥੀ ’ਤੇ ਬੈਠੇ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਲਖਪਤ ਰਾਏ ਨੂੰ ਜਦੋਂ ਆਪਣੇ ਭਰਾ ਦੇ ਮਾਰੇ ਜਾਣ ਦੀ ਖ਼ਬਰ ਮਿਲੀ, ਉਸ ਨੇ ਕ੍ਰੋਧ ਵਿਚ ਆ ਕੇ ਫ਼ੌਜਦਾਰ ਯਹੀਆ ਖ਼ਾਨ ਦੀ ਹਾਜ਼ਰੀ ਵਿਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਉਹ ਸਿੱਖੀ ਦਾ ਨਾਮੋ ਨਿਸ਼ਾਨ ਮਿਟਾ ਦੇਵੇਗਾ। ਉਸ ਨੇ ਲਾਹੌਰ ਦੇ ਗਵਰਨਰ ਯਹੀਆ ਖ਼ਾਨ ਤੋਂ ਫ਼ੌਜ ਮੰਗੀ। ਅਗਲੇ ਹੀ ਦਿਨ ਲਾਹੌਰ ਵਿਚ ਮੱਸਿਆ ਦੇ ਦਿਨ ਉਸ ਨੇ ਬਾਜ਼ਾਰ ਵਿਚ ਜਾਂਦੇ ਹਰ ਸਿੱਖ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ।

ਜਦੋਂ ਇਸ ਦਰਦਨਾਕ ਘਟਨਾ ਦੀ ਦੁਖਦਾਈ ਖ਼ਬਰ ਸਿੱਖ ਜਰਨੈਲ ਨਵਾਬ ਕਪੂਰ ਸਿੰਘ ਨੂੰ ਮਿਲੀ ਤਾਂ ਸਾਰੇ ਸਿੱਖ ਜਰਨੈਲਾਂ ਨੂੰ ਸੁਨੇਹੇ ਭੇਜੇ ਕਿ ਫ਼ੌਜਾਂ ਲੈ ਕੇ ਕਾਹਨੂੰਵਾਨ ਪਹੁੰਚਣ। ਜਰਨੈਲ ਜਦ ਇਕੱਠੇ ਹੋ ਕੇ ਪੁੱਜੇ ਤਾਂ ਫ਼ੌਜ ਦੀ ਗਿਣਤੀ 2500 ਦਸੀ ਜਾਂਦੀ ਹੈ। ਦੂਜੇ ਪਾਸੇ ਦੀਵਾਨ ਲਖਪਤ ਰਾਏ ਨੇ ਲੱਖਾਂ ਦੀ ਫ਼ੌਜ ਲੈ ਕੇ ਸਿੱਖਾਂ ਦਾ ਪਿੱਛਾ ਕਰਦਿਆਂ ਘੇਰਾ



ਪਾ ਲਿਆ। ਕਾਹਨੂੰਵਾਨ, ਹਰਗੋਬਿੰਦਪੁਰ, ਗੁਰਦਾਸਪੁਰ ਤੇ ਬਿਆਸ ਦਰਿਆ ਨਾਲ ਜੁੜੇ ਇਸ ਵਿਸ਼ਾਲ ਛੰਭ ਵਿਚ ਸ਼ਾਹੀ ਫ਼ੌਜ ਨੇ ਚੌਕੀਆਂ ਬਣਾ ਲਈਆਂ ਅਤੇ ਤੋਪਾਂ ਵੀ ਬੀੜ ਦਿੱਤੀਆਂ। ਛੰਭ ਨੇੜਲੇ ਲੋਕਾਂ ਨੂੰ ਸਿੱਖਾਂ ਦੀ ਜਾਣਕਾਰੀ ਦਿੰਦੇ ਰਹਿਣ ਲਈ ਕਿਹਾ ਅਤੇ ਪਹਾੜੀ ਰਾਜਿਆਂ ਨਾਲ ਸੰਪਰਕ ਬਣਾ ਕੇ ਸਿੱਖਾਂ ਨੂੰ ਮੁਕਾਉਣਾ ਸ਼ੁਰੂ ਕਰ ਦਿੱਤਾ। ਇਹ ਛੰਭ ਦਾ ਸੰਘਣਾ ਜੰਗਲ ਪਹਿਲਾਂ ਹੀ ਮੁਸੀਬਤ ਸਮੇਂ ਸਿੰਘਾਂ ਦੀ ਪਨਾਹਗਾਰ ਸੀ। ਸਿੰਘ ਜੰਗਲ ਵਿਚ ਰਹਿਣ ਕਰਕੇ ਫ਼ੌਜੀ ਸਿਖਲਾਈ ਦੇ ਦਾਅ ਪੇਚ ਸਭ ਜਾਣਦੇ ਸਨ। ਸਿੰਘ ਰਾਤ ਨੂੰ ਜੰਗਲ ਤੋਂ ਬਾਹਰ ਨਿਕਲਦੇ ਲਖਪਤ ਰਾਏ ਦੀਆਂ ਫ਼ੌਜਾਂ ਦਾ ਕਤਲੇਆਮ ਕਰਕੇ ਰਾਸ਼ਨ ਅਤੇ ਹਥਿਆਰ ਲੁੱਟ ਕੇ ਟਿਕਾਣਿਆਂ ’ਤੇ ਚਲੇ ਜਾਂਦੇ। ਇਸ ਕੰਡਿਆਲੀਆਂ ਝਾੜੀਆਂ ਦੇ ਜੰਗਲ ਵਿਚ ਸਿੰਘ ਭੁਖਣ ਭਾਣੇ ਗੁਰੀਲਾ ਢੰਗ ਨਾਲ ਯੁੱਧ ਦੀ ਰਣਨੀਤੀ ਵਰਤਦੇ ਰਹੇ। ਲਖਪਤ ਰਾਏ ਆਪਣੀ ਹਾਰ ਨੂੰ ਵੇਖ ਕੇ ਘਟੀਆਪਣ ’ਤੇ ਉਤਰ ਆਇਆ। ਉਸ ਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਮੰਗਵਾ ਕੇ ਜੰਗਲ ਦੇ ਰੁੱਖ ਕਟਵਾ ਕੇ ਚੁਫੇਰਿਓਂ ਅੱਗ ਲਗਵਾ ਦਿੱਤੀ। 5000 ਦੀ ਫ਼ੌਜ ਦੇ ਸਿੰਘਾਂ ਨੂੰ ਮੁਸੀਬਤ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਫਿਰ ਵੀ ਉਨ੍ਹਾਂ ਨੇ ਮੁਗ਼ਲ ਸੈਨਾ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ। ਇਕ ਤਾਂ ਅਤਿ ਦੀ ਗਰਮੀ, ਦੂਸਰਾ ਜੰਗਲ ਦੀ ਭਿਆਨਕ ਅੱਗ, ਤੀਜਾ ਉੱਚਾ ਸਿੱਧਾ ਪਹਾੜ ਤੇ ਵਿਰੋਧੀ ਪਹਾੜੀ ਰਾਜੇ, ਚੌਥਾ ਚੜ੍ਹਦੇ ਪਾਸੇ ਸ਼ੂਕਦਾ ਬਿਆਸ ਦਰਿਆ। ਛੰਭ ਛੱਡ ਕੇ ਜਾਣ ਦਾ ਕੋਈ ਰਸਤਾ ਬਾਕੀ ਨਾ ਰਿਹਾ। ਲਖਪਤ ਰਾਏ ਦੀਆਂ ਫ਼ੌਜਾਂ ਤੇਜ਼ੀ ਨਾਲ ਮਾਰੋ ਮਾਰ ਕਰਦੀਆਂ ਵਧ ਰਹੀਆਂ ਸਨ। ਇਸ ਵਿਸ਼ਾਲ ਘੇਰੇ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸੁੱਖਾ ਸਿੰਘ ਮਾੜੀ ਕੰਬੋਕੀ ਤੇ ਗੁਰਦਿਆਲ ਸਿੰਘ ਡੱਲੇਵਾਲ ਸਿੰਘਾਂ ਦੀ ਅਗਵਾਈ ਕਰ ਰਹੇ ਸਨ।

ਕੁੱਝ ਸਿੰਘਾਂ ਨੇ ਬਿਖੜਾ ਪੈਂਡਾ ਤੈਅ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੇ ਬਸੋਲੀ ਵੱਲ ਮੂੰਹ ਕੀਤਾ। ਅੱਗੋਂ ਪਹਾੜੀ ਰਾਜਿਆਂ ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਸਿੰਘ ਫਿਰ ਵੀ ਚੜ੍ਹਦੀ ਕਲਾ ਵਿਚ ਜੈਕਾਰੇ ਲਾਉਂਦਿਆਂ ਦੁਸ਼ਮਣ ਖ਼ਿਲਾਫ਼ ਟੁੱਟ ਕੇ ਜੂਝ ਪਏ। ਇਹ ਘਮਸਾਣ ਦੀ ਗਹਿਗੱਚ ਲੜਾਈ ਵਿਚ 7000 ਸਿੰਘ ਸ਼ਹੀਦੀ ਪਾ ਗਏ। ਲਖਪਤ ਦੇ ਨਾਮੀ ਜਰਨੈਲ ਇਸ ਯੁੱਧ ਵਿਚ ਮਾਰੇ ਗਏ। 3000 ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਾਖਾਸ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ। ਕੁੱਝ ਸਿੰਘ ਮਾਲਵੇ ਵੱਲ ਤੇ ਕੁੱਝ ਪਹਾੜਾਂ ਵੱਲ ਨਿਕਲ ਗਏ। ਕਈ ਸਿੰਘ ਜੰਗਲ ਦੀ ਅੱਗ ਤੇ ਦਰਿਆ ਦੀ ਮਾਰ ਹੇਠ ਸ਼ਹੀਦੀਆਂ ਪਾ ਗਏ ਸਨ। ਪਹਿਲਾਂ ਇਸ ਯੁੱਧ ਨੂੰ ਸਿਰਫ਼ ਘੱਲੂਘਾਰਾ ਹੀ ਕਿਹਾ ਜਾਂਦਾ ਸੀ। ਮੁਗ਼ਲਾਂ ਦੇ ਦੋ ਦਹਾਕੇ ਤੱਕ ਚੱਲਦੇ ਜ਼ੁਲਮ ਦੌਰਾਨ 1762 ਈਸਵੀ ਵਿਚ ਕੁਪ ਰੋਹੀੜਾ ਦੇ ਅਸਥਾਨ ’ਤੇ ਹੋਏ ਸਿੱਖਾਂ ਦੇ ਭਾਰੀ ਕਤਲੇਆਮ ਤੋਂ ਬਾਅਦ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਘੱਲੂਘਾਰੇ ਦਾ ਮਤਲਬ ਹੈ ਸਭ ਕੁਝ ਬਰਾਬਰ ਹੋ ਜਾਣਾ। ਘੱਲੂਘਾਰੇ ਦਾ ਸਬੰਧ ਅਫਗਾਨੀ ਬੋਲੀ ਨਾਲ ਹੈ।

# ਪਿੰਡ ਰੰਘੜਿਆਲ ਦੇ ਖੇਤਾਂ ਵਿੱਚ ਉੱਗੀ ਖ਼ੁਦਕੁਸ਼ੀਆਂ ਦੀ ਫਸਲ

**ਚੰਡੀਗੜ੍ਹ/ ਹਮੀਰ ਸਿੰਘ :** ਦਸਵੀਂ ਤੱਕ ਪੜ੍ਹੇ 45 ਸਾਲਾ ਬੇਅੰਤ ਸਿੰਘ ਨੂੰ ਕਿਸਾਨਾਂ ਦੀ ਇਕਜੁੱਟਤਾ ਨਾਲ ਸਮੱਸਿਆਵਾਂ ਨੂੰ ਠੱਲ੍ਹ ਦੇਣ ਦੀ ਆਸ ਸੀ ਪਰ ਭਾਰਤੀ ਕਿਸਾਨ ਯੂਨੀਅਨ ਦੇ ਧਰਨਿਆਂ ਵਿੱਚ ਜਾ ਕੇ ਵੀ ਉਸ ਦੀ ਨਾਉਮੀਦੀ ਉਮੀਦ ਵਿੱਚ ਨਾ ਬਦਲ ਸਕੀ। ਆਖਰ 4 ਮਈ 2017 ਨੂੰ ਖ਼ੁਦਕੁਸ਼ੀਆਂ ਵਾਲਿਆਂ ਦੀ ਕਤਾਰ ਵਿੱਚ ਸ਼ਾਮਲ ਹੋ ਕੇ ਉਹ ਤਾਂ ਪਿੱਛਾ ਛੁਡਵਾ ਗਿਆ ਪਰ ਪਿੱਛੇ ਪਤਨੀ ਕਰਮਜੀਤ ਕੌਰ, ਬੁੱਢੀ ਮਾਂ ਛੋਟੀ ਕੌਰ ਅਤੇ ਦੋ ਬੱਚਿਆਂ ਉੱਤੇ ਦੁੱਖਾਂ ਦਾ ਪਹਾੜ ਛੱਡ ਗਿਆ। ਮਾਨਸਾ ਜ਼ਿਲ੍ਹੇ ਦੇ ਕਰੀਬ ਸਾਢੇ ਕੁ ਤਿੰਨ ਹਜ਼ਾਰ ਦੀ ਆਬਾਦੀ ਵਾਲੇ ਪਿੰਡ ਰੰਘੜਿਆਲ ਵਿੱਚ ਜਿਵੇਂ ਖ਼ੁਦਕੁਸ਼ੀਆਂ ਦੀ ਖੇਤੀ ਹੋ ਰਹੀ ਹੋਵੇ। 12 ਮਈ ਨੂੰ ਬੇਅੰਤ ਸਿੰਘ ਦੇ ਭੋਗ ਉੱਤੇ ਇਕੱਠੇ ਹੋਏ ਲੋਕਾਂ ਨੇ ਕਿਹਾ ਕਿ ਦੋ ਦਿਨ ਤੋਂ ਭੋਗ ਉੱਤੇ ਹੀ ਆ ਰਹੇ ਹਨ। ਇਕ ਦਿਨ ਪਹਿਲਾਂ ਮਿੱਠੂ ਸਿੰਘ ਦਾ ਭੋਗ ਸੀ।



ਮ੍ਰਿਤਕ ਬੇਅੰਤ ਸਿੰਘ ਦੀ ਮਾਤਾ ਛੋਟੀ ਕੌਰ, ਬੇਟੀ ਮਨਦੀਪ ਕੌਰ ਅਤੇ ਪਤਨੀ ਕਰਮਜੀਤ ਕੌਰ।

ਬੇਅੰਤ ਸਿੰਘ ਸਾਢੇ ਤਿੰਨ ਏਕੜ ਜ਼ਮੀਨ ਦਾ ਮਾਲਕ ਸੀ। ਉਹ ਆਪਣੇ ਬੱਚਿਆਂ ਨੂੰ ਅੱਗੇ ਪੜ੍ਹਾਉਣਾ ਵੀ ਲੋਚਦਾ ਸੀ ਪਰ ਬੇਟੀ ਮਨਦੀਪ ਬਾਰ੍ਹਵੀਂ ਕਰ ਕੇ ਅੱਗੋਂ ਕਾਲਜ ਵਿੱਚ ਦਾਖ਼ਲੇ ਦੇ ਸਮਰੱਥ ਨਹੀਂ ਹੋ ਸਕੀ। ਕਰਮਜੀਤ ਕੌਰ ਦੀਆਂ ਅੱਖਾਂ ਵਿੱਚ ਹੰਝੂ ਹੀ ਮਨਦੀਪ ਦੇ ਪੜ੍ਹਾਈ ਛੱਡ ਦੇਣ ਦੇ ਕਾਰਨ ਬਿਆਨਣ ਲਈ ਕਾਫ਼ੀ ਸਨ ਪਰ ਉਸ ਦੇ ਲਫ਼ਜ਼ਾਂ ਦਾ ਦਰਦ ਤਾਂ ਰੂਹ ਨੂੰ ਧੁਰ ਅੰਦਰ ਤੱਕ ਹਿਲਾ ਦੇਣ ਵਾਲਾ ਸੀ। ਉਸ ਨੇ ਕਿਹਾ, “ਫੀਸਾਂ ਜ਼ਿਆਦਾ ਨੇ, ਕੀ ਕਰੀਏ ਲਾ ਹੀ ਨਹੀਂ ਸਕੇ।” ਪਿੰਡ ਦੀ ਸਰਪੰਚ ਗੁਰਵਿੰਦਰ ਕੌਰ ਦੇ ਪਤੀ ਨਾਇਬ ਸਿੰਘ ਮੁਤਾਬਕ ਬੇਅੰਤ ਸਿੰਘ ਸਿਰ ਤਿੰਨ ਲੱਖ ਰੁਪਏ ਦੇ ਕਰੀਬ ਕਰਜ਼ਾ ਸੀ। ਧਰਤੀ ਹੇਠਲਾ ਪਾਣੀ ਖ਼ਰਾਬ ਹੈ। ਡੂੰਘੇ ਬੋਰ ਉੱਤੇ ਸਾਢੇ ਤਿੰਨ ਲੱਖ ਰੁਪਏ ਲਾਏ ਤਾਂ ਤਿੰਨ ਲੱਖ ਰੁਪਏ ਵਿੱਚ ਜ਼ਮੀਨ ਗਹਿਣੇ ਰੱਖਣੀ ਪਈ। ਛੇ ਏਕੜ ਵਾਹਣ ਠੇਕੇ ਉੱਤੇ ਲੈ ਕੇ ਆਮਦਨ ਨਾਲ ਕਰਜ਼ਾ ਲਾਹੁਣ ਦੀ ਕੋਸ਼ਿਸ਼ ਉਲਟੀ ਪੈ ਗਈ। ਪਾਣੀ ਮਾੜਾ ਹੋਣ ਕਾਰਨ ਫਸਲ ਦਾ ਝਾੜ ਘਟ ਗਿਆ ਅਤੇ ਕਰਜ਼ਾ ਮੋੜਨ ਦੀ ਉਮੀਦ ਪੂਰੀ ਨਹੀਂ ਹੋਈ। ਜਿਗਰ ਵਿੱਚ ਖ਼ਰਾਬੀ ਹੋਣ ਕਾਰਨ ਦਵਾਈਆਂ ਦਾ ਖਰਚ ਵੀ ਆਰਥਿਕ ਤੌਰ ਉੱਤੇ ਲੱਕ ਤੋੜ ਦੇਣ ਵਾਲਾ ਸੀ। ਬੇਅੰਤ ਸਿੰਘ ਨੇ ਪਰਿਵਾਰ ਤੋਂ ਚੋਰੀ ਇਕ ਏਕੜ ਜ਼ਮੀਨ ਵੀ ਵੇਚ ਦਿੱਤੀ ਪਰ ਫਿਰ ਵੀ ਤਾਣੀ ਸੂਤ ਨਹੀਂ ਆਈ।

ਕਰਮਜੀਤ ਕੌਰ ਨਾਲ ਬੈਠੇ ਪਿੰਡ ਰੰਘੜਿਆਲ ਦੇ ਹੀ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਦੇਵੀ ਰਾਮ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਨ੍ਹਾਂ ਨਾਲ ਬੇਅੰਤ ਸਿੰਘ ਗੱਲਬਾਤ ਕਰ ਲੈਂਦਾ ਸੀ, ਇਨ੍ਹਾਂ ਨੂੰ ਹੀ ਪਤਾ ਹੋਣੈ। ਪਰ ਬੇਅੰਤ ਨੇ ਕਰਜ਼ੇ ਦੀ ਪ੍ਰੇਸ਼ਾਨੀ ਦੀ ਸਾਂਝ ਯੂਨੀਅਨ ਆਗੂ ਨਾਲ ਵੀ ਨਹੀਂ ਪਾਈ ਸੀ। ਪਿਤਾ ਦੀ ਬਿਮਾਰੀ ਕਾਰਨ ਬੇਟਾ ਗੁਰਸੇਵਕ ਵੀ ਬਾਰ੍ਹਵੀਂ ਤੋਂ ਬਾਅਦ ਪਿਤਾ ਨਾਲ ਖੇਤੀ ਵਿੱਚ ਹੱਥ ਵਟਾਉਣ ਲੱਗ ਪਿਆ।

55 ਸਾਲਾ ਮਿੱਠੂ ਸਿੰਘ 3 ਮਈ ਨੂੰ ਸਦਾ ਲਈ ਕੂਚ ਕਰ ਗਿਆ। ਉਸ ਦੀ ਵਿਧਵਾ ਕੁਲਦੀਪ ਕੌਰ ਇਸ ਨੂੰ ਕਿਸਾਨੀ ਖ਼ੁਦਕੁਸ਼ੀ ਦੇ ਖਾਤੇ ਪਾ ਕੇ ਖ਼ੁਦਕੁਸ਼ੀ ਪੀੜਤ ਪਰਿਵਾਰ ਲਈ ਸਕੀਮ ਵਿੱਚੋਂ ਰਾਸ਼ੀ ਲੈਣ ਦੇ ਲਾਲਚ ਵਿੱਚ ਨਹੀਂ ਪਈ। ਕੁਲਦੀਪ ਕੌਰ ਨੇ ਸਾਫਗੋਈ ਨਾਲ ਕਿਹਾ, ਉਸ ਦਾ ਪਤੀ ਨਸ਼ਾ ਕਰਦਾ ਸੀ। ਪਿਛਲੇ ਦਿਨਾਂ ਤੋਂ ਨਸ਼ੇ ਦੀ ਤੰਗੀ ਕਾਰਨ ਜ਼ਹਿਰੀਲੀ ਚੀਜ਼ ਖਾ ਲਈ। ਅੱਧ ਟੁੱਟੇ ਦਰਵਾਜ਼ਿਆਂ ਵਾਲੀ ਦਲਾਨ ਵਿੱਚ ਬੈਠੀ ਕੁਲਦੀਪ ਕੌਰ ਨੇ ਦੱਸਿਆ ਕਿ ਉਹ ਪਤੀ ਦੇ ਹੁੰਦਿਆਂ ਵੀ ਲੋਕਾਂ ਦਾ ਤਾਣੀ-ਤਾਘਾ, ਗੋਹਾ ਲਵਾਉਣ ਵਰਗੇ ਕੰਮ ਕਰ ਕੇ ਗੁਜ਼ਾਰਾ ਚਲਾਉਂਦੀ ਆ ਰਹੀ ਹੈ। ਹੁਣ ਤਾਂ ਪੰਜ ਸੌ ਰੁਪਏ ਪੈਨਸ਼ਨ ਦੇ ਵੀ ਮਿਲ ਗਏ ਅਤੇ ਇਕ ਮਹੀਨਾ ਮਗਨਰੇਗਾ ਵਿੱਚ ਕੰਮ ਵੀ ਮਿਲ ਗਿਆ ਸੀ, ਇਸ ਲਈ ਕੰਮ ਠੀਕ ਚੱਲ ਗਿਆ। ਅਜੇ ਬੱਚਿਆਂ ਦੀ ਪੈਨਸ਼ਨ ਨਹੀਂ ਲੱਗੀ। ਆਪਣੀ ਭੈਣ ਦਾ ਦੁੱਖ ਦਰਦ ਵੰਡਾਉਣ ਹਰਿਆਣੇ ਦੇ ਪਿੰਡ ਸਧਾਣੀ ਤੋਂ ਆਈ ਬਲਜੀਤ ਕੌਰ ਝੱਟ ਹਰਿਆਣਾ ਅਤੇ ਪੰਜਾਬ ਸਰਕਾਰਾਂ ਵਿਚਲਾ ਅੰਤਰ ਦੱਸ ਦਿੰਦੀ ਹੈ। ਉਸ ਨੇ ਕਿਹਾ ਕਿ ਸਾਡੇ ਤਾਂ ਬਜ਼ੁਰਗਾਂ ਅਤੇ ਵਿਧਵਾਵਾਂ ਨੂੰ ਬਿਨਾਂ ਨਾਗਾ 1600 ਰੁਪਏ ਪੈਨਸ਼ਨ ਮਿਲਦੀ ਹੈ।

ਸ.ਫਾ ਇਕ ਦੀ ਬਾਕੀ

## ਖ਼ਾਲਸਾ ਪੰਥ ਲਈ ਨਮੋਸ਼ੀ ਤੇ ਹਾਰ ਦੇ ਪਲ

ਉਥੇ ਆਪਸੀ ਮਤਭੇਦਾਂ ਨਾਲ ਆਪਣੀ ਦਿਖ ਨੂੰ ਖ਼ੁਦ ਹੀ ਧੁੰਦਲਾ ਕੀਤਾ ਜਾ ਰਿਹਾ ਹੈ। ਤਰਕ ਤੇ ਵਿਚਾਰਾਂ ਦੀ ਸਾਂਝ ਪਾਉਣ ਦੀ ਥਾਂ ਸਿੱਖਾਂ ਦਾ ਅਕਸ ਖ਼ਰਾਬ ਕੀਤਾ ਜਾ ਰਿਹਾ ਹੈ।

ਜਰਮਨੀ ਦੇ ਫਰੈਂਕਫਰਟ ਸ਼ਹਿਰ ਦੇ ਗੁਰਦੁਆਰਾ ਸਿੱਖ ਸੈਂਟਰ ਵਿੱਚ ਸਿੱਖਾਂ ਦੇ ਦੋ ਧੜਿਆਂ ਵਿੱਚ ਹੋਈ ਝੜਪ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਦੀ ਜਾਂਚ ਕਰਾਉਣ ਅਤੇ ਦੋਵਾਂ ਧਿਰਾਂ ਨੂੰ ਅਕਾਲ ਤਖ਼ਤ ’ਤੇ ਤਲਬ ਕਰਨ ਦਾ ਫ਼ੈਸਲਾ ਕੀਤਾ ਹੈ। ਜਥੇਦਾਰ ਨੇ ਗੁਰਦੁਆਰੇ ਵਿੱਚ ਸਿੱਖਾਂ ਦੇ ਆਪਸੀ ਟਕਰਾਅ ਦੀ ਘਟਨਾ ਨੂੰ ਨਿੰਦਣਯੋਗ ਅਤੇ ਮੰਦਭਾਗੀ ਦੱਸਿਆ ਹੈ। ਇਸ ਘਟਨਾ ਨੇ ਸਿੱਖੀ ਨੂੰ ਸ਼ਰਮਸਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਵਿੱਚ ਸਿੱਖਾਂ ਅਤੇ ਸਿੱਖੀ ਨੂੰ ਜਿੱਥੇ ਮਾਣ ਸਤਿਕਾਰ ਮਿਲ ਰਿਹਾ ਹੈ, ਉਥੇ ਸਿੱਖ ਭਾਈਚਾਰਾ ਆਪਸ ਵਿੱਚ ਲੜ ਕੇ ਇਕ ਦੂਜੇ ਦੀਆਂ ਦਸਤਾਰਾਂ ਉਤਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਯੂਰਪ ਵਿੱਚ ਜਿੱਥੇ ਸਿੱਖ ਪਹਿਲਾਂ ਹੀ ਦਸਤਾਰ ਦੇ ਮੁੱਦੇ ’ਤੇ ਕਾਨੂੰਨੀ ਲੜਾਈ ਲੜ ਰਹੇ ਹਨ, ਉਥੇ ਦਸਤਾਰ ਦੀ ਬੇਅਦਬੀ ਕਰਨਾ ਅਤਿ ਮੰਦਭਾਗਾ ਹੈ। ਇਸ ਨਾਲ ਕਾਨੂੰਨੀ ਲੜਾਈ ਕਮਜ਼ੋਰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਮਸਲੇ ਦਾ ਮਿਲ ਬੈਠ ਕੇ ਹੱਲ ਹੋ ਸਕਦਾ ਸੀ, ਪਰ ਕੁਝ ਲੋਕਾਂ ਨੇ ਆਪਣੀ ਜ਼ਿੱਦ ਪੁਗਾਉਣ ਲਈ ਸਿੱਖ ਕੌਮ ਨੂੰ ਨੀਵਾਂ ਕੀਤਾ ਹੈ।

ਜਥੇਦਾਰ ਨੇ ਦੱਸਿਆ ਕਿ ਗੁਰਦੁਆਰਾ ਸਿੱਖ ਸੈਂਟਰ ਵਿੱਚ ਭਾਈ ਪੰਥਪ੍ਰੀਤ ਸਿੰਘ ਦੇ ਕਥਾ ਕੀਰਤਨ ਦਾ ਪ੍ਰੋਗਰਾਮ ਸੀ। ਇਸ ਸਬੰਧੀ ਅਕਾਲ ਤਖ਼ਤ ’ਤੇ ਪਹਿਲਾਂ ਹੀ ਕਈ ਇਤਰਾਜ਼ ਪੁੱਜੇ ਸਨ, ਜਿਸ ਬਾਰੇ ਕੀਰਤਨੀਏ ਨੂੰ ਸੱਦਾ ਦੇਣ ਵਾਲੀ ਦੂਜੀ ਧਿਰ ਨੂੰ ਜਾਣੂ ਕਰਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਝਗੜੇ ਦੀ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ ਵੀਡੀਓ ਵਿੱਚ ਦਸਤਾਰਾਂ ਦੀ ਬੇਅਦਬੀ ਅਤੇ ਪੁਲੀਸ ਦੇ ਗੁਰਦੁਆਰੇ ਵਿੱਚ ਬੂਟਾਂ ਸਮੇਤ ਦਾਖ਼ਲ ਹੋਣ ਦਾ ਪਤਾ ਲਗਦਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਦੋਵਾਂ ਧਿਰਾਂ ਨੂੰ ਅਕਾਲ ਤਖ਼ਤ ’ਤੇ ਤਲਬ ਕਰਕੇ ਮਾਮਲੇ ਦੀ ਪੜਤਾਲ ਕਰਾਈ ਜਾਵੇਗੀ।

### ਫਰੈਂਕਫਰਟ ਦੇ ਗੁਰੂ ਘਰ ’ਚ ਦਸਤਾਰਾਂ ਦੀ ਬੇਅਦਬੀ :

ਭਾਈ ਪੰਥਪ੍ਰੀਤ ਸਿੰਘ ਫਰੈਂਕਫਰਟ ਸਥਿਤ ਗੁਰਦੁਆਰਾ ਸਿੱਖ ਸੈਂਟਰ ਵਿੱਚ ਕਥਾ ਕੀਰਤਨ ਲਈ ਪੁੱਜੇ ਤਾਂ ਉਥੇ ਦੋ ਧੜਿਆਂ ਵਿਚਾਲੇ ਟਕਰਾਅ ਹੋ ਗਿਆ। ਨਾਅਰੇਬਾਜ਼ੀ ਦੌਰਾਨ ਦੋਵਾਂ ਧਿਰਾਂ ਨੇ ਅਪਸ਼ਬਦ ਵਰਤੇ ਅਤੇ ਦਸਤਾਰਾਂ ਦੀ ਬੇਅਦਬੀ ਹੋਈ। ਗੁਰਦੁਆਰੇ ਵਿੱਚ ਪਹਿਲਾਂ ਤੋਂ ਮੌਜੂਦ ਪੁਲੀਸ ਨੇ ਭਾਈ ਪੰਥਪ੍ਰੀਤ ਨੂੰ ਘੇਰੇ ਵਿੱਚ ਲਿਆ ਅਤੇ ਗੁਰਦੁਆਰੇ ਲੈ ਗਈ। ਪੁਲੀਸ ਨੇ ਦਖ਼ਲ ਦੇ ਕੇ ਲੜਾਈ ਰੋਕੀ। ਮਗਰੋਂ ਭਾਈ ਪੰਥਪ੍ਰੀਤ ਸਿੰਘ ਨੇ ਪੁਲੀਸ ਦੀ ਸੁਰੱਖਿਆ ਵਿੱਚ ਕਥਾ ਕੀਰਤਨ ਕੀਤਾ। ਇਸ ਦੌਰਾਨ ਕੁਝ ਨੌਜਵਾਨਾਂ ਨੇ ਵਿਘਨ ਪਾਉਣ ਦਾ ਯਤਨ ਕੀਤਾ। ਪੁਲੀਸ ਬੂਟਾਂ ਅਤੇ ਹਥਿਆਰਾਂ ਸਮੇਤ ਦਰਬਾਰ ਹਾਲ ਵਿੱਚ ਦਾਖਲ ਹੋਈ ਤੇ ਵਿਘਨ ਪਾਉਣ ਵਾਲੇ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ।

## ਅਣਕਿਆਸੀ ਹਾਰ ਮਗਰੋਂ ਪੈਰਾਂ-ਸਿਰ ਹੋ ਰਹੀ ‘ਆਪ’

ਜ਼ਿੰਮੇਵਾਰੀ ਚੁੱਕਣ ਦਾ ਅਹਿਦ ਲਿਆ ਹੈ। ਭਗਵੰਤ ਨੇ ਰੁੱਸਿਆਂ ਨੂੰ ਮਨਾਉਣ ਦਾ ਵੀ ਬੀੜਾ ਚੁੱਕਿਆ ਹੈ ਪਰ ਨਾਲ ਹੀ ਗੁਰਪ੍ਰੀਤ ਘੁੱਗੀ ਨੂੰ ਨਾ ਮਨਾਉਣ ਦੇ ਸੰਕੇਤ ਵੀ ਦਿੱਤੇ ਹਨ।

ਦਰਅਸਲ, ਜੋ ਕੰਮ ਆਮ ਆਦਮੀ ਪਾਰਟੀ ਨੂੰ ਚੋਣਾਂ ਵਿਚ ਪੈਣ ਤੋਂ ਪਹਿਲਾਂ ਕਰਨੇ ਚਾਹੀਦੇ ਸਨ, ਉਹ ਹਾਰ ਮਗਰੋਂ ਹੋਸ਼ ਵਿਚ ਆਈ ਹੈ ਤੇ ਜ਼ਮੀਨੀ ਪੱਧਰ ’ਤੇ ਕੰਮ ਕਰਨਾ ਸ਼ੁਰੂ ਕੀਤਾ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਬੇਮਿਸਾਲ ਜਿੱਤ ਨੇ ਇਸ ਦੇ ਪੈਰ ਜ਼ਮੀਨ ਤੋਂ ਚੁੱਕ ਦਿੱਤੇ ਸਨ। ਇਸ ਨੇ ਆਮ ਲੋਕਾਂ ਨਾਲ ਤਾਂ ਕੀ, ਪਾਰਟੀ ਵਾਲੰਟੀਅਰਾਂ ਨਾਲੋਂ ਵੀ ਰਾਬਤਾ ਤੋੜ ਰੱਖਿਆ ਸੀ। ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਦਿੱਲੀ ਵਾਲਿਆਂ ’ਤੇ ਟੇਕ ਰੱਖਣ ਵਾਲੀ ਅਤੇ ‘ਖ਼ਾਸ ਖ਼ਾਸ’ ਲੋਕਾਂ ਦੇ ਘਰਾਂ ਵਿਚ ਚਰਨ ਪਾਉਣ ਵਾਲੀ ਲੀਡਰਸ਼ਿਪ ਨੂੰ ‘ਆਮ ਲੋਕਾਂ ਦੀ ਤਾਕਤ’ ਦਾ ਹੁਣ ਅਹਿਸਾਸ ਹੋ ਰਿਹਾ ਹੈ। ‘ਦੇਰ ਆਏ ਦਰੁਸਤ ਆਏ’ ਵਾਲੀ ਅਖਾਣ ਵਾਂਗ, ਹਾਲੇ ਵੀ ਸਭ ਕੁਝ ਖ਼ਤਮ ਨਹੀਂ ਹੋਇਆ। ਵਿਰੋਧੀ ਧਿਰ ਦੀ ਸਹੀ ਅਰਥਾਂ ਵਿਚ ਜ਼ਿੰਮੇਵਾਰੀ ਨਿਭਾ ਕੇ ‘ਆਪ’ ਆਮ ਲੋਕਾਂ ਵਿਚ ਆਪਣੀ ਮਜ਼ਬੂਤ ਥਾਂ ਬਣਾ ਸਕਦੀ ਹੈ। ਵਿਰੋਧੀ ਧਿਰ ਲਈ ਮਜ਼ਬੂਤੀ ਨਾਲ ਉਭਰਣ ਲਈ ਇਹ 5 ਵਰ੍ਹੇ ਕਾਫੀ ਹਨ। ਇਹਦੇ ਲਈ ਜਿੱਥੇ ਲੀਡਰਸ਼ਿਪ ਦੇ ਏਕੇ ਦੀ ਜ਼ਰੂਰਤ ਹੈ, ਉਥੇ ਆਪਣੀ ਗ਼ਲਤੀਆਂ ਨੂੰ ਸੁਧਾਰਦੇ ਹੋਏ, ਵਿਚਾਰਧਾਰਕ ਸਾਂਝ ਕਾਇਮ ਕਰਦੇ ਹੋਏ, ਇਸ ’ਤੇ ਅਮਲ ਕਰਨ ਦੀ ਬੇਹੱਦ ਲੋੜ ਹੈ।

## ਬੇਅਦਬੀ ਮਾਮਲਿਆਂ ’ਚ ਉਮਰ ਕੈਦ ਦੀ ਸਜ਼ਾ ਖ਼ਤਮ ਕਰਨਾ ਚਾਹੁੰਦੀ ਹੈ ਕੈਪਟਨ ਸਰਕਾਰ

ਇਹ ਕਾਨੂੰਨ ਕੇਵਲ ਇੱਕ ਧਾਰਮਿਕ ਗ੍ਰੰਥ ਦੀ ਬੇਅਦਬੀ ਲਈ ਹੈ। ਉਨ੍ਹਾਂ ਸੁਪਰੀਮ ਕੋਰਟ ਦੇ ਫ਼ੈਸਲਿਆਂ ਦਾ ਹਵਾਲਾ ਦਿੰਦਿਆਂ ਇਸ ਧਾਰਾ 295ਏ-ਏ ਨੂੰ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਹੈ ਅਤੇ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਧਾਰਾ 295 ਹੇਠ ਕਾਨੂੰਨੀ ਤੌਰ ’ਤੇ ਸ਼ਾਮਿਲ ਹਨ ਜਿਸ ਦੀ ਬੇਅਦਬੀ ਲਈ 10 ਸਾਲ ਦੀ ਸਜ਼ਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਵੀ ਉਮਰ ਕੈਦ ਦੀ ਸਜ਼ਾ ਵਾਲੀ ਤਰਮੀਮ ਨੂੰ ਰੱਦ ਕਰਨ ਤੋਂ ਬਾਅਦ ਹੁਣ ਰਾਜ ਸਰਕਾਰ ਨੂੰ ਧਾਰਾ 295 ਵਿਚਲੀ ਤਰਮੀਮ ਜਿਸ ਅਨੁਸਾਰ ਸਜ਼ਾ 10 ਸਾਲ ਕੀਤੀ ਜਾਣੀ ਹੈ ਨੂੰ ਲਾਗੂ ਕਰਨ ਦੀ ਸਿਫ਼ਾਰਸ਼ ਕੀਤੀ ਹੈ ਅਤੇ ਧਾਰਾ 295ਏ-ਏ ਨੂੰ ਰੱਦ ਕਰਨ ਜਾਂ ਸਾਰੇ ਧਾਰਮਿਕ ਗ੍ਰੰਥਾਂ ਨੂੰ ਉਕਤ ਤਰਮੀਮ ਵਿਚ ਸ਼ਾਮਲ ਕਰਨ ਦੀ ਸਲਾਹ ਦਿੱਤੀ ਹੈ। ਵਰਨਣਯੋਗ ਹੈ ਕਿ ਕਾਂਗਰਸ ਵਿਧਾਇਕਾਂ ਵੱਲੋਂ ਵੀ ਉਕਤ ਬਿੱਲ ਨੂੰ ਪਾਸ ਕਰਨ ਮੌਕੇ ਵਿਧਾਨ ਸਭਾ ਵਿਚ ਧਾਰਾ 295ਏ ਏ ਲਈ ਸਾਰੇ ਧਾਰਮਿਕ ਗ੍ਰੰਥਾਂ ਨੂੰ ਸ਼ਾਮਲ ਕਰਨ ਲਈ ਕਿਹਾ ਗਿਆ ਸੀ।

# Classified

## ਲੜਕੀ ਦੀ ਲੋੜ

40 ਸਾਲਾ ਡੈਂਟਿਸਟ ਡਾਕਟਰ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਅਮਰੀਕੀ ਸਿਟੀਜਨ ਨੂੰ ਤਰਜੀਹ ਦਿੱਤੀ ਜਾਵੇਗੀ।
ਸੰਪਰਕ ਕਰੋ 909-815-2797

ਸਿੱਖ ਰਾਮਗੜ੍ਹੀਆ ਲੜਕਾ, 30/5'9", ਭਾਰਤ ਤੋਂ ਇਲੈਕਟ੍ਰੋਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਚ ਬੀ.ਟੈਕ। ਕੈਨੇਡਾ ਵਿਚ ਕਾਨੂੰਨੀ ਤਾਲਾਕ। (ਸਿਰਫ਼ 5 ਦਿਨ ਇਕੱਠੇ ਰਹੇ)। ਮੌਜੂਦਾ ਸਮੇਂ ਵਰਕ ਪਰਮਿਟ 'ਤੇ। ਸਿਰਫ਼ ਕੈਨੇਡਾ ਤੇ ਅਮਰੀਕਾ ਦੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ।
ਸੰਪਰਕ : ਅਮਰੀਕਾ : 714-232-2482
ਵਟਸਐਪ : 97791-30287, saggu.gagan@gmail.com

ਰਾਮਗੜ੍ਹੀਆ ਸੋਹਣਾ ਸਿੱਖ ਪਰ ਕਲੀਨਸ਼ੇਵ ਲੜਕਾ ਕੱਦ 6 ਫੁੱਟ ਉਮਰ 30 ਸਾਲ ਜਹਾਜ ਪਾਇਲਟ ਦੀ ਨੌਕਰੀ ਇੰਡੀਆ ਤੋਂ ਬਾਹਰ ਕਿਸੇ ਦੇਸ਼ ਵਿਚ ਕਰਦਾ ਹੈ, ਪਰਿਵਾਰ ਅਮਰੀਕਾ ਵਿਚ ਹੈ, ਉਸ ਲਈ ਅਮਰੀਕਨ ਸਿਟੀਜਨ ਸੋਹਣੀ ਲੜਕੀ ਦੀ ਲੋੜ ਹੈ, ਵਿਆਹ ਛੇਤੀ।
ਸੰਪਰਕ ਕਰੋ: 916-507-9527

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5'10" ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ 'ਚ ਵਕਾਲਤ ਕਰਦਾ ਹੈ। ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ।
ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ 'ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ। ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ 'ਚ ਮਲੋਟ ਨੇੜੇ ਵੀ ਜ਼ਮੀਨ ਹੈ। ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।
**ਹੋਰ ਜਾਣਕਾਰੀ ਲਈ ਫੋਨ: 09045898878**
**E-mail: navi_singh001@yahoo.com**

## Bride WANTED

Suitable match for 40 years old Dentist Doctor Boy. American citizenship holder will be preferred. Please call (909) 815-2797

Seeking a Matrimonial match in Canada & USA only, for a Sikh Ramgharia boy, 30/5'9" having B-Tech in Electronics & Communication Engineering from India. Legally divorced in Canada (together for 5 days only). Currently on work permit. Contact:
USA: 714-232-2482, WhatsApp: 9779130287,
Email : saggu.gagan@gmail.com

Jat Sikh Bhular boy 28 years old Height: 5' 10" Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.
**For More information :**
**Call Mobile No. 09045898878**
**E-mail: navi_singh001@yahoo.com**

## BRIDE GROOM WANTED

Ramgarhia Sikh parents from Los Angles seeks matrimonial for their son 25years, height 5' 10" born and brought up in Los Angeles , working as Assistant Manager in Marketing. Sikh Families welcome.
Please contact ginamudhar@yahoo.com Or phone 818-943-0264

## BOY WANTED

Seeking matrimonial for Jat Sikh girl, 35 years, 5'6". Well educated, working in a semi-conductor MNC in Malaysia. Comes from a well-respected family, settled in Malaysia. Sister settled in the US. Cast no bar. Boy should be well settled, preferably from Canada/US. Contact mendhir2017@gmail.com,
Phone : 949-689-0841, 949-864-9735

## ਲੜਕੀ ਦੀ ਲੋੜ

ਲਾਸ ਏਂਜਲਸ ਤੋਂ ਰਾਮਗੜ੍ਹੀਆ ਸਿੱਖ ਪਰਿਵਾਰ ਨੂੰ ਆਪਣੇ ਲਾਸ ਏਂਜਲਸ ਵਿਚ ਜਨਮੇ-ਪਲੇ 25 ਸਾਲਾ ਲੜਕੇ, 5' 10" ਲਈ ਕੰਨਿਆ ਦੀ ਲੋੜ ਹੈ। ਲੜਕਾ ਮਾਰਕੀਟਿੰਗ ਵਿਚ ਅਸਿਸਟੈਂਟ ਮੈਨੇਜਰ। ਸਿੱਖ ਪਰਿਵਾਰਾਂ ਦਾ ਸਵਾਗਤ। ginamudhar@yahoo.com ਜਾਂ ਫ਼ੋਨ ਨੰਬਰ 818-943-0264 'ਤੇ ਸੰਪਰਕ ਕਰੋ।

## ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰ (ਵੇਟਰ ਅਤੇ ਹੈਲਪਰ) ਦੀ ਲੋੜ ਹੈ।
ਸੰਪਰਕ ਕਰੋ: ਗੁਰਪ੍ਰੀਤ ਸਿੰਘ ਸੋਹਲ
ਫੋਨ : 707-498-9325
Email : tandooribiteseureka@gmail.com


**Office for Lease in Union City, CA**



**Nice clean office**
1200 to 1500 Sq feet in the business area of Union City.
Best for Trucking company if extra warehouse needed.
Call at:
**510-875-3279**


## ਸ਼੍ਰੋਮਣੀ ਕਮੇਟੀ ਵਫ਼ਦ ਨੇ ਸਿਕਲੀਗਰ ਸਿੱਖਾਂ ਦੀਆਂ ਮੁਸ਼ਕਲਾਂ ਸੁਣੀਆਂ

ਜ਼ਿੰਦਗੀ ਜਿਊਣਾ ਚਾਹੁੰਦੇ ਹਨ, ਉਨ੍ਹਾਂ ਦਾ ਬਿਲਕੁਲ ਚਿੱਤ ਨਹੀਂ ਕਰਦਾ ਕਿ ਉਹ ਗ਼ੈਰ-ਕਾਨੂੰਨੀ ਕੰਮ ਕਰਨ, ਪਰ ਕਈ ਵਾਰ ਹਾਲਾਤ ਤੋਂ ਉਹ ਮਜਬੂਰ ਹੋ ਜਾਂਦੇ ਹਨ ਤੇ ਇਹੋ ਜਿਹੇ ਕੰਮ ਕਰਨ 'ਤੇ ਮਜਬੂਰ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪੰਥ ਦੀਆਂ ਸੰਸਥਾਵਾਂ ਰੁਜ਼ਗਾਰ ਦੇਣ ਤਾਂ ਉਹ ਜੀ ਜਾਨ ਲਗਾ ਕੇ ਮਿਹਨਤ, ਮਜ਼ਦੂਰੀ ਕਰਨਗੇ। ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਇਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸ਼੍ਰੋਮਣੀ ਕਮੇਟੀ ਸਿਕਲੀਗਰਾਂ ਦੇ ਵਿਕਾਸ ਲਈ ਸੰਜੀਦਾ ਹੈ। ਸਾਡੀ ਰਿਪੋਰਟ ਦੇਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਛੇਤੀ ਹੀ ਕੋਈ ਯੋਜਨਾ ਅਮਲ ਵਿਚ ਲਿਆਉਣਗੇ। ਵਫ਼ਦ ਵਿਚ ਕਾਰਜਕਾਰਨੀ ਦੇ ਮੈਂਬਰ ਰਾਮ ਸਿੰਘ, ਕਰਨੈਲ ਸਿੰਘ ਪੰਜੋਲੀ, ਮਹਿੰਦਰ ਸਿੰਘ ਮੀਤ ਸਕੱਤਰ ਸ਼੍ਰੋਮਣੀ ਕਮੇਟੀ, ਗੁਰਦੀਪ ਸਿੰਘ ਭਾਟੀਆ ਪ੍ਰਧਾਨ ਮੱਧ ਪ੍ਰਦੇਸ਼ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸ਼ਾਮਲ ਸਨ। ਇਸ ਤੋਂ ਇਲਾਵਾ ਬਲਵੰਤ ਸਿੰਘ ਰਾਮੂਵਾਲੀਆ, ਪ੍ਰਚਾਰਕ ਭਾਈ ਚਤਰ ਸਿੰਘ, ਜੋਗਿੰਦਰ ਸਿੰਘ ਸ਼ਮੀ ਤੇ ਨਰਿੰਦਰ ਸਿੰਘ ਨਾਰੰਗ ਵੀ ਨਾਲ ਮੌਜੂਦ ਸਨ।

## ਫੂਲਕਾ ਨੇ 16 ਵਿਧਾਇਕਾਂ ਸਮੇਤ ਰਾਜਪਾਲ ਨਾਲ ਕੀਤੀ ਮੁਲਾਕਾਤ, ਖਹਿਰਾ ਰਹੇ ਗ਼ੈਰਹਾਜ਼ਰ

ਗ਼ੈਰਹਾਜ਼ਰ ਰਹੇ ਸੁਖਪਾਲ ਖਹਿਰਾ ਇਸ ਤੋਂ ਪਹਿਲਾਂ ਫੂਲਕਾ ਵੱਲੋਂ ਵਿਧਾਇਕਾਂ ਸਮੇਤ ਸ਼ੁਰੂ ਕੀਤੀ ਪੰਜਾਬ ਯਾਤਰਾ ਤੋਂ ਵੀ ਦੂਰ ਰਹਿ ਰਹੇ ਹਨ ਅਤੇ ਆਪਣੇ ਪੱਧਰ 'ਤੇ ਹੀ ਸਰਗਰਮ ਹਨ। ਭੁਲੱਥ ਤੋਂ ਵਿਧਾਇਕ ਖਹਿਰਾ ਵੱਲੋਂ ਗੁਰਪ੍ਰੀਤ ਵੜੈਚ ਨੂੰ ਹਟਾ ਕੇ ਭਗਵੰਤ ਮਾਨ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾਉਣ ਦੇ ਰੋਸ ਵਜੋਂ ਪਹਿਲਾਂ ਹੀ ਚੀਫ ਵ੍ਹਿਪ ਅਤੇ ਬੁਲਾਰੇ ਦੇ ਅਹੁਦਿਆਂ ਤੋਂ ਅਸਤੀਫਾ ਦਿੱਤਾ ਜਾ ਚੁੱਕਾ ਹੈ। ਵਿਧਾਇਕ ਕੰਵਰ ਸੰਧੂ ਵੀ ਵਿਦੇਸ਼ ਗਏ ਹੋਣ ਕਰ ਕੇ ਵਫ਼ਦ ਵਿਚੋਂ ਗ਼ੈਰਹਾਜ਼ਰ ਰਹੇ। ਸ੍ਰੀ ਫੂਲਕਾ ਨੇ ਦੱਸਿਆ ਕਿ 20ਵੇਂ ਵਿਧਾਇਕ ਜਗਤਾਰ ਸਿੰਘ ਹਿੱਸੋਵਾਲ ਘਰੇਲੂ ਰੁਝੇਵਿਆਂ ਕਾਰਨ ਵਫਦ ਵਿੱਚ ਸ਼ਾਮਲ ਨਹੀਂ ਹੋ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਦਾ ਵਿਧਾਇਕ ਦਲ ਚੱਟਾਨ ਵਾਂਗ ਇਕਜੁੱਟ ਹੈ।
ਸ੍ਰੀ ਫੂਲਕਾ ਨੇ ਰਾਜਪਾਲ ਨੂੰ ਮੈਮੋਰੰਡਮ ਦੇਣ ਉਪਰੰਤ ਦੱਸਿਆ ਕਿ ਪ੍ਰਾਈਵੇਟ ਸਕੂਲ ਦਾਖਲਾ, ਮੁੜ ਦਾਖਲਾ, ਕਿਤਾਬਾਂ ਅਤੇ ਵਰਦੀਆਂ ਦੇ ਨਾਮ ਉਤੇ ਵਿਦਿਆਰਥੀਆਂ ਕੋਲੋਂ ਭਾਰੀ ਫੀਸਾਂ ਲਈਆਂ ਜਾ ਰਹੀਆਂ ਹਨ ਅਤੇ ਇਹ ਸਭ ਕੁਝ ਹਾਈ ਕੋਰਟ ਤੇ ਪੰਜਾਬ ਸਰਕਾਰ ਦੁਆਰਾ ਨਿਰਧਾਰਿਤ ਮਾਪਦੰਡਾਂ ਨੂੰ ਅੱਖੋਂ ਪਰੋਖੇ ਕਰਕੇ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਇਸ ਸਮੇਂ ਮੰਦੇ ਆਰਥਿਕ ਦੌਰ ਵਿਚੋਂ ਗੁਜ਼ਰ ਰਹੇ ਹਨ, ਜਿਸ ਕਾਰਨ ਹਰ ਰੋਜ਼ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਸਰਕਾਰ ਬਣਨ ਤੋਂ ਬਾਅਦ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਕਹੀ ਸੀ, ਪਰ ਅਜੇ ਤੱਕ ਇਸ ਸਬੰਧੀ ਕੋਈ ਕਦਮ ਨਹੀਂ ਚੁੱਕਿਆ। ਸ੍ਰੀ ਫੂਲਕਾ ਨੇ ਕਿਹਾ ਕਿ ਪੰਜਾਬ ਦੀ ਵਿਗੜਦੀ ਕਾਨੂੰਨ ਵਿਵਸਥਾ ਦਾ ਮੁੱਖ ਕਾਰਨ ਕਾਂਗਰਸੀ ਆਗੂਆਂ ਵੱਲੋਂ ਨਜਾਇਜ਼ ਧੰਦੇ ਅਤੇ ਗੁੰਡਾ ਟੈਕਸ ਨੂੰ ਹਥਿਆ ਕੇ ਕਾਨੂੰਨ ਵਿਰੋਧੀ ਕਾਰਜ ਕਰਨਾ ਹੈ।

## ਮੌਜੂਦਾ ਸਮੇਂ ਪੰਜਾਬ 'ਚ 'ਆਪ' ਨੇ ਕੋਈ ਵੀ ਚੋਣ ਲੜੀ ਤਾਂ ਬੁਰੀ ਤਰ੍ਹਾਂ ਹਾਰੇਗੀ : ਖਹਿਰਾ

ਪਾਰਟੀ ਛੱਡੇ ਜਾਣ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਘੁੱਗੀ ਦੇ 'ਆਪ' ਵਿਚੋਂ ਬਾਹਰ ਜਾਣ ਨਾਲ ਪਾਰਟੀ ਕਮਜ਼ੋਰ ਹੋਈ ਹੈ। ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਹੋਈ ਮੁਲਾਕਾਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਵਿਚ ਆਈ ਗਿਰਾਵਟ ਅਤੇ ਉਸ ਨੂੰ ਸੁਧਾਰਨ ਦੀਆਂ ਗੱਲਾਂ ਖੁੱਲ੍ਹ ਕੇ ਕੀਤੀਆਂ ਗਈਆਂ ਸਨ। ਉਨ੍ਹਾਂ ਨੇ ਭਾਜਪਾ ਵਿਚ ਜਾਣ ਦੀਆਂ ਅਫ਼ਵਾਹਾਂ ਦਾ ਖੰਡਨ ਕਰਦਿਆਂ ਕਿਹਾ ਕਿ ਭਾਜਪਾ ਨਾਲ ਉਨ੍ਹਾਂ ਦੀ ਵਿਚਾਰਧਾਰਾ ਕਦੇ ਮੇਲ ਨਹੀਂ ਖਾ ਸਕਦੀ। ਉਨ੍ਹਾਂ ਨੂੰ ਕਾਂਗਰਸ ਦੇ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਵੀ ਮਨਾਉਣ ਲਈ ਆਏ ਸਨ, ਜਿਨ੍ਹਾਂ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਕੈਬਨਿਟ ਮੰਤਰੀ ਦੇ ਅਹੁਦੇ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਉਨ੍ਹਾਂ ਦਾ ਇਹੋ ਜਵਾਬ ਸੀ ਕਿ ਉਹ 'ਆਪ' ਵਿੱਚ ਜਿੱਤਣ ਭਾਵੇਂ ਹਾਰਨ, ਪਰ ਪਾਰਟੀ ਦਾ ਸਾਥ ਨਹੀਂ ਛੱਡਣਗੇ।


**ਪਰਦੇਸੀ ਇੰਮੀਗਰੇਸ਼ਨ ਐਂਡ ਵੀਜ਼ਾ ਸਰਵਿਸਿਜ਼**

ਪਰਦੇਸੀ ਇੰਮੀਗਰੇਸ਼ਨ ਐਂਡ ਵੀਜ਼ਾ ਸਰਵਿਸਿਜ਼ ਸਟਾਕਟਨ, ਸੈਕਰਾਮੈਂਟੋ, ਬੇ ਏਰੀਆ ਤੇ ਹੋਰਨਾਂ ਸਾਰੀਆਂ ਸਟੇਟਾਂ ਵਿਚ ਇੰਮੀਗਰੇਸ਼ਨ ਤੇ ਵੀਜ਼ਾ ਸਬੰਧੀ ਸੇਵਾਵਾਂ ਦਿੰਦੇ ਹਨ। ਜੇਕਰ ਤੁਸੀਂ ਇੰਮੀਗਰੇਸ਼ਨ ਜਾਂ ਵੀਜ਼ੇ ਨਾਲ ਸਬੰਧਤ ਕੋਈ ਵੀ ਜਾਣਕਾਰੀ ਲੈਣੀ ਹੈ ਤਾਂ ਤੁਸੀਂ ਅਮਨ ਨਾਲ ਹੇਠ ਲਿਖੇ ਨੰਬਰ
**510-938-7195**
'ਤੇ ਸੰਪਰਕ ਕਰ ਸਕਦੇ ਹੋ

**Pardesi Immigration and Visa Services Stockton, Sacramento, Bay Area and all other states Call Aman at 510-938-7195**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.
Khalsa Insurance Agency is among TOP 50 agencies of Blue Cross in USA.

2014 ACE INDIVIDUAL
CHAMPION LEVEL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care

408-272-2500

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

SAVE $2500
ON DIESEL PER TRUCK WITH
ONE CALL!



11¢
DISCOUNT
PER GALLON

TRANS-ALLIANCE KHALSA FUEL CARD
1243 6756 7698 3421
TRANS EXPRESS

✓ No more Pre-Paid Cards
✓ Get Rid of Bank Wires ✓ Low Transaction Fee

TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com



Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available

ratebeat
MORTGAGE
RateBeat LLC (NMLS ID: 1267188)
(877) 877-7575

Gas Stations - Hotels/Motels
Multi-Family-Retail
Warehouse- Self-Storage
Auto Service

ਅੱਜ ਹੀ ਕਾਲ ਕਰੋ
Nirmal Singh Mann
(NMLS 357314)

EQUAL HOUSING LENDER

(877) 877-7575, www.ratebeat.com




25 year Power Warranty

## Empowering the Sun from all Directions™

SUNPREME CONFIDENTIAL



ਅਮਰੀਕਾ 'ਚ ਬਿਜਲੀ ਦੇ ਬਿਲਾਂ ਨੂੰ

## Solar Café with Bifacial Solar Panels.

SUNPREME CONFIDENTIAL

# ਅਲਵਿਦਾ ਕਹੋ

We are representing SunPREME Solar Panel

ਆਪਣੇ ਘਰਾਂ ਅਤੇ ਕਾਰੋਬਾਰ ਉਪਰ ਸੋਲਰ ਸਿਸਟਮ ਲਗਾਉਣ ਲਈ ਅਤੇ ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ। ਕੇਅਰ ਕੀਮਤ ਤੇ ਕੁਆਲਟੀ ਦੀ ਪੱਕੀ ਗਰੰਟੀ

- Go Solar with Sunpreme's Premium Quality Solar Panels, 25 Year Power Warranty and Most Competitive Prices.
- Residential, Commercial and Solar Farms with Sunpreme High Performance Bifacial Smart Panels.
- Customer Satisfaction Guaranteed.

Please Call

**ਸਤਨਾਮ ਸਿੰਘ ਖਾਲਸਾ 510-706-1300**

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

**1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143**

# ਮਹਾਨ ਗੁਰਮਤਿ ਸਮਾਗਮ

## 19 ਮਈ, 2017 ਤੋਂ 21 ਮਈ, 2017


ਭਾਈ ਬਲਦੇਵ ਸਿੰਘ ਜੀ ਵਡਾਲਾ


ਭਾਈ ਨਿਰਮਲ ਸਿੰਘ ਜੀ ਖ਼ਾਲਸਾ


ਭਾਈ ਬਲਜੀਤ ਸਿੰਘ ਜੀ ਕੈਨੇਡਾ


ਭਾਈ ਸੁੱਖਾ ਸਿੰਘ ਜੀ ਯੂ.ਕੇ.


ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ

### ਤਰੀਕ ਅਤੇ ਸਮਾਂ

19 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

20 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤੱਕ ਭਾਈ ਬਲਦੇਵ ਸਿੰਘ ਵਡਾਲਾ ਆਸਾ ਦੀ ਵਾਰ

20 ਮਈ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤਕ ਕੀਰਤਨ, ਕਥਾ, ਕਵਿਸ਼ਰ ਦਰਬਾਰ

21 ਮਈ ਸਵੇਰੇ 6:00 ਵਜੇ ਤੋਂ 9:00 ਵਜੇ ਤਕ ਭਾਈ ਨਿਰਮਲ ਸਿੰਘ ਆਸਾ ਦੀ ਵਾਰ

21 ਮਈ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤਕ ਕੀਰਤਨ, ਕਥਾ, ਕਵੀਸ਼ਰੀ ਦਰਬਾਰ

*ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ*
*ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਸਮੂਹ ਸਾਧ-ਸੰਗਤ ਨੂੰ ਇਨ੍ਹਾਂ ਸਮਾਗਮਾਂ*
*ਵਿਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।*

**ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :**
**ਭਾਈ ਜਸਦੀਪ ਸਿੰਘ 317-560-0019, ਭਾਈ ਸਤਨਾਮ ਸਿੰਘ 317-403-8344,**
**ਭਾਈ ਗੁਰਪ੍ਰੀਤ ਸਿੰਘ 317-476-4038**

---

# GURDWARA SHRI GURU HARGOBIND SAHIB JI

**1050 S. GRAHAM RD. GREENWOOD, IN 46143**


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com